# ਮੁਖਬੰਦ

**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**

**(ਅੰਗ ੭੪੯)**

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉੱਪਰਲੀ ਤੁੱਕ ਭਗਤ ਪੂਰਨ ਸਿੰਘ ਜੀ ’ਤੇ ਐਨ ਢੁਕਦੀ ਹੈ । ਜੀਵ ਦਾ ਪੰਜ ਭੂਤਕ ਸਰੀਰ ਨਾਸ਼ਵਾਨ ਹੁੰਦਾ ਹੈ; ਪਰ ਉਹਦੇ ਵਿਚਾਰ, ਉਹਦੀ ਆਤਮਾ ਅਮਰ ਹੈ । ਜੀਵਨ-ਕਾਲ ਵਿੱਚ ਭਗਤ ਜੀ ਪਰਉਪਕਾਰ ਦੇ ਕੰਮਾਂ ਦੇ ਨਾਲ-ਨਾਲ ਜੀਅ ਦਾਨ ਦਾ ਕੰਮ ਵੀ ਕਰਦੇ ਰਹੇ, ਗੁਰਬਾਣੀ ਤੋਂ ਸੇਧਾਂ ਲਈਆਂ ਅਤੇ ਉਸ ਦੇ ਅਨੁਸਾਰ ਆਪਣਾ ਜੀਵਨ ਬਿਤਾਇਆ । ਪਿੰਗਲਵਾੜਾ ਸੰਸਥਾ ਕਬੀਰ ਜੀ ਦੇ ਕਹਿਣ ਵਾਂਙੂੰ—

**ਕਬੀਰ ਜਿਹ ਦਰਿ ਆਵਤ ਜਾਤਿਆਹੁ ਹਟਕੈ ਨਾਹੀ ਕੋਇ ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥**

**(ਅੰਗ ੧੩੬੭)**

ਇਕ ਐਸਾ ਆਲ੍ਹਣਾ ਬਣਾਇਆ ਜਿਸ ਵਿੱਚ ਬਿਨਾਂ ਕਿਸੇ ਨਸਲ, ਰੰਗ, ਜ਼ਾਤ-ਪਾਤ ਦੇ ਵਿਤਕਰੇ ਤੋਂ ਯਤੀਮਾਂ, ਅਪਾਹਿਜਾਂ, ਲਾਵਾਰਸ ਪਾਗਲ ਮਰਦਾਂ, ਔਰਤਾਂ ਅਤੇ ਬੱਚੇ ਦਾਖ਼ਲ ਕੀਤੇ ਜਾਂਦੇ ਹਨ, ਉਹਨਾਂ ਦੀ ਸੰਭਾਲ ਤੇ ਦਵਾ-ਦਾਰੂ ਹੁੰਦਾ ਹੈ । ਲਾਵਾਰਸ ਬਜ਼ੁਰਗਾਂ ਦੀ ਦੇਖ-ਭਾਲ ਵਿੱਚ ਕਸਰ ਬਾਕੀ ਨਹੀਂ ਰਹਿੰਦੀ ।

ਇਸ ਆਲ੍ਹਣੇ ਨੂੰ ਬਣਾਉਣ ਖ਼ਾਤਰ ਭਗਤ ਪੂਰਨ ਸਿੰਘ ਜੀ ਨੂੰ ਪ੍ਰੇਰਣਾ ਗੁਰਦੁਆਰਾ ਡੇਹਰਾ ਸਾਹਿਬ ਦੀ ਸੇਵਾ ਕਰਦਿਆਂ ਮਿਲੀ । ਪਿਆਰਾ ਸਿੰਘ ਜੋ ਇਕ ਲੂਲ੍ਹਾ ਬਾਲਕ ਸੀ, ਉਹ ਲਾਵਾਰਸੀ ਦੀ ਹਾਲਤ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਤੋਂ ਮਿਲਿਆ । ਭਗਤ ਜੀ ਤੇ ਪਿਆਰੇ ਦੀ ਸੰਭਾਲ ਦੇ ਨਾਲ ਗੁਰਦੁਆਰਾ ਸਾਹਿਬ ਵਿੱਚ ਭਾਂਡੇ ਮਾਂਜਣ ਦੀ, ਸਾਈਕਲਾਂ ਦੀ ਰਾਖੀ, ਜੋੜਿਆਂ ਦੀ ਰਾਖੀ ਤੇ ਮੁਸਾਫ਼ਿਰਾਂ ਨੂੰ ਬਿਸਤਰੇ ਮੰਜੇ ਆਦਿ ਦੀ ਸੇਵਾ ਨਿਭਾਉਣ ਪਿੱਛੋਂ ਜਦੋਂ ਵੀ ਸਮਾਂ ਮਿਲਦਾ ਲਾਇਬ੍ਰੇਰੀ ਵਿੱਚ ਦੁਨੀਆਂ ਦੀਆਂ ਆਉਣ ਵਾਲੀਆਂ ਸਮੱਸਿਆਵਾਂ ਤੋਂ ਜਾਣੂ ਹੁੰਦੇ ਤੇ ਉਹਨਾਂ ਦਾ ਹੱਲ ਲੱਭਣ ਵਿੱਚ ਲੀਨ ਰਹਿੰਦੇ ।

ਭਗਤ ਪੂਰਨ ਸਿੰਘ ਜੀ ਨੇ **J.M. Sime** ਦੀ ਅੰਗਰੇਜ਼ੀ ਪੁਸਤਕ **‘Man and his duties’** ਵਿੱਚੋਂ ਇਕ ਅਧਿਆਏ **‘Love of Country’** ਪੜ੍ਹਿਆ ਜਿਸ ਵਿੱਚ ਦੇਸ਼ ਨੂੰ ਪਿਆਰ ਕਰਨ ਵਾਲਿਆਂ ਦੇ ਦੇਸ਼ ਪ੍ਰਤੀ ਦੋ ਵੱਡੇ ਕਰਤੱਵ ਪੜ੍ਹੇ:

੧. ਦੇਸ਼-ਭਗਤ ਬੜੇ ਉਤਸ਼ਾਹ ਨਾਲ ਆਪਣੇ ਦੇਸ਼-ਵਾਸੀਆਂ ਦੀ ਵਾਕਫ਼ੀਅਤ ਵਧਾਉਣ ।

੨. ਦੇਸ਼-ਭਗਤ ਦੇਸ਼-ਵਾਸੀਆਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗੇਰਾ ਬਣਾਉਣ ਲਈ ਆਪਣਾ ਪੂਰਾ ਤਾਣ ਲਾਉਣ ।



ਸੋ ਭਗਤ ਜੀ ਨੇ ਇਕ ਸੱਚੇ ਦੇਸ਼-ਭਗਤ ਵਾਂਙ ਸਾਰੀ ਉਮਰ ਖੋਜ ਭਰਪੂਰ ਪੜ੍ਹਾਈ ਕੀਤੀ ਅਤੇ ਆਪ ਨੇ ਦੇਸ਼-ਵਾਸੀਆਂ ਦੀ ਵਾਕਫ਼ੀਅਤ ਵਧਾਉਣ ਲਈ ਅਤੇ ਸਦਾਚਾਰਕ ਆਦਤਾਂ ਨੂੰ ਚੰਗੇਰਾ ਬਣਾਉਣ ਲਈ ਜੁੱਗੋ-ਜੁੱਗ ਅਟੱਲ ਗੁਰਦਵਾਰਿਆਂ ਦੀ ਓਟ ਲਈ । ੧੨ ਘੰਟੇ ਪ੍ਰਤੀ-ਦਿਨ ਸ੍ਰੀ ਦਰਬਾਰ ਸਾਹਿਬ ਦੇ ਬੂਹੇ ਅੱਗੇ ਬੈਠ ਕੇ ਸਿੱਖਿਆਦਾਇਕ ਇਸ਼ਤਿਹਾਰ ਵੰਡੇ ।

ਭਗਤ ਜੀ ਦੇ ਵਿਚਾਰ ਅਨੁਸਾਰ ਮੰਦਰ, ਗੁਰਦੁਆਰੇ, ਮਸਜਿਦਾਂ, ਗਿਰਜੇ ਸਭ ਦੀ ਸੇਵਾ ਵਿੱਚ ਖੋਲ੍ਹ ਦੇਣੇ ਚਾਹੀਦੇ ਹਨ, ਆਪਣੇ ਸਾਰੇ ਵਸੀਲੇ ਉਹਨਾਂ ਦੀ ਸਹਾਇਤਾ ਵਿੱਚ ਲਾ ਦੇਣੇ ਚਾਹੀਦੇ ਹਨ । ਜੋ ਇਸ ਤਰ੍ਹਾਂ ਨਹੀਂ ਕਰਦੇ ਉਹ ਰੱਬ ਤੋਂ ਦੂਰ ਰਹਿੰਦੇ ਹਨ, ਭਾਵੇਂ ਉਹ ਕਿੰਨੀਆਂ ਵੀ ਟਾਹਰਾਂ ਆਪਣੇ ਧਰਮ ਦੀ ਵਿਸ਼ੇਸ਼ਤਾ ਬਾਰੇ ਮਾਰਦੇ ਫਿਰਨ ।

ਭਗਤ ਜੀ ’ਤੇ ਰੱਬ ਦੀ ਅਪਾਰ ਕ੍ਰਿਪਾ ਸੀ—ਦੁਨਿਆਵੀ ਸੁੱਖ, ਅਰਾਮ, ਵਡਿਆਈਆਂ ਭਗਤ ਜੀ ਨੂੰ ਲੁਭਾਇਮਾਨ ਨਾ ਕਰ ਸਕੀਆਂ । ਜਿਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਗ ਬਿਲਾਵਲ ਉਚਾਰਿਆ ਹੈ—

**ਪਵਨ ਝੁਲਾਰੇ ਮਾਇਆ ਦੇਇ ॥**
**ਹਰਿ ਕੇ ਭਗਤ ਸਦਾ ਥਿਰੁ ਸੇਇ ॥ (ਅੰਗ ੮੦੧)**

ਸੰਗਤਾਂ ਦਾ ਭਗਤ ਜੀ ਲਈ ਅਥਾਹ ਪਿਆਰ ਹੀ ਭਗਤ ਜੀ ਦਾ ਅਮੋਲ ਖ਼ਜ਼ਾਨਾ ਸੀ । ਪਿੰਗਲਵਾੜੇ ਦਾ *ਇਕ ਕਰੋੜ ਰੁਪਏ ਦਾ ਸਲਾਨਾ ਖ਼ਰਚ ਧਰਮੀ ਬੰਦਿਆਂ ਦੇ ਸਿਰ ’ਤੇ ਹੋ ਰਿਹਾ ਸੀ ਅਤੇ ਹੋ ਰਿਹਾ ਹੈ । ਵਾਹਿਗੁਰੂ ਆਪ ਉਹਨਾਂ ਦੇ ਵਿੱਚ ਵੱਸ ਕੇ ਇਹ ਕੰਮ ਕਰਾ ਰਿਹਾ ਹੈ । ਸ੍ਰ. ਗੁਰਦਿੱਤ ਸਿੰਘ ‘ਆਜਿਜ਼’ (ਜੋ ਕਿ ਸਰਕਾਰ ਦੇ ਮਹਿਕਮਾ ਖ਼ੁਫ਼ੀਆ ਪੁਲਿਸ ਦੇ ਥਾਣੇਦਾਰ ਰਹੇ ਸਨ) ਨੇ ਭਗਤ ਜੀ ਨੂੰ ਨਿਰਮਾਣਤਾ ਸਹਿਤ ਲਾਹੌਰ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਤੇ ਫਿਰ ਅੰਮ੍ਰਿਤਸਰ ਵਿਖੇ ਸੇਵਾ ਕਰਦੇ ਵੇਖਿਆ ਤਾਂ ਆਪਣੀ ਸ਼ਰਧਾ ਦਾ ਪ੍ਰਗਟਾਵਾ ‘ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ’ ਦੇ ਸਿਰਲੇਖ ਹੇਠ ਕਵਿਤਾ ਲਿਖ ਕੇ ਕੀਤਾ । ਭਗਤ ਜੀ ਦੀ ਜੀਵਨੀ ਦੇ ਕੁਝ ਅੰਸ਼ ਉਹਨਾਂ ਦੀ ਆਪਣੀ ਲਿਖਤ ਦੇ ਰੂਪ ਵਿੱਚ ਛਪਾ ਕੇ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਕਰ ਰਹੀ ਹਾਂ ਤਾਂ ਕਿ ਅਣਗਿਣਤ ਨੌਜਵਾਨ ਇਸ ਕਿਤਾਬਚੇ ਤੋਂ ਪ੍ਰੇਰਣਾ ਲੈ ਕੇ ਪ੍ਰਬਲ ਸੱਧਰਾਂ ਨਾਲ ਸੇਵਾ ਦੇ ਕੰਮ ਵਿੱਚ ਜੁੱਟ ਜਾਣ ।

**ਡਾ. ਇੰਦਰਜੀਤ ਕੌਰ, ਪ੍ਰਧਾਨ,**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ।**

---

*ਸਾਲ **2018** ਵਿੱਚ ਪਿੰਗਲਵਾੜੇ ਦਾ ਸਲਾਨਾ ਬਜਟ ਲਗਭਗ **24** ਕਰੋੜ ਰੁਪਏ ਹੈ ।

# ਦੇਸ਼-ਵਾਸੀਆਂ ਨੂੰ ਜਾਗਰਿਤੀ ਕੌਣ ਦੇਵੇ?

ਸ੍ਰੀ ਅਸ਼ੋਕ ਮਹਿਤਾ ਭਾਰਤ ਦੇ ਉੱਚ-ਕੋਟੀ ਦੇ ਵਿਦਵਾਨਾਂ ਵਿੱਚੋਂ ਇਕ ਸਨ । ਸੰਨ ੧੯੬੦ ਦੇ ਕਰੀਬ ਉਹ ਭਾਰਤ ਸਰਕਾਰ ਦੇ ਵਜ਼ੀਰ ਵੀ ਰਹੇ ਸਨ । ਉਦੋਂ ਉਹਨਾਂ ਨੇ ਇਹ ਆਖਿਆ ਸੀ ਕਿ ਭਾਰਤ ਵਿੱਚ ਅਨਪੜ੍ਹਤਾ ਬਹੁਤ ਹੈ, ਸ਼ਾਇਦ ੭੦ ਪ੍ਰਤੀਸ਼ਤ ਦੇ ਕਰੀਬ ਹੈ । ਇਸ ਲਈ, ਜੇ ਦੇਸ਼ ਨੂੰ ਬਚਾਉਣਾ ਹੈ ਤਾਂ ਹਾਈ ਸਕੂਲਾਂ ਦੇ ਅਧਿਆਪਕਾਂ ਤਕ ਦੇਸ਼ ਦੀ ਉਸਾਰੀ ਦਾ ਸਾਹਿਤ ਪਹੁੰਚਾ ਦਿੱਤਾ ਜਾਣਾ ਚਾਹੀਦਾ ਹੈ ।

ਭਾਰਤ ਵਿੱਚ ਜਿਹੜੇ ਅਖ਼ਬਾਰ ਛਪਦੇ ਹਨ ਉਨ੍ਹਾਂ ਵਿੱਚੋਂ ਸੌ ਵਿੱਚੋਂ ਇਕਵੰਜਾ ਦੇ ਹਿਸਾਬ ਨਾਲ ਮਦਰਾਸ, ਬੰਬਈ, ਦਿੱਲੀ, ਕਲਕੱਤਾ ਆਦਿ ਸ਼ਹਿਰਾਂ ਵਿੱਚ ਹੀ ਲੱਗ ਜਾਂਦੇ ਹਨ । ਭਾਰਤ ਦੇ ਪਿੰਡਾਂ ਦੀ ਆਬਾਦੀ ਸੌ ਵਿੱਚੋਂ ਅੱਸੀ ਦੇ ਹਿਸਾਬ ਨਾਲ ਹੈ, ਪਰ ਪਿੰਡਾਂ ਦੀ ਅੱਸੀ ਹਿੱਸੇ ਆਬਾਦੀ ਵਿੱਚ ਜਿਹੜੇ ਅਖ਼ਬਾਰ ਪੁੱਜਦੇ ਹਨ ਉਹ ਸੌ ਵਿੱਚੋਂ ਦੋ ਦੇ ਹਿਸਾਬ ਨਾਲ ਪੁੱਜਦੇ ਹਨ । ਸੋ, ਦੇਸ਼-ਵਾਸੀਆਂ ਨੂੰ ਜਾਗ੍ਰਿਤੀ ਕੌਣ ਦੇਵੇ? ਮੈਂ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਖੰਨਾ ਦੇ ਏ.ਐਸ. ਹਾਈ. ਸਕੂਲ ਵਿੱਚ ਅੱਠਵੀਂ ਜਮਾਤ ਦਾ ਵਿਦਿਆਰਥੀ ਸਾਂ । ਜਦੋਂ ਬਾਣ-ਪ੍ਰਸਤੀ ਡਾਕਟਰ ਹਰਨਾਮ ਦਾਸ ਜੀ ਕਮਾਲੀਆ ਵਾਲੇ ਆਏ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਿਹਤ ਦੇ ਨਿਯਮਾਂ ਉੱਤੇ ਵਿਖਿਆਨ ਦਿੱਤਾ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਹੀ ਵਿਦਿਆਰਥੀਆਂ ਲਈ ਅਰਪਣ ਕੀਤਾ ਹੋਇਆ ਸੀ । ਉਨ੍ਹਾਂ ਦੇ ਤਪੱਸਵੀ ਜੀਵਨ ਦਾ ਮੇਰੇ ਹਿਰਦੇ ’ਤੇ ਐਨਾ ਪ੍ਰਭਾਵ ਪਿਆ ਕਿ ਮੈਂ ਵੀ ਪੱਕਾ ਇਰਾਦਾ ਕਰ ਲਿਆ ਕਿ ਮੈਂ ਪੜ੍ਹਾਈ ਤੋਂ ਪਿੱਛੋਂ ਆਪਣਾ ਸਾਰਾ ਜੀਵਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਡਾਕਟਰ ਸਾਹਿਬ ਵਾਂਙ ਵਿਖਿਆਨ ਦੇਂਦਿਆਂ ਹੀ ਗੁਜ਼ਾਰਾਂਗਾ । ਕੁਦਰਤ ਦੇ ਰੰਗ ਕਿ ਸੰਨ ੧੯੨੩ ਵਿੱਚ ਦਸਵੀਂ ਜਮਾਤ ਵਿੱਚੋਂ ਫੇਲ੍ਹ ਹੋਣ ਤੋਂ ਪਿੱਛੋਂ ਜਦੋਂ ਮੈਨੂੰ ਭਾਂਡੇ ਮਾਂਜਣ ਦੀ ਨੌਕਰੀ ਕਰ ਰਹੀ ਆਪਣੀ ਮਾਤਾ ਜੀ ਦੇ ਪਾਸ ਲਾਹੌਰ ਜਾ ਕੇ ਰਹਿਣਾ ਪੈ ਗਿਆ ਤਾਂ ਮੇਰਾ ਦਿਨ-ਰਾਤ ਦਾ ਸੰਬੰਧ ਗੁਰਦੁਆਰਾ ਡੇਹਰਾ ਸਾਹਿਬ ਨਾਲ ਹੋ ਗਿਆ । ਉੱਥੇ ਸੰਨ ੧੯੨੭ ਵਿੱਚ ਮਹਾਤਮਾ ਗਾਂਧੀ ਦੇ ਅੰਗਰੇਜ਼ੀ ਦੇ ਸਪਤਾਹਿਕ-ਪੱਤਰ ‘ਯੰਗ ਇੰਡੀਆ’ **(Young India)** ਦੇ ਲੇਖਾਂ ਤੋਂ ਮੈਨੂੰ ਪਤਾ ਲੱਗਾ ਕਿ ਸਮੇਂ ਦੀ ਵਿਦੇਸ਼ੀ ਸਰਕਾਰ ਨੇ ਦੇਸ਼ ਦੇ ਪਿੰਡਾਂ ਦੀ ੮੦ ਪ੍ਰਤੀਸ਼ਤ ਆਬਾਦੀ ਦੀ ਆਰਥਿਕਤਾ ਨੂੰ ਨਸ਼ਟ ਕਰ ਦਿੱਤਾ ਹੋਇਆ



ਹੈ ਅਤੇ ਇਹ ਮੁੜ ਕੇ ਆਪਣੇ ਪੈਰਾਂ ’ਤੇ ਉਸੇ ਸੂਰਤ ਵਿੱਚ ਤਾਂ ਹੀ ਖੜ੍ਹੀ ਹੋ ਸਕਦੀ ਹੈ ਜੇ ਦੇਸ਼-ਵਾਸੀਆਂ ਵਿੱਚ ਘਰੇਲੂ ਦਸਤਕਾਰੀ ਦੇ ਖ਼ਾਸ ਤੌਰ ’ਤੇ ਹੱਥ ਦੇ ਕੱਤੇ ਹੋਏ ਤੇ ਹੱਥ ਦੇ ਬੁਣੇ ਹੋਏ ਖੱਦਰ ਦੇ ਕੱਪੜੇ ਪਾਉਣ ਦਾ ਪ੍ਰਚਾਰ ਕੀਤਾ ਜਾਵੇ । ਸੁਤੰਤਰਤਾ ਦੀ ਪ੍ਰਾਪਤੀ ਲਈ ਸਮੇਂ ਦੀ ਵਿਦੇਸ਼ੀ ਸਰਕਾਰ ਨਾਲ ਦੇਸ਼-ਵਾਸੀਆਂ ਦੀ ਸ਼ਾਂਤਮਈ ਜੰਗ ਦੀ ਅਗਵਾਈ ਕਰਦਿਆਂ ਹੋਇਆਂ ਗਾਂਧੀ ਜੀ ਨੇ ਦੇਸ਼-ਵਾਸੀਆਂ ਅੱਗੇ ਦੇਸ਼ ਦੀ ਉਸਾਰੀ ਲਈ ਇਕ ਰਚਨਾਤਮਿਕ ਪ੍ਰੋਗਰਾਮ ਰੱਖਿਆ । ਉਸ ਪ੍ਰੋਗਰਾਮ ਨੂੰ ਮੈਂ ਉਸ ਸਮੇਂ ਦੀ ਆਪਣੀ ੩੨ ਸਾਲ ਦੀ ਉਮਰ ਵਿੱਚ ਆਪਣੀ ਪੂਰੀ ਲਗਨ ਨਾਲ ਸਮਝਣ ਅਤੇ ਉਸ ਉੱਤੇ ਅਮਲ ਕਰਨ ਲਈ ਆਪਣਾ ਜੀਵਨ ਅਰਪਣ ਕਰਨ ਦਾ ਇਕ ਸੰਕਲਪ ਕਰ ਲਿਆ । ਉਸ ਪ੍ਰੋਗਰਾਮ ਅਨੁਸਾਰ ਮੈਂ ਆਪਣੀ ੮੮ ਸਾਲਾਂ ਦੀ ਉਮਰ ਵਿੱਚ ੬੫ ਸਾਲਾਂ ਦਾ ਸਮਾਂ ਬਿਤਾਇਆ । ਇਹ ਰਚਨਾਤਮਿਕ ਕੰਮ ਹੀ ਅਸਲ ਕੰਮ ਹੈ ਜੋ ਵਿਦਿਆਰਥੀਆਂ ਤੇ ਨੌਜਵਾਨਾਂ ਨੂੰ ਕਰਨਾ ਚਾਹੀਦਾ ਹੈ । ਇਸ ਗੱਲ ਨੂੰ ਉਚੇਚੇ ਤੌਰ ’ਤੇ ਕਹਿਣ ਦੀ ਲੋੜ ਮੈਨੂੰ ਇਸ ਕਰਕੇ ਪਈ ਹੈ ਕਿ ਸਾਡੇ ਭਾਰਤ ਦੇ ਨੌਜਵਾਨ ਬੜੇ ਭੁੱਲੀਂ ਪੈ ਰਹੇ ਹਨ । ਵਿਦਿਆਰਥੀਆਂ ਵੱਲੋਂ ਹੁੰਦੀਆਂ ਰਹੀਆਂ ਹਿੰਸਾ ਦੀਆਂ ਘਟਨਾਵਾਂ ਜਦੋਂ ਮੈਨੂੰ ਪੁੱਜਦੀਆਂ ਸਨ ਤਾਂ ਮੈਨੂੰ ਦੁੱਖ ਹੁੰਦਾ ਸੀ । ਕਮਿਊਨਿਸਟ ਵਿਚਾਰਧਾਰਾ ਵਿੱਚ ਤਾਂ ਇਸ ਗੱਲ ਦੀ ਆਗਿਆ ਹੋ ਸਕਦੀ ਹੈ ਪਰ ਸਾਡੇ ਆਪਣੇ ਸੱਭਿਆਚਾਰ, ਸਾਡੇ ਗੁਰੂ ਸਾਹਿਬਾਨ, ਪੀਰਾਂ-ਪੈਗ਼ੰਬਰਾਂ, ਅਵਤਾਰਾਂ ਅਤੇ ਸਾਡੇ ਮਾਨਯੋਗ ਮੁੱਖੀਆਂ ਦੇ ਦੱਸੇ ਰਸਤਿਆਂ ਅਨੁਕੂਲ ਇਹ ਬਿਲਕੁੱਲ ਨਹੀਂ ।

ਉੱਨੀ ਕੁ ਸਾਲਾਂ ਦੀ ਉਮਰ ਵਿੱਚ ਹੀ ਸਾਡੇ ਘਰ ਗ਼ਰੀਬੀ ਆ ਜਾਣ ਕਰਕੇ ਮੈਂ ਆਪਣੀ ਸਕੂਲ ਦੀ ਪੜ੍ਹਾਈ ਦੀ ਦਸਵੀਂ ਜਮਾਤ ਵੀ ਪਾਸ ਨਾ ਕਰ ਸਕਿਆ । ਪਰ ਦੇਖੋ ਕਰਤਾਰ ਦੇ ਰੰਗ! ਸਿੱਖ-ਪੰਥ ਦੇ ਇਕ ਮਹਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਵਾਤਾਵਰਨ ਵਿੱਚ ਕੁਝ ਸਾਲ ਰਹਿ ਕੇ ਮੇਰੀ ਸ਼ਖ਼ਸੀਅਤ ਕਿਹੜੇ ਰੂਪ ਵਿੱਚ ਘੜੀ ਗਈ ਹੈ । ਇਹ ਗੱਲ ਸਪੱਸ਼ਟ ਹੋ ਚੁੱਕੀ ਹੈ ਕਿ ਗੁਰੂ ਜੀ ਨੇ ਜੋ ਸਿੱਖ ਗੁਰਦੁਆਰੇ ਸਮਾਜ ਦੇ ਦੁੱਖ-ਸੁੱਖ ਦੀ ਸਾਂਝ ਲਈ ਕੇਂਦਰ ਬਣਾਏ ਹਨ ਕਿਤਨੇ ਦੂਰ ਤਕ ਪੁੱਜਣ ਵਾਲੇ ਨਤੀਜੇ ਪੈਦਾ ਕਰਦੇ ਹਨ । ਵੀਹ ਸਾਲਾਂ ਦੀ ਉਮਰ ਤੋਂ ੪੪ ਸਾਲਾਂ ਦੀ ਉਮਰ ਤਕ ਅਰਥਾਤ ਜਵਾਨੀ ਦਾ ੨੪ ਸਾਲਾਂ ਦਾ ਉਤਸ਼ਾਹਜਨਕ ਸਮਾਂ ਉਸ ਮਹਾਨ ਗੁਰਦੁਆਰੇ ਵਿੱਚ ਬਤੀਤ ਹੋਣ ਕਰਕੇ ਹੀ ਮੇਰੇ ਕੋਮਲ ਹਿਰਦੇ ਉੱਤੇ ਇਹ ਪ੍ਰਭਾਵ ਜ਼ੋਰ ਨਾਲ ਪਿਆ ਸੀ ਕਿ ਮੈਂ ਆਪਣਾ ਸਾਰਾ ਜੀਵਨ ਹੀ ਸਮਾਜ-ਸੇਵਾ ਵਿੱਚ ਲਾ

ਦੇਵਾਂ—ਤੇ ਮੈਂ ਲਾਇਆ । ਇਸ ਦੇ ਨਾਲ-ਨਾਲ ਮੇਰਾ ਮਨ ਸਹਿਜੇ-ਸਹਿਜੇ ਗੁਰਮਤਿ ਨੂੰ ਵੀ ਠੀਕ ਰੂਪ ਵਿੱਚ ਗ੍ਰਹਿਣ ਕਰਦਾ ਗਿਆ ਸੀ, ਜੋ ਹੁਣ ਨਿੱਖਰ ਕੇ ਮੇਰੇ ਇਸ਼ਤਿਹਾਰਾਂ, ਕਿਤਾਬਚਿਆਂ ਤੇ ਪੁਸਤਕਾਂ ਤੋਂ ਪ੍ਰਗਟ ਹੋ ਰਿਹਾ ਹੈ ।

ਗੁਰਦੁਆਰੇ ਵਿੱਚ ਲੰਗਰ ਤੇ ਰਿਹਾਇਸ਼ ਦੀਆਂ ਸਹੂਲਤਾਂ ਮੈਨੂੰ ਪ੍ਰਾਪਤ ਸਨ । ਇਸ ਲਈ ਮੈਨੂੰ ਉਸ ਸ਼ਹਿਰ ਦੀਆਂ ਸਿਰ-ਕੱਢ ਲਾਇਬ੍ਰੇਰੀਆਂ 'ਚ ਪੁਸਤਕਾਂ, ਮਾਸਿਕ-ਪੱਤਰਾਂ ਅਤੇ ਅਖ਼ਬਾਰਾਂ ਦੀ ਖੁੱਲ੍ਹੀ ਪੜ੍ਹਾਈ ਦਾ ਸਮਾਂ ਮਿਲ ਜਾਂਦਾ ਸੀ । ਉਸ ਪੜ੍ਹਾਈ ਨਾਲ ਹੀ ਮੈਂ ਦੇਸ਼ ਦੇ ਦੁਨੀਆਂ ਦੇ ਹਾਲਾਤ ਦੀ ਚੰਗੀ ਜਾਣਕਾਰੀ ਪ੍ਰਾਪਤ ਕਰ ਸਕਿਆ ਹਾਂ । ਕੀ ਇਹ ਹਰ ਗ਼ਰੀਬ ਬੱਚੇ ਲਈ ਪ੍ਰੇਰਨਾਜਨਕ ਗੱਲ ਨਹੀਂ ਕਿ ਜੇ ਉਹ ਚਾਹੇ ਤਾਂ ਆਪਣੇ ਯਤਨਾਂ ਨਾਲ ਹੀ ਆਪਣੀ ਕਿਸਮਤ ਘੜ ਕੇ ਬਣਾ ਸਕਦਾ ਹੈ? ਸਿੱਖ ਗੁਰਦੁਆਰੇ ਜੁੱਗੋ-ਜੁਗ ਅਟੱਲ ਕਹਿਣ ਨੂੰ ਜੀਅ ਕਰਦਾ ਹੈ ।

ਸੇਵਾ-ਭਾਵ ਵਿੱਚ ਮਸਤ ਮੈਂ ਅਜਿਹਾ ਕੰਮ ਕਰ ਰਿਹਾ ਹਾਂ, ਜਿਸ ਸੱਜਣ ਨੂੰ ਇਸ ਵਿੱਚ ਕੋਈ ਅਤਿਕਥਨੀ (ਮੁਬਾਲਗਾ) ਦਿੱਸਦੀ ਹੋਵੇ ਤਾਂ ਉਹ ਪਿੰਗਲਵਾੜੇ ਆ ਕੇ ਆਪਣੀ ਅੱਖੀਂ ਦੇਖ ਸਕਦਾ ਹੈ । ਨਿਰਮਾਣਤਾ ਸਹਿਜ ਅਪਾਹਿਜਾਂ ਅਤੇ ਰੋਗੀਆਂ ਦੀ ਸੇਵਾ ਦਿਨ ਰਾਤ ਹੋ ਰਹੀ ਹੈ । ਇਹ ਪੂਰੇ ਦਰਜੇ ਦੇ ਮੈਡੀਕਲ ਕਾਲਜ ਨਾਲ ਸੰਬੰਧਿਤ ਵੱਖ-ਵੱਖ ਕਈ ਹਸਪਤਾਲਾਂ ਦੇ ਇਲਾਜ ਦੇ ਸਿਰ ਉੱਤੇ ਬੇਆਸਰੇ ਰੋਗੀਆਂ ਨੂੰ ਸੰਭਾਲਣ ਦੀ ਜੋ ਅਦੁੱਤੀ ਯੋਜਨਾ ਪਿੰਗਲਵਾੜੇ ਦੇ ਰੂਪ 'ਚ ਦੇਸ਼-ਵਾਸੀਆਂ ਅੱਗੇ ਆਈ ਹੈ ਉਸ ਉੱਤੇ ਅਮਲ ਕਰਕੇ ਹਰ ਗ਼ਰੀਬ ਦੇਸ਼ ਇਸ ਸਸਤੇ ਢੰਗ ਨਾਲ ਰੋਗ ਦੇ ਮਸਲੇ ਨੂੰ ਹੱਲ ਕਰ ਸਕਦਾ ਹੈ । ਪਿੰਗਲਵਾੜੇ ਦਾ ਕਾਰਜ ਭਾਰਤ ਦੇਸ਼ ਦਾ ਇਕ ਨਿਖੇੜਵਾਂ ਕਾਰਜ ਹੈ, ਜਿਸ ਦੀ ਨਕਲ ਦੇਸ਼ ਦੇ ਕਿਸੇ ਵੀ ਸ਼ਹਿਰ ਵਿੱਚ ਹੁਣ ਤਕ ਖੜ੍ਹੀ ਨਹੀਂ ਹੋ ਸਕੀ । ਇਹੋ ਇਕ ਕਾਰਜ ਹੈ ਜਿਸ ਕਰਕੇ ਦੇਸ਼ ਦੇ ਲੰਬੇ ਚੌੜੇ ਹਿੱਸੇ ਦੇ ਰੋਗੀਆਂ ਦੀ ਸੇਵਾ-ਸੰਭਾਲ ਦਾ ਭਾਰ ਪਿੰਗਲਵਾੜੇ ਦੇ ਸਿਰ 'ਤੇ ਗੁਰੂ ਕੀ ਨਗਰੀ ਵਿੱਚ ਪੈ ਰਿਹਾ ਹੈ । ਇਸ ਕਾਰਜ ਦੇ ਨਾਲ-ਨਾਲ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮੁਫ਼ਤ ਵੰਡਾਈ ਦਾ ਕਾਰਜ ਵੀ ਬੜੇ ਉਤਸ਼ਾਹ ਨਾਲ ਆਰੰਭ ਹੋ ਚੁੱਕਾ ਹੈ । ਆਪਣੇ ਇਸ ਕਾਰਜ ਨਾਲ ਮੈਂ ਜਨਤਾ ਨੂੰ ਦੇਸ਼ ਤੇ ਦੁਨੀਆਂ ਦੇ ਹਰ ਮਸਲੇ ਤੋਂ ਜਾਣੂ ਵੀ ਕਰਾ ਰਿਹਾ ਹਾਂ ਤੇ ਦੇਸ਼-ਉਸਾਰੀ ਦੀ ਪ੍ਰੇਰਨਾ ਵੀ ਦੇ ਰਿਹਾ ਹਾਂ । ਮੈਂ ਜਲੰਧਰ, ਲੁਧਿਆਣਾ, ਪਟਿਆਲਾ, ਚੰਡੀਗੜ੍ਹ, ਮੁਕਤਸਰ ਅਤੇ ਦਿੱਲੀ ਆਦਿਕ ਕਈ ਸ਼ਹਿਰਾਂ ਵਿੱਚ ਪਿੰਗਲਵਾੜੇ ਦੇ ਸੇਵਾਦਾਰ ਬਿਠਾਏ ਹੋਏ ਹਨ । ਪੰਜਾਬ ਦੇ ਅਨੇਕਾਂ ਕਸਬਿਆਂ ਤੇ ਪਿੰਡਾਂ



ਵਿੱਚ ਅਤੇ ਪੰਜਾਬੀ ਰਿਆਸਤਾਂ ਵਿੱਚ ਵੀ ਸੇਵਾਦਾਰ ਪ੍ਰਚਾਰ ਅਤੇ ਉਗਰਾਹੀ ਲਈ ਦੌਰਾ ਕਰਦੇ ਹਨ । ਉਹ ਦੁਕਾਨਾਂ, ਦਫ਼ਤਰਾਂ, ਸਕੂਲਾਂ ਆਦਿਕ ਥਾਵਾਂ 'ਤੇ ਇਸ਼ਤਿਹਾਰ ਵੰਡਦੇ ਹਨ । ਮੇਰਾ ਇਕ ਮਨੋਰਥ ਇਹ ਹੈ ਕਿ ਸਕੂਲਾਂ ਤੇ ਕਾਲਜਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੀ ਅਖ਼ਬਾਰਾਂ, ਮਾਸਿਕ-ਪੱਤਰਾਂ ਤੇ ਪੁਸਤਕਾਂ ਵਿੱਚ ਦੁਨੀਆਂ ਦੀ ਭਲਾਈ ਨਾਲ ਸੰਬੰਧ ਰੱਖਣ ਵਾਲੇ ਕਈ ਜ਼ਰੂਰੀ ਲੇਖਾਂ ਦੀ ਜਾਣਕਾਰੀ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਦਿੱਤੀ ਜਾਏ ਤਾਂ ਜੋ ਉਹ ਸਮੇਂ ਦੀ ਲੋੜ ਅਨੁਸਾਰ ਸਮਾਜ ਤੇ ਦੇਸ਼ ਦੀ ਸੇਵਾ ਲਈ ਤਿਆਰ ਹੋ ਸਕਣ । ਜਿੱਥੋਂ ਤਕ ਪਿੰਡਾਂ ਦੇ ਸਕੂਲਾਂ ਦਾ ਸੰਬੰਧ ਹੈ ਉਹਨਾਂ ਨੂੰ ਅਜਿਹੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੀ ਸਭ ਤੋਂ ਵੱਧ ਲੋੜ ਹੈ ਕਿਉਂਕਿ ਪਿੰਡਾਂ ਵਿੱਚ ਨਾ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ (ਪੁਸਤਕਾਲੇ) ਹੁੰਦੀਆਂ ਹਨ ਅਤੇ ਨਾ ਹੀ ਅਖ਼ਬਾਰ ਤੇ ਮਾਸਿਕ-ਪੱਤਰ ਆਉਂਦੇ ਹਨ । ਆਮ ਜਨਤਾ ਨੂੰ ਵੀ ਇਸ਼ਤਿਹਾਰਾਂ ਅਤੇ ਕਿਤਾਬਚਿਆਂ ਰਾਹੀਂ ਦੇਸ਼ ਅਤੇ ਦੁਨੀਆਂ ਦੇ ਹਰ ਮਸਲੇ ਦੀ ਵਾਕਫ਼ੀਅਤ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ । ਇਸ ਕਾਰਜ ਉੱਤੇ ਪਿੰਗਲਵਾੜੇ ਦਾ ਮਾਹਵਾਰੀ ਖ਼ਰਚ ਢਾਈ ਲੱਖ ਰੁਪਏ ਤੋਂ ਵੱਧ ਹੋ ਰਿਹਾ ਹੈ । ਪਿੰਗਲਵਾੜੇ ਦਾ ਸਮੁੱਚਾ ਰੋਜ਼ਾਨਾ ਖ਼ਰਚ *ਪੈਂਤੀ ਹਜ਼ਾਰ ਰੁਪਏ ਤੋਂ ਵੱਧ ਹੈ । ਸਾਲ ਦੇ ਕੁੱਲ ਖ਼ਰਚ ਦਾ ਜੋੜ ਲਗਭਗ ਸਵਾ ਕਰੋੜ ਰੁਪਏ ਦੇ ਨੇੜੇ ਹੈ । ਇਸ ਕਾਰਜ ਨੂੰ ਮੈਂ ਦੇਸ਼ ਦੀ ਵੰਡ ਦੇ ਦਿਨਾਂ ਵਿੱਚ ੧੮ ਅਗਸਤ ੧੯੪੭ ਵਾਲੇ ਦਿਨ ਇਕ ਰਫ਼ਿਊਜੀ ਦੇ ਤੌਰ 'ਤੇ ਗੁਰੂ ਕੀ ਨਗਰੀ ਵਿੱਚ ਮਾਇਆ ਵੱਲੋਂ ਖ਼ਾਲੀ ਹੱਥੀਂ ਆਰੰਭ ਕੀਤਾ ਸੀ । ਇਤਨਾ ਵੱਡਾ ਖ਼ਰਚਾ ਸੰਸਥਾ ਦੀ ਆਪਣੀ ਕਿਸੇ ਨਿੱਜੀ ਮਾਲਕੀ ਦੀ ਜਾਇਦਾਦ ਦੀ ਆਮਦਨ ਦੇ ਸਿਰ 'ਤੇ ਨਹੀਂ ਹੋ ਰਿਹਾ, ਕੇਵਲ ਧਰਮੀ ਬੰਦਿਆਂ ਵੱਲੋਂ ਦਿੱਤੇ ਗਏ ਦਿਨ-ਪ੍ਰਤੀ-ਦਿਨ ਦੇ ਦਾਨ ਦੀ ਆਮਦਨੀ ਦੇ ਸਿਰ 'ਤੇ ਹੀ ਹੋ ਰਿਹਾ ਹੈ । ਸੋ ਮੈਂ ਦੇਸ਼ ਦੇ ਬੰਦਿਆਂ, ਖ਼ਾਸ ਤੌਰ 'ਤੇ ਗੁਰਸਿੱਖਾਂ ਨੂੰ ਸਾਵਧਾਨ ਕਰਦਾ ਹਾਂ ਕਿ ਉਹ ਮੇਰੇ ਇਸ ਨਿਖੇੜਵੇਂ ਕਾਰਜ ਲਈ ਆਪਣੀ ਸਮਰੱਥਾ ਅਨੁਸਾਰ ਦਾਨ ਪਹੁੰਚਾਉਣ ਦਾ ਆਪ ਫ਼ਿਕਰ ਕਰਨ । ਯਾਦ ਰੱਖੋ, ਇਹ ਕਾਰਜ ਗੁਰੂ ਕੀ ਨਗਰੀ ਦੀ ਸੱਭਿਆਚਾਰਿਕ ਸ਼ੋਭਾ ਵਿੱਚ ਵਾਧਾ ਕਰਨ ਵਾਲਾ ਹੈ । ਪ੍ਰਾਣੀ-ਮਾਤਰ ਦੇ ਭਲੇ ਨਾਲ ਸੰਬੰਧ ਰੱਖਣ ਵਾਲੇ ਕਾਰਜਾਂ ਨੂੰ ਰੱਬ ਦੇ ਸੇਵਕ ਹੀ ਆਪਣੇ ਹੱਥਾਂ ਵਿੱਚ ਲੈਂਦੇ ਹਨ ਤੇ ਉਨ੍ਹਾਂ ਸੇਵਕਾਂ

*ਨੋਟ—ਸਾਲ **2017-18** ਵਿੱਚ ਪਿੰਗਲਵਾੜੇ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੱਧ ਹੈ ।

ਦੀ ਸਹਾਇਤਾ ਰੱਬ ਆਪੇ ਧਰਮੀ ਬੰਦਿਆਂ ਦੇ ਦਿਲਾਂ ਵਿੱਚ ਵੜ ਕੇ, ਪ੍ਰੇਰਨਾ ਦੇ ਕੇ ਕਰਦਾ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਇਸ ਲਈ ਫ਼ਰਮਾਉਂਦੇ ਹਨ :-

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥**
**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥**

**ਆਸਾ ਮਹਲਾ ੫॥ (ਅੰਗ ੪੦੩)**

ਅਰਥਾਤ—ਰੱਬ ਆਪਣੇ ਸੇਵਕ ਨੂੰ ਨੇੜੇ ਹੋ ਕੇ ਆਪਣਾ ਆਪ ਪ੍ਰਗਟਾਉਂਦਾ ਹੈ (ਉਹ ਕਿਵੇਂ?) ਜਿੱਥੇ-ਜਿੱਥੇ ਵੀ ਸੇਵਕ ਦਾ ਕਾਰਜ ਚੱਲ ਰਿਹਾ ਹੈ, ਸੇਵਕ ਦੀ ਘਾਲ ਕਮਾਈ ਹੋ ਰਹੀ ਹੈ, ਵਾਹਿਗੁਰੂ ਤੁਰੰਤ ਉੱਥੇ ਦੌੜ ਕੇ ਅੱਪੜਦਾ ਹੈ (ਧਰਮੀ ਬੰਦਿਆਂ ਦੇ ਰੂਪ ਵਿੱਚ)।

ਆਪਣੀ ਇਸ ਪ੍ਰਾਪਤੀ ਨੂੰ ਮੈਂ ਗੁਰੂ ਦੀ ਇਕ ਦੇਣ ਹੀ ਮੰਨਦਾ ਹਾਂ । ਮੇਰਾ ਵਿਸ਼ਵਾਸ ਹੈ ਕਿ ਸਭ ਕੁਝ ਮੈਨੂੰ ਸਿੱਖ ਗੁਰਦੁਆਰਿਆਂ ਦੀ ਹੱਥੀਂ ਸੇਵਾ ਦੁਆਰਾ ਅਤੇ ਸਿੱਖ ਗੁਰਮਤਿ ਦੇ ਪ੍ਰਭਾਵ ਹੇਠ ਪ੍ਰਾਪਤ ਹੋਇਆ । ਰਾਜਨੀਤੀ ਦੇ ਖੇਤਰ ਵਿੱਚ ਮੈਂ ਰਾਜਸੀ ਧੜਿਆਂ ਦੀਆਂ ਹਾਨੀਕਾਰਕ ਨੀਤੀਆਂ, ਰਾਜਸੀ ਨੇਤਾਵਾਂ ਦੀਆਂ ਕਮਜ਼ੋਰੀਆਂ ਅਤੇ ਭੁੱਲਾਂ ਉੱਤੇ ਨਿਰਭੈਤਾ ਨਾਲ ਟੀਕਾ ਟਿੱਪਣੀ ਵੀ ਕਰਦਾ ਹਾਂ । ਮੈਂ ਚਾਹੁੰਦਾ ਹਾਂ ਕਿ ਗੁਰਸਿੱਖੀ ਅਤੇ ਵਿਸ਼ੇਸ਼ ਕਰਕੇ ਇਸ ਦੀ ਰਚਨਾਤਮਿਕਤਾ ਨੂੰ ਉਜਾਗਰ ਕਰਨ ਵਾਲੇ ਕਾਰਜਾਂ ਦੀ ਪ੍ਰਸ਼ੰਸਾ ਸਿੱਖ ਜਗਤ ਵਿੱਚ ਹੋਵੇ ਅਤੇ ਸਿੱਖ ਜਥੇਬੰਦੀਆਂ, ਸਿੱਖ ਸੰਪ੍ਰਦਾਵਾਂ ਤੇ ਵਿਸ਼ੇਸ਼ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੇਰੀ ਹਰ ਪ੍ਰਕਾਰ ਦੀ ਸਹਾਇਤਾ ਕਰੇ । ਘੱਟੋ-ਘੱਟ ਮਾਇਆ ਦੀ ਥੁੜ ਕਾਰਨ ਇਸ ਕੰਮ ਵਿੱਚ ਰੁਕਾਵਟ ਨਹੀਂ ਪੈਣ ਦਿੱਤੀ ਜਾਣੀ ਚਾਹੀਦੀ । ਮੈਨੂੰ ਖ਼ੁਸ਼ੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿੰਗਲਵਾੜੇ ਦੇ ਲੰਗਰ ਲਈ ਸਹਾਇਤਾ *ਡੇਢ ਲੱਖ ਰੁਪਏ ਸਲਾਨਾ ਕਰ ਦਿੱਤੀ ਹੈ । ਖ਼ੁਸ਼ੀ ਤੇ ਗ਼ਮੀ ਦੇ ਹਰ ਅਵਸਰ ਤੇ ਪਿੰਗਲਵਾੜੇ ਲਈ ਸਹਾਇਤਾ ਆਪ ਵੀ ਮਾਇਆ ਘੱਲੋ ਤੇ ਹੋਰਨਾਂ ਪਾਸੋਂ ਵੀ ਇਕੱਠੀ ਕਰਕੇ ਘੱਲਦੇ ਰਿਹਾ ਕਰੋ ।

**"ਜਿਸ ਲਾਵਾਰਸ ਲੂਲ੍ਹੇ ਬੱਚੇ ਤੋਂ ਪਿੰਗਲਵਾੜਾ ਹੋਂਦ ਵਿੱਚ ਆਇਆ ਹੈ ਉਸ ਨੂੰ ਉਸ ਦੀ ਚਾਰ ਕੁ ਸਾਲ ਦੀ ਉਮਰ ਵਿੱਚ ਲਾਵਾਰਸੀ ਦੀ ਹਾਲਤ ਵਿੱਚ ੫੮ ਸਾਲ ਪਹਿਲਾਂ ਸੰਨ ੧੯੩੪ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਤੋਂ ਮੈਂ ਚੁੱਕਿਆ ਸੀ । ਧਰਮੀ ਤੇ ਗੁਰੂ ਘਰ ਨੂੰ ਪਿਆਰ ਕਰਨ ਵਾਲੇ ਬੰਦਿਆਂ ਤਕ ਆਪਣੀ ਸਹਾਇਤਾ ਲਈ ਅਰਜੋਈ ਪਹੁੰਚਾਉਣ ਲਈ ਇਸ਼ਤਿਹਾਰਾਂ ਤੇ ਕਿਤਾਬਚਿਆਂ ਤੋਂ ਵੱਡਾ ਕੋਈ ਹੋਰ ਸਾਧਨ ਮੇਰੇ ਪਾਸ ਨਹੀਂ । ਇਸ ਨੂੰ ਪੜ੍ਹ ਕੇ ਸੁੱਟਣਾ ਨਾ, ਅੱਗੇ ਤੋਂ ਅੱਗੇ ਪਹੁੰਚਾ ਕੇ ਮੇਰੇ ਕਾਰਜਾਂ ਦੀ ਸਹਾਇਤਾ ਦਾ ਪੁੰਨ ਖੱਟੋ । ਹੋ ਸਕਦਾ ਹੈ ਕਿ ਅਸੀਂ ਮਾਇਆ ਦੇ ਸੰਕਟ ਕਾਰਨ ਕਾਗ਼ਜ਼ ਹੀ ਨਾ ਖ਼ਰੀਦ ਸਕੀਏ।"**

*ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸੋਂ ਹਰ ਸਾਲ ਪਿੰਗਲਵਾੜੇ ਦੇ ਲੰਗਰ ਲਈ **15** ਲੱਖ ਰੁਪਏ ਸਹਾਇਤਾ ਮਿਲਦੀ ਹੈ ।



ਸੰਨ ੧੯੨੪ ਵਿੱਚ ਦਸਵੀਂ ਜਮਾਤ ਦਾ ਇਮਤਿਹਾਨ ਦੇਣ ਮਗਰੋਂ ਮੈਂ ਆਪਣਾ ਜੀਵਨ ਲਾਹੌਰ ਸ਼ਹਿਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ। ਸੰਨ ੧੯੩੪ ਦੀਆਂ ਸਰਦੀਆਂ ਵਿੱਚ ਜ਼ਿਲ੍ਹਾ ਲੁਧਿਆਣਾ ਦੇ ਕਿਸੇ ਪਿੰਡ ਦੇ ਦੋ ਬੰਦੇ ਚਾਰ ਕੁ ਸਾਲ ਦੀ ਉਮਰ ਦੇ ਇਕ ਲੂਲ੍ਹੇ ਬਾਲਕ ਨੂੰ ਉਸ ਗੁਰਦੁਆਰੇ ਲੈ ਕੇ ਆਏ, ਤਾਂ ਜੋ ਗੁਰਦੁਆਰਾ ਉਸ ਨੂੰ ਸੰਭਾਲ ਲਵੇ । ਗੁਰਦੁਆਰੇ ਦੇ ਉਸ ਵੇਲੇ ਦੇ ਹੈੱਡ-ਗ੍ਰੰਥੀ ਜਥੇਦਾਰ ਅੱਛਰ ਸਿੰਘ ਜੀ ਨੇ ਬੱਚੇ ਨੂੰ ਆਪਣੀ ਸੰਭਾਲ ਵਿੱਚ ਲੈਣ ਤੋਂ ਇਨਕਾਰ ਕਰ ਦਿੱਤਾ। ਇਨਕਾਰ ਹੋ ਜਾਣ ਉੱਤੇ ਉਹ ਬੰਦੇ ਬੱਚੇ ਨੂੰ ਤੜਕੇ ਦੇ ਹਨੇਰੇ ਵਿੱਚ ਗੁਰਦੁਆਰੇ ਦੇ ਬੂਹੇ ਅੱਗੇ ਚੋਰੀਉਂ ਛੱਡ ਕੇ ਚਲੇ ਗਏ ਸਨ । ਬੱਚੇ ਦੀ ਮਾਂ ਮਰ ਚੁੱਕੀ ਸੀ ਤੇ ਉਸ ਨੂੰ ਉਸ ਦਾ ਬਾਪ ਉਨ੍ਹਾਂ ਬੰਦਿਆਂ ਦੇ ਘਰ ਵਿੱਚ ਛੱਡ ਕੇ ਕਿਧਰੇ ਚਲਿਆ ਗਿਆ ਸੀ, ਜਿਸ ਘਰ ਵਿੱਚ ਉਹ ਨੌਕਰ ਸੀ । ਉਸ ਬੱਚੇ ਨੂੰ ਅੰਮ੍ਰਿਤਸਰ ਤੇ ਲਾਹੌਰ ਦੋਹਾਂ ਸ਼ਹਿਰਾਂ ਦੇ ਬੱਚਿਆਂ ਦੇ ਯਤੀਮਖ਼ਾਨਿਆਂ ਨੇ ਦਾਖ਼ਲ ਕਰਨ ਤੋਂ ਇਸ ਲਈ ਇਨਕਾਰ ਕਰ ਦਿੱਤਾ ਸੀ ਕਿਉਂਕਿ ਉਹ ਲੂਲ੍ਹਾ ਸੀ । ਮੇਰੀ ਉਮਰ ਉਸ ਸਮੇਂ ੩੦ ਸਾਲਾਂ ਦੀ ਸੀ । ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਬੱਚੇ ਦੀ ਖ਼ੁਰਾਕ ਦਾ ਪ੍ਰਬੰਧ ਭਾਵੇਂ ਚੰਗਾ ਕਰ ਦਿੱਤਾ ਗਿਆ ਸੀ ਪਰ ਸੰਭਾਲ ਦਾ ਲੋੜੀਂਦਾ ਪ੍ਰਬੰਧ ਨਹੀਂ ਕੀਤਾ ਗਿਆ ਸੀ । ਸੰਭਾਲ ਤੋਂ ਬਿਨਾਂ ਬੱਚੇ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਜਾਂਦੀ ਨੂੰ ਦੇਖ ਕੇ ਮੈਂ ਉਸ ਨੂੰ ਚੁੱਕ ਲਿਆ ਤੇ ਆਪਣੀ ਸੰਭਾਲ ਵਿੱਚ ਲੈ ਲਿਆ ਸੀ । ਸੰਨ ੧੯੯੨ ਦੇ ਮਹੀਨਾ ਫ਼ਰਵਰੀ ਤਕ ਉਸ ਲੂਲ੍ਹੇ ਨੂੰ ਮੇਰੀ ਸੰਭਾਲ ਵਿੱਚ ੬੨ਵਾਂ ਸਾਲ ਜਾ ਰਿਹਾ ਹੈ । ਸੰਨ ੧੯੪੭ ਦੀ ਦੇਸ਼ ਦੀ ਵੰਡ ਤਕ ਮੈਂ ਬੱਚੇ ਨੂੰ ਮਾਪਿਆਂ ਵਾਲੇ ਜਿਸ ਪਿਆਰ ਨਾਲ ਪਾਲਿਆ, ਉਸ ਨੂੰ ਸਰਦਾਰ ਗੁਰਦਿੱਤ ਸਿੰਘ 'ਆਜਿਜ਼' ਨੇ ਕਵਿਤਾ ਵਿੱਚ ਇਸ ਤਰ੍ਹਾਂ ਬੰਦ ਕੀਤਾ ਹੈ :-

# ਮਨੁੱਖ ਦੀ ਅਕਲ ਦੁਆਰਾ ਖਿਲਾਰੀ ਹੋਈ

## ਅਨੇਕ ਪ੍ਰਕਾਰ ਦੀ ਸੰਸਾਰ ਸੇਵਾ ਦੀ ਇਕ ਸੁੰਦਰ ਝਾਕੀ

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ ।
ਪਿੰਗਲੇ ਪਿਆਰੇ ਦਾ ਸੱਚਾ ਉਹ ਪੁਜਾਰੀ ਏ ।

ਸੱਚੇ ਸਾਹਿਬਾਂ ਗੱਲ ਸਾਨੂੰ ਇਹ ਫ਼ਰਮਾਈ ਏ।
ਸੇਵਾ ਕਰੀਏ ਨਾਲ ਅਕਲ ਰੱਬ ਤੋਂ ਜੋ ਪਾਈ ਏ।
ਮੰਗੇ ਅਗਵਾਈ ਸਾਰੀ ਜਿੰਨੀ ਵੀ ਲੋਕਾਈ ਏ।
ਵਿੱਦਿਆ ਵੀਚਾਰੀ ਤਾਂ ਪਰਉਪਕਾਰੀ ਏ।
ਬਾਨੀ ਪਿੰਗਲਵਾੜਾ......

ਅਨੇਕਾਂ ਮਜ਼ਮੂਨਾਂ ਦੇ ਰਸਾਲੇ ਤੂੰ ਮੰਗਾਨਾ ਏਂ।
ਮੁੱਲ ਲੈ ਕਿਤਾਬਾਂ ਅਲਮਾਰੀਆਂ ਭਰਾਨਾ ਏਂ।
ਮਸਲਿਆਂ ਅਨੇਕਾਂ ਵਾਲੀ ਖੋਜ ਵੀ ਕਰਾਨਾ ਏਂ।
ਖੋਜਾਂ ਨਾਲ 'ਆਜਿਜ਼' ਭਰੀ ਬੁੱਧੀ ਦੀ ਪਟਾਰੀ ਏ।
ਬਾਨੀ ਪਿੰਗਲਵਾੜਾ......

ਲਿਖ-ਲਿਖ ਕਾਗ਼ਜ਼ਾਂ ਦੇ ਢੇਰ ਤੂੰ ਲਗਾਨਾ ਏਂ।
ਬਜ਼ੁਰਗਾਂ ਵਿਦਵਾਨਾਂ ਦੇ ਲੇਖ ਵੀ ਛਪਾਨਾ ਏਂ।
ਛਾਪ ਉਪਦੇਸ਼ ਸੋਹਣੇ ਮੁਫ਼ਤ ਵੰਡਾਨਾ ਏਂ।
ਫ਼ਕੀਰਾਂ ਦਾ ਫ਼ਕੀਰ ਇਹ ਵੱਡਾ ਲਿਖਾਰੀ ਏ।
ਬਾਨੀ ਪਿੰਗਲਵਾੜਾ......

ਲੋਕਾਂ ਦੀਆਂ ਲੱਤਾਂ ਦਾ ਬਚਾਉ ਵੀ ਕਰਾਨਾ ਏਂ।
ਕੇਲਿਆਂ ਦੀਆਂ ਛਿੱਲਾਂ ਨੂੰ ਰਾਹ ਤੋਂ ਹਟਾਨਾ ਏਂ।
ਘਾਹ ਚੁੱਕ ਰਾਹ ਵਿੱਚੋਂ ਪਸ਼ੂ ਨੂੰ ਖਿਲਾਨਾ ਏਂ।
ਉਮਰ ਗੁਜ਼ਾਰੀ ਤੁਸਾਂ ਸਾਰੀ ਹੀ ਕਵਾਰੀ ਏ।
ਬਾਨੀ ਪਿੰਗਲਵਾੜਾ......

ਟਾਇਰਾਂ ਦੇ ਬਚਾਉ ਲਈ ਖ਼ੁਰੀਆਂ ਨੂੰ ਉਠਾਨਾ ਏਂ।
ਸ਼ੀਸ਼ੇ, ਕਿੱਲ, ਰੋੜੇ ਚੁੱਕ ਢੇਰ ਵੀ ਲਗਾਨਾ ਏਂ।



ਗੱਲ ਨਹੀਂ ਛੋਟੀ ਧਨ ਦੇਸ਼ ਦਾ ਬਚਾਨਾ ਏਂ।
ਮਾਤਾ ਅਸੀਸ ਦਿੱਤੀ ਰਹਿਣਾ ਬ੍ਰਹਮਚਾਰੀ ਏ।
ਬਾਨੀ ਪਿੰਗਲਵਾੜਾ......

ਰਾਹ ਵਾਲੇ ਥੁੱਕ ਉੱਤੇ ਮਿੱਟੀ ਵੀ ਤੂੰ ਪਾਨਾ ਏਂ।
ਰਾਹ ਵਿੱਚੋਂ ਟੱਟੀ ਚੁੱਕ ਖੇਤ ਨੂੰ ਪੁਚਾਨਾ ਏਂ।
ਅੰਨ ਵਾਲੀ ਪੈਦਾਵਾਰ ਦੇਸ਼ ਦੀ ਵਧਾਨਾ ਏਂ।
ਸੱਚੀ ਸੇਵਾ ਕਰ ਕੇ ਤੁਸਾਂ ਉਮਰ ਗੁਜ਼ਾਰੀ ਏ।
ਬਾਨੀ ਪਿੰਗਲਵਾੜਾ......

ਹੱਥ ਕੱਤੇ ਹੱਥ ਬੁਣੇ ਖੱਦਰ ਨੂੰ ਹੰਢਾਨਾ ਏਂ।
ਦਸਤਕਾਰੀ ਹੱਥਾਂ ਦੀ ਹੌਂਸਲਾ ਵਧਾਨਾ ਏਂ।
ਗਾਂਧੀ ਦਾ ਸੁਨੇਹਾ ਏਹੀਓ ਜਨਤਾ ਨੂੰ ਪੁਚਾਨਾ ਏਂ।
ਬੇਕਾਰੀ ਨੂੰ ਹਟਾਵੇਂ ਦੇਸ਼ੋਂ ਏਹੋ ਦਸਤਕਾਰੀ ਏ।
ਬਾਨੀ ਪਿੰਗਲਵਾੜਾ......

ਨਿਆਸਰੇ ਬਿਮਾਰਾਂ ਵਾਲੀ ਸਾਂਭ ਤੂੰ ਕਰਾਨਾ ਏਂ।
ਵੱਖੋ-ਵੱਖ ਹਸਪਤਾਲੀਂ ਵਾਰੀ 'ਤੇ ਲਿਜਾਨਾ ਏਂ।
ਦਾਖ਼ਲ ਕਰਾਵਣੇ ਨੂੰ ਵਾਰੀਆਂ ਲਿਖਾਨਾ ਏਂ।
ਦਾਖ਼ਲ ਕਰਾਵੇਂ ਉਹਨੂੰ ਆਵੇ ਜੀਹਦੀ ਵਾਰੀ ਏ।
ਬਾਨੀ ਪਿੰਗਲਵਾੜਾ......

ਜਿੱਥੇ ਜਗ੍ਹਾ ਵਿਹਲੀ ਵੇਖੋ ਉੱਥੇ-ਉੱਥੇ ਰੁੱਖ ਲਾਵੋ।
ਜਿੱਥੇ ਨਵਾਂ ਰੁੱਖ ਲਾਵੋ ਉੱਥੇ-ਉੱਥੇ ਪਾਣੀ ਪਾਵੋ।
ਰੁੱਖਾਂ ਬਿਨਾਂ ਰੇਤਾ ਹੁੰਦੀ ਧਰਤੀ ਨੂੰ ਬਚਾਨਾ ਏਂ।
ਲੱਖਾਂ ਇਸ਼ਤਿਹਾਰ ਵੰਡ ਦਿੱਤੀ ਜਾਣਕਾਰੀ ਏ।
ਬਾਨੀ ਪਿੰਗਲਵਾੜਾ......

ਦਾਨ-ਪਾਤਰ ਬਕਸ ਤੇਰਾ ਹੋ ਗਿਆ ਮਸ਼ਹੂਰ ਏ।
ਪਿੰਗਲਵਾੜਾ ਆਸ਼ਰਮ ਵੇਖਣਾ ਜ਼ਰੂਰ ਏ।
ਤੇਰੀ ਕੁਰਬਾਨੀ ਦਾ ਸੱਚਾ ਜੋ ਜ਼ਹੂਰ ਏ।
ਦਇਆ ਦੇ ਭਾਵ 'ਆਜਿਜ਼' ਦੁਨੀਆਂ ਸਵਾਰੀ ਏ।
ਬਾਨੀ ਪਿੰਗਲਵਾੜਾ......

—o—

**ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ**
**ਗੁਰਦੁਆਰੇ, 'ਗੁਰਦੁਆਰਾ ਡੇਹਰਾ ਸਾਹਿਬ' ਲਾਹੌਰ ਦੇ**
**ਬੂਹੇ ਅੱਗੇ ਸੰਨ ੧੯੩੪ ਦੇ ਨਵੰਬਰ ਮਹੀਨੇ ਵਿੱਚ**
**ਆਈ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ**

## ਲਾਵਾਰਸੀ ਦੀ ਹਾਲਤ ਵਿੱਚ ਛੱਡਿਆ ਗਿਆ ਲੂਲ੍ਹਾ ਬਾਲਕ

ਬਾਨੀ ਪਿੰਗਲਵਾੜਾ ਇਕ ਸੱਚਾ ਭਿਖਾਰੀ ਏ ।
ਪਿੰਗਲੇ ਪਿਆਰੇ ਦਾ ਸੱਚਾ ਉਹ ਪੁਜਾਰੀ ਏ ।

ਇਕ ਲੂਲ੍ਹਾ ਬੱਚਾ ਜਦੋਂ ਦੁਖੀ ਦੇਖਿਆ।
ਲਾਵਾਰਸ, ਗ਼ਰੀਬ, ਨੰਗਾ, ਭੁੱਖਾ ਦੇਖਿਆ।
ਮਾਸੂਮ ਦੀਆਂ ਅੱਖੀਆਂ 'ਚ ਨੀਰ ਦੇਖਿਆ।
ਪਾਲਣੇ ਯਤੀਮ ਕੀਤੀ ਤੁਰੰਤ ਤਿਆਰੀ ਏ।
ਬਾਨੀ ਪਿੰਗਲਵਾੜਾ......

ਗੋਦੀਆ ਖਿਡਾਇਆ ਮੰਗ ਕੇ ਖਿਲਾਇਆ ਤੂੰ।
ਪਿੰਗਲੇ ਦਾ ਘੋੜਾ ਬਣ ਵੀ ਦਿਖਾਇਆ ਤੂੰ।
ਗਲੇ ਵਾਲਾ ਹਾਰ ਪਿੰਗਲਾ ਬਣਾਇਆ ਤੂੰ।
ਸਾਲ ਚੌਦਾਂ ਕੀਤੀ ਤੁਸਾਂ *ਬਾਰਬਰਦਾਰੀ ਏ।
ਬਾਨੀ ਪਿੰਗਲਵਾੜਾ......

ਕੱਪੜਾ ਪਹਿਨਾਇਆ ਟੁੱਕ ਮੂੰਹ ਪਾਇਆ ਤੂੰ।
ਚੁੱਕ ਕੇ ਮੁਤਾਇਆ ਟੱਟੀ ਵੀ ਫਿਰਾਇਆ ਤੂੰ।
ਸਾਲ ਚੌਦਾਂ ਲੂਲ੍ਹਾ ਪਿੱਠ 'ਤੇ ਉਠਾਇਆ ਤੂੰ।
ਪਿੱਠ ਉੱਤੇ ਕੀਤੀ ਪਿੰਗਲੇ ਸਵਾਰੀ ਏ।
ਬਾਨੀ ਪਿੰਗਲਵਾੜਾ.....

ਭੋਂ 'ਤੇ ਖਿਡਾਇਆ ਭੋਂ 'ਤੇ ਬਿਠਾਇਆ ਤੂੰ।
ਭੋਂ 'ਤੇ ਲਿਟਾਇਆ ਭੋਂ 'ਤੇ ਸਜਾਇਆ ਤੂੰ।
ਸਾਲ ਚੌਦਾਂ ਚੌਂਕੜਾ ਭੋਂ 'ਤੇ ਜਮਾਇਆ ਤੂੰ।
ਕੁਰਸੀਆਂ ਦੀ ਥਾਂ ਕੀਤੀ ਧਰਤੀ ਪਿਆਰੀ ਏ।
ਬਾਨੀ ਪਿੰਗਲਵਾੜਾ.....

*ਬਾਰਬਰਦਾਰੀ ਅਰਥਾਤ—ਭਾਰ ਚੁੱਕਣਾ ।



ਹੁਣ ਤਕ ਸੇਵਾ ਲੂਲ੍ਹੇ ਵਾਲੀ ਜੋ ਨਿਭਾਈ ਏ।
ਸੇਵਾ ਲੂਲ੍ਹੇ ਵਾਲੀ ਰੱਬੀ ਸੇਵਾ ਨਜ਼ਰ ਆਈ ਏ।
ਇਹ ਸੱਚੀ ਸੇਵਾ ਡੇਹਰਾ ਸਾਹਿਬ ਦੀ ਕਮਾਈ ਏ।
ਅਮਾਨਤ ਗੁਰੂ ਦੀ ਇਹ ਦਾਤ ਵੱਡੀ ਪਿਆਰੀ ਏ।
ਬਾਨੀ ਪਿੰਗਲਵਾੜਾ.....

ਪਿੰਗਲਵਾੜੇ ਵਾਲਾ ਬਣ ਗਿਆ ਜੋ ਅਦਾਰਾ ਏ।
ਰੋਗੀਆਂ ਅਨਾਥਾਂ ਵਾਲਾ ਬਣ ਗਿਆ ਸਹਾਰਾ ਏ।
ਰੱਬ ਦੀਆਂ ਦਾਤਾਂ ਵਾਲਾ ਚੱਲ ਪਿਆ ਭੰਡਾਰਾ ਏ।
ਉਹੀਓ ਲੂਲ੍ਹਾ ਬੱਚਾ ਪਿੰਗਲਵਾੜੇ ਦਾ ਦਰਬਾਰੀ ਏ।
ਬਾਨੀ ਪਿੰਗਲਵਾੜਾ.....

ਦਾਨ ਮੰਗ-ਮੰਗ ਕੇ ਅਨਾਥਾਂ ਨੂੰ ਖਿਲਾਨਾ ਏਂ।
ਸਭ ਨਾਲ ਪਿਆਰ ਕਰ ਖ਼ੁਸ਼ੀ ਤੂੰ ਮਨਾਨਾ ਏਂ।
ਰੋਗੀਆਂ ਨੂੰ ਦੇਖ-ਦੇਖ ਦਰਦ ਵੰਡਾਨਾ ਏਂ।
ਛੱਡ ਕੇ ਅਮੀਰੀ ਨੂੰ ਫ਼ਕੀਰੀ ਕੀਤੀ ਪਿਆਰੀ ਏ।
ਬਾਨੀ ਪਿੰਗਲਵਾੜਾ.....

ਗ਼ਰੀਬੀ ਮਸਕੀਨੀ ਸਭ ਤੇਰੇ ਹਿੱਸੇ ਆਈ ਏ।
ਆਜਜ਼ੀ ਫ਼ਕੀਰੀ ਤੂੰ ਕਰ ਕੇ ਵਿਖਾਈ ਏ।
ਮਾਨ ਗ਼ਰੂਰ ਖ਼ੁਦੀ ਨੇੜੇ ਨਹੀਂ ਆਈ ਏ।
ਗਦਾਗਰੀ ਦੇ ਭੇਸ ਵਿੱਚ ਲੁਕੀ ਸਰਦਾਰੀ ਏ।
ਬਾਨੀ ਪਿੰਗਲਵਾੜਾ.....

ਸੱਚੇ ਦਰਵੇਸ਼ ਦਾ ਇਹ ਫ਼ਰਮਾਣਾ ਏ।
ਪਿੰਗਲਵਾੜਾ ਦਾਨ ਕਦੇ ਭੁੱਲ ਨਾ ਜਾਣਾ ਏ।
ਆਪਣੀ ਕਮਾਈ ਨੂੰ ਸਫਲ ਕਰਾਣਾ ਏ।
ਸੱਚੇ ਸੌਦੇ ਵਾਲਾ 'ਆਜਿਜ਼ ਭਗਤ ਵਪਾਰੀ ਏ।
ਬਾਨੀ ਪਿੰਗਲਵਾੜਾ.....

—o—

ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ, ਮੈਂ ਲਾਹੌਰ ਸ਼ਹਿਰ ਵਿੱਚ ਸੰਨ ੧੯੪੭ ਦੀ ਦੇਸ਼ ਦੀ ਵੰਡ ਦੇ ਸਮੇਂ ਤਕ ੨੪ ਸਾਲ ਪ੍ਰਾਣੀ-ਮਾਤਰ ਦੀ ਸੇਵਾ ਕੀਤੀ । ਇਹ ਸੇਵਾ ਮੈਂ ਤਨਖ਼ਾਹ ਤੋਂ ਬਿਨਾਂ ਭਗਤੀ-ਭਾਵ ਨਾਲ ਕੀਤੀ । ਲੂਲ੍ਹੇ ਬੱਚੇ ਨੂੰ ਮੈਂ ਇਕੱਲਾ ਹੀ ਇਕ ਮਾਪੇ ਦੇ ਪਿਆਰ ਨਾਲ ਅੱਜ ਤਕ ਨਿੱਜੀ ਤੌਰ ’ਤੇ ਸੰਭਾਲਦਾ ਆ ਰਿਹਾ ਹਾਂ । ਉਸ ਦੀ ਦਿਮਾਗ਼ੀ ਹਾਲਤ ਬੱਚਿਆਂ ਵਰਗੀ ਹੈ । ਉਸ ਦੀ ਬੁੱਧੀ ਦਾ ਵਿਕਾਸ ਬੱਚੇ ਦੀ ਬੁੱਧੀ ਦੇ ਪੱਧਰ ਤੋਂ ਉਤਾਂਹ ਨਹੀਂ ਹੋਇਆ । ਮੈਂ ਸਾਰੀ ਉਮਰ ਗ੍ਰਿਹਸਥ ਵਿੱਚ ਨਹੀਂ ਪਿਆ । ਆਪਣੀ ਜਵਾਨੀ ਦੇ ਸਮੇਂ ਵਿੱਚ ਚੌਦਾਂ ਸਾਲ ਤਕ ਮੈਂ ਬੱਚੇ ਨੂੰ ਇਕੱਲੇ ਨੇ ਸੰਭਾਲਿਆ ।

ਸ੍ਰ: ਗੁਰਦਿੱਤ ਸਿੰਘ ਜੀ ‘ਆਜਿਜ਼’ ਲਾਹੌਰ ਸ਼ਹਿਰ ਦੇ ਬਾਦਸ਼ਾਹੀ ਕਿਲ੍ਹੇ ਵਿੱਚ ਪੰਜਾਬ ਸਰਕਾਰ ਦੇ ਮਹਿਕਮਾ ਖ਼ੁਫੀਆ ਪੁਲਿਸ ਦੇ ਥਾਣੇਦਾਰ ਰਹੇ ਸਨ । ਉਹ ਮੈਨੂੰ ਸੰਨ ੧੯੨੯ ਤੋਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ (ਜਿਹੜਾ ਬਾਦਸ਼ਾਹੀ ਕਿਲ੍ਹੇ ਦੇ ਸਾਹਮਣੇ ਹੈ) ਦੀ ਛਤਰ-ਛਾਇਆ ਹੇਠ, ਬਹੁਤ ਸਾਲਾਂ ਤਕ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਕਰਦੇ ਨੂੰ ਦੇਖਦੇ ਰਹੇ ਸਨ । ਮੇਰੀ ਚੜ੍ਹਦੀ ਜਵਾਨੀ ਦੀ ਟਿਕਵੀਂ ਚਾਲ ਦੀ ਜਿਹੜੀ ਸੇਵਾ ਉਨ੍ਹਾਂ ਨੇ ਬਹੁਤ ਸਾਲ ਲਾਹੌਰ ਸ਼ਹਿਰ ਵਿੱਚ ਦੇਖੀ, ਉਸ ਤੋਂ ਜੋ ਪ੍ਰਭਾਵ ਉਨ੍ਹਾਂ ਦੇ ਹਿਰਦੇ ਉੱਤੇ ਮੇਰੇ ਬਾਰੇ ਪਿਆ, ਉਸ ਨੂੰ ਉਹ ਦੇਸ਼ ਦੀ ਵੰਡ ਮਗਰੋਂ ਪਹਿਲਾਂ ਤਾਂ ਇਕ ਲੇਖ ਦੀ ਸ਼ਕਲ ਵਿੱਚ ਮੇਰੇ ਕੋਲ ਅੰਮ੍ਰਿਤਸਰ ਸ਼ਹਿਰ ਵਿਖੇ ੧੯੫੮ ਦੇ ਲਾਗੇ ਲੈ ਕੇ ਆਏ । ਉਸ ਸਮੇਂ ਅੰਮ੍ਰਿਤਸਰ ਸ਼ਹਿਰ ਵਿੱਚ ਬੇਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੰਸਥਾ ਪਿੰਗਲਵਾੜਾ ਖੜ੍ਹੀ ਕਰ ਚੁੱਕੇ ਨੂੰ ਮੈਨੂੰ ਕੇਵਲ ੬ ਕੁ ਸਾਲ ਹੀ ਹੋਏ ਸਨ । ਉਸ ਲੇਖ ਦਾ ਸਿਰਲੇਖ **“ਇਕ ਸੱਚਾ ਭਿਖਾਰੀ”** ਸੀ । ਕੁਝ ਸਾਲਾਂ ਮਗਰੋਂ ਉਹ ਕਵਿਤਾ ਲਿਆਏ ਜਿਸ ਵਿੱਚ ਉਨ੍ਹਾਂ ਨੇ ਲੂਲ੍ਹੇ ਦੀ ਸੇਵਾ ’ਤੇ ਚਾਨਣਾ ਪਾਇਆ ਤੇ ਮੇਰੀ ਸੇਵਾ ਦੇ ਕੁਝ ਹੋਰ ਪੱਖ ਵੀ ਪੇਸ਼ ਕੀਤੇ । ਇਸ ਕਵਿਤਾ ਨੂੰ ਮੈਂ ਦੋ ਹਿੱਸਿਆਂ ਵਿੱਚ ਵੰਡ ਲਿਆ, ‘ਲੂਲ੍ਹੇ ਦੀ ਸੇਵਾ ਤੇ ਇਕ ਹੋਰ ਅਨੇਕ ਪ੍ਰਕਾਰ ਦੀ ਸੇਵਾ’ । ਕਵਿਤਾਵਾਂ ਦੀ ਵਿਆਖਿਆ ਪੰਜਾਬੀ ਵਿੱਚ ਕੀਤੀ ਗਈ ਹੈ ਤੇ ਅੰਗਰੇਜ਼ੀ ਦੇ ਅਖ਼ਬਾਰਾਂ ’ਤੇ ਪੁਸਤਕਾਂ ਦੇ ਲੇਖਾਂ ਦੁਆਰਾ ਵੀ ।

ਲਾਹੌਰ ਸ਼ਹਿਰ ਸਾਂਝੇ ਪੰਜਾਬ ਦੀ ਰਾਜਧਾਨੀ ਦਾ ਸ਼ਹਿਰ ਸੀ, ਜਿਸ ਵਿੱਚ ਅਨੇਕਾਂ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਸਨ ਤੇ ਅਨੇਕਾਂ ਵਿਦਵਾਨ ਬੰਦੇ ਵੀ ਉਸ ਸ਼ਹਿਰ ਵਿੱਚ ਰਹਿੰਦੇ ਸਨ । ਗੁਰਦੁਆਰਾ ਡੇਹਰਾ ਸਾਹਿਬ



ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਦੇ ੨੪ ਸਾਲਾਂ ਦੇ ਸਮੇਂ ਵਿੱਚ ਮੈਂ ਜਿੱਥੇ ਆਪਣਾ ਵਾਹ ਲਾਹੌਰ ਸ਼ੀਹਰ ਦੀਆਂ ਲਾਇਬ੍ਰੇਰੀਆਂ ਨਾਲ ਪਾਈ ਰੱਖਿਆ ਉੱਥੇ ਅਨੇਕਾਂ ਵਿਦਵਾਨਾਂ ਦੀ ਸੰਗਤ ਵੀ ਮੈਂ ਕਰਦਾ ਰਿਹਾ । ਮੇਰੀ ਅਜਿਹੀ ਸੰਗਤ ਨਾਲ ਮੇਰੇ ਜੀਵਨ ਦਾ ਅਨੇਕਾਂ ਢੰਗਾਂ ਨਾਲ ਵਿਕਾਸ ਹੋਣਾ ਕੁਦਰਤੀ ਸੀ । ਸਰਦਾਰ ਜੀ ਨੇ ਆਪਣੇ ਮਹਿਕਮੇ ਦੇ ਹੁਕਮ ਅਨੁਸਾਰ ਡੇਢ ਮਹੀਨੇ ਦਾ ਸਮਾਂ ਲਾ ਕੇ ਮੇਰੇ ਬਾਰੇ ਇਹ ਪੜਤਾਲ ਵੀ ਸੰਨ ੧੯੩੦ ਦੇ ਕਰੀਬ ਕੀਤੀ ਸੀ ਕਿ ਮੈਂ ਉਸ ਗੁਰਦੁਆਰੇ ਵਿੱਚ ਕਿਸੇ ਗੁਪਤ ਰਾਜਸੀ ਮਨੋਰਥ ਲਈ ਤਾਂ ਨਹੀਂ ਰਹਿ ਰਿਹਾ ਕਿਉਂਕਿ ਦੇਸ਼ ਦੀ ਅਜ਼ਾਦੀ ਦੀ ਲਹਿਰ ਸਮੇਂ ਉਨ੍ਹਾਂ ਦਿਨਾਂ ਵਿੱਚ ਵੱਡੇ-ਵੱਡੇ ਰਾਜਸੀ ਮੁਲਾਜ਼ਮ ਉਸੇ ਕਿਲ੍ਹੇ ਵਿੱਚ ਪੁੱਛ-ਪੜਤਾਲ ਲਈ ਰੱਖੇ ਜਾਂਦੇ ਸਨ ਤੇ ਮੈਂ ਉਸ ਗੁਰਦੁਆਰੇ ਦੇ ਆਲੇ-ਦੁਆਲੇ ਫਿਰਦਾ ਹੋਇਆ ਆਮ ਲੋਕਾਂ ਨਾਲ ਦੇਸ਼-ਭਗਤੀ ਤੇ ਅਜ਼ਾਦੀ ਦੀਆਂ ਗੱਲਾਂ ਕਰਦਾ ਰਹਿੰਦਾ ਸਾਂ ।

ਜਿਸ ਲੂਲ੍ਹੇ ਬੱਚੇ ਦਾ ਚਰਚਾ ਇਸ ਕਵਿਤਾ ਵਿੱਚ ਕੀਤਾ ਗਿਆ ਹੈ ਉਸ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਦੇ ਇਕ ਪਿੰਡ ਵਿੱਚ ਹੋਇਆ ਸੀ । ਬੱਚੇ ਦਾ ਬਾਪ ਪਿੰਡ ਵਿੱਚ ਕਿਸੇ ਜ਼ਿਮੀਂਦਾਰ ਘਰਾਣੇ ਦਾ ਸੀਰੀ ਸੀ । ਜਦੋਂ ਬੱਚੇ ਦੀ ਉਮਰ ੪ ਕੁ ਸਾਲ ਦੀ ਹੋਈ ਤਾਂ ਉਸ ਦੀ ਮਾਂ ਮਰ ਗਈ । ਮਾਂ ਦੇ ਮਰ ਜਾਣ ਪਿੱਛੋਂ ਉਸ ਦਾ ਬਾਪ ਉਸ ਨੂੰ ਚਾਰ ਮਹੀਨੇ ਤੋਂ ਵੱਧ ਨਾ ਸੰਭਾਲ ਸਕਿਆ ਤੇ ਉਸ ਨੂੰ ਉਸ ਘਰ ਵਿੱਚ ਛੱਡ ਕੇ ਚੋਰੀ ਕਿਤੇ ਚਲਾ ਗਿਆ ਜਿਸ ਘਰ ਵਿੱਚ ਉਹ ਸੀਰੀ ਸੀ । ਘਰ ਵਾਲਿਆਂ ਨੇ ਬੱਚੇ ਦੇ ਬਾਪ ਦੀ ਇਕ ਮਹੀਨਾ ਉਡੀਕ ਕੀਤੀ । ਜਦ ਉਹ ਇਸ ਸਮੇਂ ਵਿੱਚ ਨਾ ਪਰਤਿਆ ਤਾਂ ਉਨ੍ਹਾਂ ਬੱਚੇ ਨੂੰ ਯਤੀਮਖ਼ਾਨੇ ਵਿੱਚ ਦਾਖ਼ਲ ਕਰਾਉਣ ਦਾ ਖ਼ਿਆਲ ਕੀਤਾ । ਇਸ ਖ਼ਿਆਲ ਨਾਲ ਉਸ ਘਰ ਦੇ ਦੋ ਬੰਦੇ ਬੱਚੇ ਨੂੰ ਅੰਮ੍ਰਿਤਸਰ ਤੇ ਲਾਹੌਰ ਸ਼ਹਿਰ ਦੇ ਬੱਚਿਆਂ ਦੇ ਯਤੀਮਖ਼ਾਨਿਆਂ ਨੂੰ ਲੈ ਕੇ ਗਏ, ਪਰ ਕਿਸੇ ਯਤੀਮਖ਼ਾਨੇ ਨੇ ਵੀ ਉਸ ਨੂੰ ਲੂਲ੍ਹਾ ਹੋਣ ਦੇ ਕਾਰਨ ਦਾਖ਼ਲ ਨਾ ਕੀਤਾ । ਬੱਚਿਆਂ ਦੇ ਯਤੀਮਖ਼ਾਨਿਆਂ ਤੋਂ ਜਵਾਬ ਹੋ ਜਾਣ ਉੱਤੇ ਉਹ ਬੰਦੇ ਉਸ ਨੂੰ ਲਾਹੌਰ ਸ਼ਹਿਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਡੇਹਰਾ ਸਾਹਿਬ ਨੂੰ ਲੈ ਕੇ ਆਏ ਤੇ ਉਸ ਵੇਲੇ ਦੇ ਗੁਰਦੁਆਰੇ ਦੇ ਹੈੱਡ-ਗ੍ਰੰਥੀ ਜਥੇਦਾਰ ਅੱਛਰ ਸਿੰਘ ਜੀ ਨੂੰ ਮਿਲੇ । ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਇਹ ਉੱਤਰ ਦਿੱਤਾ ਕਿ ਸਾਡੇ ਗੁਰਦੁਆਰੇ ਵਿੱਚ ਲੂਲ੍ਹੇ ਬਾਲਕ ਦੀ ਸੰਭਾਲ ਲਈ ਕੋਈ ਪ੍ਰਬੰਧ ਨਹੀਂ । ਇਹ ਉੱਤਰ ਮਿਲ ਜਾਣ ਉੱਤੇ ਦੋਹਾਂ ਬੰਦਿਆਂ ਨੇ ਇਹ ਫ਼ੈਸਲਾ ਕੀਤਾ ਕਿ ਉਹ ਬੱਚੇ

ਨੂੰ ਗੁਰੂ ਘਰ ਅੱਗੇ ਚੋਰੀਉਂ ਛੱਡ ਜਾਣ । ਅਗਲਾ ਦਿਨ ਕੱਤਕ ਦੀ ਪੂਰਨਮਾਸ਼ੀ ਦਾ ਦਿਹਾੜਾ ਸੀ । ਉਸ ਦਿਨ ਅੰਮ੍ਰਿਤ ਵੇਲੇ ਤੜਕੇ ਦੇ ਹਨੇਰੇ ਵਿੱਚ ਉਹ ਬੱਚੇ ਨੂੰ ਬਾਦਸ਼ਾਹੀ ਕਿਲ੍ਹੇ ਦੀ ਕੰਧ ਲਾਗੇ ਗੁਰਦੁਆਰੇ ਦੇ ਸਾਹਮਣੇ ਸੜਕ ਉੱਤੇ ਛੱਡ ਕੇ ਚਲੇ ਗਏ । ਗੁਰਦੁਆਰੇ ਅੱਗੇ ਇਕੱਲਾ ਬੱਚਾ ਰੋਇਆ ਤਾਂ ਉਸ ਦੀ ਇਤਲਾਹ ਗੁਰਦੁਆਰੇ ਦੇ ਅੰਦਰ ਪੁੱਜੀ । ਅੰਦਰੋਂ ਜੱਥੇਦਾਰ ਸਾਹਿਬ ਆਏ। ਉਨ੍ਹਾਂ ਨੇ ਬੱਚੇ ਨੂੰ ਪਛਾਣ ਲਿਆ ਤੇ ਗੋਦੀ 'ਚ ਚੁੱਕ ਕੇ ਅਰਦਾਸ ਕੀਤੀ—

**'ਹੇ ਸਤਿਗੁਰੂ ! ਇਸ ਲੂਲ੍ਹੇ ਬਾਲਕ ਨੂੰ ਆਪ ਦੇ ਦਰਵਾਜ਼ੇ ਅੱਗੇ ਲਾਵਾਰਸੀ ਦੀ ਹਾਲਤ ਵਿੱਚ ਛੱਡ ਦਿੱਤਾ ਗਿਆ ਹੈ, ਆਪ ਸਾਨੂੰ ਸਮਰੱਥਾ ਦਿਓ ਕਿ ਅਸੀਂ ਆਪ ਦੇ ਮਹਾਨ ਅਸਥਾਨ ਦੇ ਕਰਮਚਾਰੀ ਇਸ ਨਿਤਾਣੇ ਬਾਲਕ ਨੂੰ ਸੰਭਾਲ ਕੇ ਆਪ ਦੇ ਦਰ ਦੀ ਸ਼ੋਭਾ ਨੂੰ ਚਾਰ ਚੰਦ ਲਾਈਏ ।'**

ਬੱਚੇ ਨੂੰ ਇਕ ਅਜਿਹੇ ਸੇਵਾਦਾਰ ਦੇ ਸਪੁੱਰਦ ਕਰ ਦਿੱਤਾ ਗਿਆ ਜਿਸ ਨੂੰ ਸਾਰਾ ਦਿਨ ਭੱਜੋ-ਨੱਸੀ ਦਾ ਕੰਮ ਕਰਨਾ ਪੈਂਦਾ ਸੀ । ਬੱਚੇ ਨੂੰ ਗੁਰਦੁਆਰੇ ਵੱਲੋਂ ਸੇਰ ਪੱਕਾ ਮਾਝਾ ਦੁੱਧ ਲਗਾ ਦਿੱਤਾ ਗਿਆ ਜਿਹੜਾ ਉਸ ਨੂੰ ਦਿਨ ਵਿੱਚ ਚਾਰ ਵਾਰ ਪਿਲਾਇਆ ਜਾਣਾ ਸੀ । ਬੱਚੇ ਦੇ ਟੱਟੀ ਵਾਲੇ ਕੱਪੜੇ ਧੋਣ ਦਾ ਜ਼ਿੰਮਾ ਮੈਂ ਲਿਆ ਸੀ, ਪਰ ਕੁਝ ਦਿਨਾਂ ਵਿੱਚ ਹੀ ਉਸ ਨੂੰ ਦਸਤ ਲੱਗ ਗਏ । ਉਸ ਵੇਲੇ ਉਸ ਨੂੰ ਕਿਸੇ ਨਾ ਸੰਭਾਲਿਆ, ਕਿਉਂਕਿ ਉਸ ਦੀ ਸੰਭਾਲ ਲਈ ਕੋਈ ਵੱਖਰਾ ਬੰਦਾ ਜਾਂ ਇਸਤਰੀ ਨਿਯਤ ਨਹੀਂ ਕੀਤੇ ਗਏ ਸਨ । ਟੱਟੀਆਂ ਲੱਗਣ 'ਤੇ ਉਸ ਨੂੰ ਮੰਜੇ ਉੱਤੋਂ ਚੁੱਕ ਲਿਆ ਗਿਆ ਤੇ ਵੱਸਦੇ ਘਰਾਂ ਤੋਂ ੨੫ ਗਜ਼ ਹਟਵਾਂ ਇਕੱਲੇ ਨੂੰ ਬਿਠਾ ਦਿੱਤਾ ਗਿਆ ਤਾਂ ਜੋ ਉਹ ਇਕੱਲਾ ਹੀ ਟੱਟੀਆਂ ਫਿਰੀ ਜਾਵੇ, ਨਾ ਕਿਸੇ ਦੇ ਬੂਹੇ ਅੱਗੇ ਗੰਦ ਪਵੇ ਤੇ ਨਾ ਕਿਸੇ ਨੂੰ ਉਸ ਦੀ ਟੱਟੀ 'ਤੇ ਮਿੱਟੀ ਪਾਉਣੀ ਪਵੇ ਜਾਂ ਚੁੱਕਣੀ ਪਵੇ । ਜਿਸ ਜਗ੍ਹਾ 'ਤੇ ਲੂਲ੍ਹੇ ਨੂੰ ਬਿਠਾ ਦਿੱਤਾ ਗਿਆ ਸੀ ਉਹ ਬੜੀ ਸਖ਼ਤ ਥਾਂ ਸੀ, ਉਹ ਥਾਂ ਬਾਦਸ਼ਾਹੀ ਕਿਲ੍ਹੇ ਦੀਆਂ ਢੱਠੀਆਂ ਹੋਈਆਂ ਕੰਧਾਂ ਤੇ ਮਲਬੇ ਨਾਲ ਉੱਚੀ ਕੀਤੀ ਹੋਈ ਸੀ ਜਿਸ ਵਿੱਚੋਂ ਥਾਂ-ਥਾਂ ਇੱਟਾਂ ਦੀਆਂ ਖੁੰਘਰੀਆਂ ਉੱਭਰੀਆਂ ਹੋਈਆਂ ਸਨ ਜਿਹੜੀਆਂ ਪੁੱਠੇ ਗੋਡਿਆਂ ਨਾਲ ਧਰਤੀ 'ਤੇ ਬੈਠੇ ਹੋਏ ਬੱਚੇ ਦੀਆਂ ਕਮਜ਼ੋਰ ਲੱਤਾਂ ਨੂੰ ਚੁੱਭ ਸਕਦੀਆਂ ਸਨ । ਉੱਥੇ ਉਹ ਇਕੱਲਾ ਬੈਠਾ ਹੋਇਆ ਸਾਰਾ ਦਿਨ ਟੱਟੀਆਂ ਫਿਰਦਾ ਗਿਆ । ਮੈਂ ਪਹਿਲੇ ਉਸ ਨੂੰ ਦਿਨ ਦੇ ੪ ਵਜੇ ਦੇ ਕਰੀਬ ਦੇਖਿਆ ਕਿ ਉਹ ਕਈ ਥਾਵਾਂ 'ਤੇ ਟੱਟੀ ਫਿਰ ਫਿਰ ਕੇ ਅਗਾਂਹ ਹੁੰਦਾ ਗਿਆ ਸੀ । ਮੈਂ ਸ਼ਾਮ ਨੂੰ ਉੱਧਰ ਟੱਟੀ ਫਿਰਨ ਜਾਇਆ ਕਰਦਾ ਸਾਂ, ਪਰ ਮੈਂ ਉਸ ਨੂੰ ਪਹਿਲੇ ਦਿਹਾੜੇ ਨਾ ਚੁੱਕਿਆ



ਤੇ ਨਾ ਹੀ ਉਸ ਦਿਨ ਉਸ ਦੀ ਸੰਭਾਲ ਬਾਰੇ ਕੋਈ ਫ਼ਿਕਰ ਕੀਤਾ । ਦੂਜੇ ਦਿਨ ਮੈਂ ਉਸ ਨੂੰ ਚਾਰ ਕੁ ਵਜੇ ਉੱਥੇ ਹੀ ਬੈਠਾ ਵੇਖਿਆ। ਉਹ ਉਸੇ ਤਰ੍ਹਾਂ ਦਿਨ ਵਿੱਚ ਕਈ ਥਾਵਾਂ 'ਤੇ ਟੱਟੀ ਫਿਰਦਾ ਅਗਾਂਹ ਹੁੰਦਾ ਗਿਆ ਸੀ । ਦੂਜੇ ਦਿਨ ਉਸ ਦਾ ਚਿਹਰਾ ਉੱਤਰਿਆ ਸੀ । ਉਸੇ ਵੇਲੇ ਮੈਂ ਉਸ ਨੂੰ ਚੁੱਕ ਲਿਆ । ਟੈਲੀਫ਼ੋਨ ਰਾਹੀਂ ਡਾਕਟਰ ਨੂੰ ਉਸ ਦੇ ਰੋਗ ਦੀ ਇਤਲਾਹ ਦਿੱਤੀ । ਜੋ ਕੁਝ ਉਸ ਨੇ ਇਲਾਜ ਬਾਰੇ ਦੱਸਿਆ ਉਸ 'ਤੇ ਅਮਲ ਕਰਦਿਆਂ ਹੋਇਆਂ ਮੈਂ ਉਸ ਨੂੰ ਸੰਭਾਲ ਲਿਆ । ਇਹ ਗੱਲ ਸੰਨ ੧੯੩੪ ਦੀ ਹੈ । ਅੱਜ ੧੯੯੨ ਦੇ ਮਹੀਨਾ ਮਾਰਚ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਦਾ ਉਹ ਲੂਲ੍ਹਾ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਜਿਉਂਦਾ ਹੈ ਤੇ ਪਿਛਲੇ ੫੮ ਸਾਲਾਂ ਤੋਂ ਮੈਨੂੰ ਆਪਣੀ ਸੇਵਾ ਕਰਨ ਦਾ ਅਵਸਰ ਦੇ ਰਿਹਾ ਹੈ ।

ਲੂਲ੍ਹੇ ਵਾਲੀ ਕਵਿਤਾ ਦਾ ਪਦ 'ਅਮਾਨਤ ਗੁਰੂ ਦੀ' ਧਰਮੀ ਬੰਦਿਆਂ ਵੱਲੋਂ ਖ਼ਾਸ ਤੌਰ 'ਤੇ ਪੜ੍ਹਿਆ ਜਾਣ ਵਾਲਾ ਹੈ ਤਾਂ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਡੇਹਰਾ ਸਾਹਿਬ ਵੱਲੋਂ ਉਹ ਪਿੰਗਲਵਾੜੇ ਵੱਲ ਆਪਣਾ ਕਰਤੱਵ ਪਛਾਣ ਸਕਣ । ਸਰਦਾਰ ਗੁਰਦਿੱਤ ਸਿੰਘ ਜਦੋਂ ਵੀ ਮੇਰੇ ਪਾਸ ਆਪਣਾ ਲੇਖ ਜਾਂ ਕਵਿਤਾ ਲੈ ਕੇ ਆਏ, ਉਹ ਆਪਣੇ ਹਿਰਦੇ ਦੇ ਉਨ੍ਹਾਂ ਭਾਵਾਂ ਨਾਲ ਆਏ ਜਿਹੜੇ ਬਹੁਤ ਨੇੜੇ ਦੇ ਲਹੂ ਦੇ ਰਿਸ਼ਤੇਦਾਰਾਂ ਦੇ ਹੁੰਦੇ ਹਨ ।

ਸਿੱਖ ਧਰਮ ਦੇ ਇਸ ਮਹਾਨ ਗੁਰਦੁਆਰੇ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ੨੪ ਸਾਲ ਸੇਵਾ ਕਰਦਿਆਂ ਹੋਇਆਂ, ਮੈਂ ਸਰਦਾਰ ਗੁਰਦਿੱਤ ਸਿੰਘ ਵਰਗੇ ਅਣਗਿਣਤ ਗੁਰੂ ਪਿਆਰਿਆਂ ਦਾ ਪਿਆਰ ਜਿੱਤ ਸਕਿਆ ਹਾਂ ਜਿਹੜੇ ਮੇਰੇ ਕਾਰਜਾਂ ਦੀ ਸਫਲਤਾ ਲਈ ਆਪਣੇ ਹਿਰਦਿਆਂ ਤੋਂ ਚਾਹਵਾਨ ਹਨ ਤੇ ਉਹਨਾਂ ਕਾਰਜਾਂ ਉੱਤੇ ਮਾਣ ਵੀ ਕਰ ਰਹੇ ਹਨ । ਅਜਿਹੇ ਅਣਗਿਣਤ ਬੰਦਿਆਂ ਦਾ ਪਿਆਰ ਮੇਰੇ ਜੀਵਨ ਦੀ ਇਕ ਵਿਸਮਾਦ ਭਰੀ ਖੱਟੀ ਹੈ, ਜਿਸ ਦੇ ਸਿਰ ਉੱਤੇ ਮੈਂ ਦੇਸ਼ ਦੇ ਗ਼ਰੀਬ ਤੇ ਬੇਆਸਰੇ ਰੋਗੀਆਂ ਅਤੇ ਅਪਾਹਿਜਾਂ ਦੇ ਰੋਗਾਂ ਦੇ ਇਲਾਜ ਤੇ ਉਹਨਾਂ ਦੀ ਸੇਵਾ-ਸੰਭਾਲ ਲਈ ਦੇਸ਼ ਦੀ ਸਭ ਤੋਂ ਪਹਿਲੀ ਤੇ ਇਕੋ ਇਕ ਉਹ ਸੰਸਥਾ ਖੜ੍ਹੀ ਕਰ ਚੁੱਕਿਆ ਹਾਂ ਜਿਹੜੀ ਦੇਸ਼ ਦੇ ਰੋਗ ਦੇ ਮਸਲੇ ਨੂੰ ਲੋਕ-ਸੇਵਾ ਦੇ ਖੇਤਰ ਵਿੱਚ ਹੱਲ ਕਰਨ ਦੀ ਇਕ ਅਦੁੱਤੀ ਯੋਜਨਾ ਪੇਸ਼ ਕਰਦੀ ਹੈ ਤੇ ਜਿਸ ਦੀ ਨਕਲ ਪਿਛਲੇ ੨੪ ਸਾਲਾਂ ਵਿੱਚ ਦੇਸ਼ ਭਰ ਵਿੱਚ ਨਾ ਕੋਈ ਬੰਦਾ ਕਰ ਸਕਿਆ ਹੈ ਤੇ ਨਾ ਕੋਈ ਸਭਾ । ਇਹ ਕਵਿਤਾਵਾਂ ਮੈਨੂੰ ਜੀਵਨ ਦੀ ਅਜਿਹੀ ਮਸਤੀ ਬਖ਼ਸ਼ਦੀਆਂ ਰਹਿੰਦੀਆਂ ਹਨ ਜਿਹੜੀ ਕਿਸੇ ਵੀ ਚਿੰਤਾ ਨੂੰ ਮੇਰੇ ਮਨ ਨੂੰ ਡਰਾਉਣ ਦੀ ਆਗਿਆ ਨਹੀਂ

ਦੇ ਸਕਦੀ । ਇਹਨਾਂ ਕਵਿਤਾਵਾਂ ਨੇ ਮੇਰੇ ਅੱਗੇ ਮਨੁੱਖੀ ਹਿਰਦੇ ਦੇ ਪਿਆਰ ਮੰਡਲ ਦੀ ਇਕ ਵਚਿੱਤਰ ਲੀਲ੍ਹਾ ਪੇਸ਼ ਕੀਤੀ ਹੈ ਤੇ ਇਹ ਮੇਰੇ ਜੀਵਨ ਦਾ ਇਕ ਅਜਿਹਾ ਇਤਿਹਾਸ ਬਣਾਉਂਦੀਆਂ ਹਨ ਜਿਹੜਾ ਜੁੱਗੋ-ਜੁੱਗ ਅਟੱਲ ਇਤਿਹਾਸ ਸਿੱਖ ਗੁਰਦੁਆਰਿਆਂ ਵੱਲ ਅਣਗਿਣਤ ਨੌਜਵਾਨਾਂ ਨੂੰ ਸੇਵਾ ਦੀਆਂ ਪ੍ਰਬਲ ਸੱਧਰਾਂ ਨਾਲ ਖਿੱਚ ਸਕੇਗਾ ।

ਸਿੱਖ-ਪੰਥ ਦੇ ਗੁਰਦੁਆਰਿਆਂ ਦੀਆਂ ਰੱਬੀ ਬਰਕਤਾਂ ਸੰਸਾਰ ਦੇ ਹਰ ਇਕ ਆਸਤਿਕ ਤੇ ਨਾਸਤਿਕ ਬੰਦੇ ਨੂੰ ਆਪਣਾ ਸਿਰ ਉਨ੍ਹਾਂ ਅੱਗੇ ਝੁਕਾਉਣ ਲਈ ਮਜਬੂਰ ਕਰਨ ਤੋਂ ਇਲਾਵਾ ਆਪਣੀਆਂ ਝਲਕਾਂ ਨਾਲ ਹਰ ਗੁਰਸਿੱਖ ਦੇ ਮੱਥੇ ਵਿੱਚ ਸਿੱਖ ਅਰਦਾਸ ਦੇ ਹੇਠ ਲਿਖੇ ਸ਼ਬਦਾਂ ਨੂੰ ਰੱਬੀ ਜੋਤ ਦੇ ਚਾਨਣ ਨਾਲ ਚਮਕਾਉਣ ਵਾਲੀਆਂ ਹਨ:-**ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ਬੋਲੋ ਜੀ ਵਾਹਿਗੁਰੂ ! ਪੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ! ਦਾਨਾਂ ਸਿਰ ਦਾਨ, ਨਾਮ ਦਾਨ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ, ਜੁੱਗੋ-ਜੁੱਗ ਅਟੱਲ ਧਰਮ ਕਾ ਜੈਕਾਰ ਬੋਲੋ ਜੀ ਵਾਹਿਗੁਰੂ!**

ਅੰਮ੍ਰਿਤਸਰ ਸ਼ਹਿਰ ਵਿੱਚ ਪਿੰਗਲਵਾੜਾ ਸੰਸਥਾ ਦੇ ਰੂਪ ਵਿੱਚ ਸੰਨ ੧੯੪੯ ਦੇ ਅੰਤ ਵਿੱਚ ਖੜ੍ਹਾ ਹੋਇਆ । ੧੪ ਕੁ ਸਾਲਾਂ ਦਾ ਸਮਾਂ ਲੂਲ੍ਹੇ ਨੂੰ ਮੈਨੂੰ ਇਕੱਲੇ ਨੂੰ ਸਾਂਭਣਾ ਪਿਆ । ਲਾਹੌਰ ਸ਼ਹਿਰ ਵਿੱਚ ਜਦੋਂ ਮੈਂ ਲੂਲ੍ਹੇ ਨੂੰ ਪਿੱਠ ਉੱਤੇ ਚੁੱਕੀ ਫਿਰਦਾ ਹੁੰਦਾ ਸਾਂ ਤਾਂ ਮੇਰੇ ਇਕ ਬੈਰਿਸਟਰ ਦੋਸਤ ਨੇ ਇਕ ਦਿਨ ਮੈਨੂੰ ਕਿਹਾ ਸੀ ਕਿ ਪੂਰਨ ਸਿੰਘਾ, ਇਸ ਲੂਲ੍ਹੇ ਨੇ ਮਰਨਾ ਤਾਂ ਓੜਕ ਰੁਲ ਕੇ ਹੀ ਹੈ, ਕਿੱਡਾ ਚੰਗਾ ਹੁੰਦਾ ਜੇ ਤੂੰ, ਇਸ ਨੂੰ ਇਸ ਦੇ ਬਚਪਨ ਵਿੱਚ ਹੀ ਸੜਕ ਉੱਤੇ ਰੁਲ ਕੇ ਮਰ ਜਾਣ ਦਿੰਦਾ, ਕਿਉਂਕਿ ਬੱਚਾ ਹੋਣ ਕਰਕੇ ਬਚਪਨ ਵਿੱਚ ਇਸ ਦੀ ਜਾਨ ਸੁਖਾਲੀ ਨਿਕਲ ਜਾਂਦੀ ਜਿਹੜੀ ਵੱਡਿਆਂ ਹੋ ਕੇ ਔਖਿਆਂ ਨਿਕਲੇਗੀ । ਮੇਰੇ ਇਕ ਦੋਸਤ ਕਰਨਲ ਭਗਵੰਤ ਸਿੰਘ 'ਨਟ' ਨੇ ਵੀ ਮੈਨੂੰ ਇਹ ਪੁੱਛਿਆ ਸੀ ਕਿ ਤੂੰ ਬੁੱਢਾ ਹੁੰਦਿਆਂ ਜਾਣਾ ਹੈ ਤੇ ਇਸ ਨੇ ਜਵਾਨ, ਦੱਸ ਤੇਰੇ ਬੁਢਾਪੇ ਵਿੱਚ ਇਸ ਨੂੰ ਕੌਣ ਸੰਭਾਲੇਗਾ ? ਕਰਨਲ ਸਾਹਿਬ ਆਪਣੇ ਘਰੋਂ ਮੇਰੀਆਂ ਜਾਗੀਰਾਂ ਲਾ ਕੇ ਸਵਰਗਵਾਸ ਹੋ ਚੁੱਕੇ ਹਨ । ਬੈਰਿਸਟਰ ਦੋਸਤ ਦਾ ਮੈਨੂੰ ਪਤਾ ਨਹੀਂ । ਜੇਕਰ ਦੋਵੇਂ ਸੱਜਣ ਮੇਰੇ ਸਾਹਮਣੇ ਹੁੰਦੇ ਤਾਂ ਮੈਂ ਉਹਨਾਂ ਨੂੰ ਦੱਸਦਾ ਕਿ ਜਿਸ ਗੁਰਦੁਆਰੇ ਤੋਂ ਮੈਨੂੰ ਲੂਲ੍ਹਾ ਬਾਲਕ



ਲੱਭਿਆ ਸੀ, ਦੇਸ਼ ਭਰ ਵਿੱਚ ਫੈਲੀਆਂ ਹੋਈਆਂ ਉਸ ਦੀਆਂ ਸੰਗਤਾਂ ਕਿਸ ਤਰ੍ਹਾਂ ਮੈਨੂੰ ਰੁਪਏ ਭੇਜ ਰਹੀਆਂ ਹਨ ਤੇ ਨਾਲੇ ਮੇਰਾ ਹੌਂਸਲਾ ਵਧਾਉਣ ਲਈ ਪਿਆਰ ਤੇ ਸਤਿਕਾਰ ਭਰੇ ਸ਼ਬਦ ਲਿਖ ਕੇ ਭੇਜਦੀਆਂ ਹਨ । ਹੇਠਾਂ ਮੈਂ ਇਕ ਗੁਰਸਿੱਖ ਦੇ ਸ਼ਬਦ ਦੇ ਰਿਹਾ ਹਾਂ ਜਿਹੜੇ ਉਸ ਨੇ ੫੦ ਰੁਪਏ ਦਾਨ ਦੇ ਮਨੀਆਰਡਰ 'ਤੇ ਲਿਖ ਕੇ ਭੇਜੇ ਹਨ:- **'ਸ੍ਰੀਮਾਨ ਪੂਜਨੀਕ ਸੰਤ ਪੂਰਨ ਸਿੰਘ ਜੀ, ਤੁੱਛ ਭੇਟਾ ਪ੍ਰਵਾਨ ਕਰਨੀ ਵਾਹਿਗੁਰੂ ਆਪ ਜੀ ਨੂੰ ਦੀਰਘ ਆਯੂ ਅਤੇ ਸੇਵਾ ਦਾ ਹੋਰ ਬਲ ਬਖ਼ਸ਼ੇ । ਆਪ ਜੀ ਦਾ ਸਤਿਨਾਮ ਸਿੰਘ ਹਿੱਤਕਾਰੀ ਕਮਿਸ਼ਨਰ ਔਫ਼ ਇਨਕਮ ਟੈਕਸ ਸਿਲਾਂਗ (ਅਸਾਮ)'P.B.20',** ਸੇਵਾ ਵਾਲੀ ਸੰਸਥਾ ਤੋਂ ਬਿਨਾਂ ਲੂਲ੍ਹੇ ਦੀ ਸੰਭਾਲ ਮੇਰੇ ਪਾਸੋਂ ਸਾਰੀ ਉਮਰ ਨਹੀਂ ਹੋ ਸਕਦੀ ਸੀ ਤੇ ਨਾ ਹੀ ਮੇਰੇ ਮਰਨ ਤੋਂ ਪਿੱਛੋਂ ਉਸ ਦੀ ਕੋਈ ਸੰਭਾਲ ਹੋ ਸਕਦੀ ਸੀ । ਭਗਤ ਹੋਣ ਦੀ ਹੈਸੀਅਤ ਵਿੱਚ ਮੈਂ ਸਰੀਰਕ ਤੌਰ 'ਤੇ ਕਿਸੇ ਵੀ ਨਿਤਾਣੇ ਰੋਗੀ ਤੇ ਅਪਾਹਿਜ ਨੂੰ ਆਪਣੀ ਸੰਸਥਾ ਵਿੱਚ ਦਾਖ਼ਲ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ, ਕਿਉਂਕਿ ਮੇਰੇ ਜੀਵਨ ਦਾ ਆਦਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਹੈ:-

**"ਕਬੀਰ ਜਿਹ ਦਰਿ ਆਵਤ ਜਾਤਿਆਹੁ ਹਟਕੈ ਨਾਹੀ ਕੋਇ ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥"**
**(ਅੰਗ ੧੩੬)**

ਹੇ ਕਬੀਰ! ਜਿਸ ਦਰ 'ਤੇ ਆਂਵਦਿਆਂ ਜਾਂ ਜਿਸ ਦਰ ਤੋਂ ਜਾਂਦਿਆਂ ਕੋਈ ਰੋਕਦਾ ਨਹੀਂ, ਜੋ ਦਰ ਅਜਿਹਾ (ਸਭ ਦਾ ਸਹਾਰਾ) ਹੈ, ਉਸ ਨੂੰ ਕਿਸ ਤਰ੍ਹਾਂ ਛੱਡਿਆ ਜਾ ਸਕਦਾ ਹੈ । ਕਬੀਰ ਜੀ ਦਾ ਭਾਵ ਇਹ ਹੈ ਕਿ ਪ੍ਰਮਾਤਮਾ ਦਾ ਦਰ ਐਸਾ ਹੈ ਜਿੱਥੇ ਦੇਸ਼, ਧਰਮ, ਨਸਲ, ਰੰਗ, ਜਾਤਿ ਆਦਿ ਦਾ ਕੋਈ ਵਿਤਕਰਾ ਨਹੀਂ । ਹਰ ਕੋਈ ਇੱਥੇ ਆ ਕੇ ਸਹਾਰਾ ਲੈ ਸਕਦਾ ਹੈ । ਇਹ ਇਕ ਤਰ੍ਹਾਂ ਆਸਤਿਕ ਲੋਕਾਂ ਨੂੰ ਸਮਝਾਇਆ ਗਿਆ ਹੈ ਕਿ ਜੇ ਉਹ ਰੱਬ ਦੇ ਹੋ ਕੇ ਰਹਿਣਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਰੱਬ ਦੇ ਹਰ ਜੀਵ ਨੂੰ ਭਰਾ ਸਮਝਣਾ ਚਾਹੀਦਾ ਹੈ । ਮੰਦਰ, ਗੁਰਦੁਆਰੇ, ਮਸਜਿਦਾਂ ਤੇ ਗਿਰਜੇ ਸਭ ਦੀ ਸੇਵਾ ਵਿੱਚ ਖੋਲ੍ਹ ਦੇਣੇ ਚਾਹੀਦੇ ਹਨ, ਆਪਣੇ ਸਾਰੇ ਵਸੀਲੇ ਉਨ੍ਹਾਂ ਦੀ ਸਹਾਇਤਾ ਵਿੱਚ ਲਾ ਦੇਣੇ ਚਾਹੀਦੇ ਹਨ । ਜੋ ਇਸ ਤਰ੍ਹਾਂ ਨਹੀਂ ਕਰਦੇ ਉਹ ਰੱਬ ਤੋਂ ਦੂਰ ਰਹਿੰਦੇ ਹਨ, ਭਾਵੇਂ ਉਹ ਕਿੰਨੀਆਂ ਵੀ ਟਾਹਰਾਂ ਆਪਣੇ ਧਰਮ ਦੀ ਵਿਸ਼ੇਸ਼ਤਾ ਬਾਰੇ ਮਾਰਦੇ ਫਿਰਨ ।

## ਭਗਤਾਂ ਦੇ ਕਾਰਜ ਤੇ ਰੱਬ ਨੂੰ ਉਨ੍ਹਾਂ ਕਾਰਜਾਂ ਦੀ ਚਿੰਤਾ

ਆਪਣੇ ਬਚਪਨ ਵਿੱਚ ਆਪਣੀ ਪਾਲਣਾ ਦੇ ਸਮੇਂ ਆਪਣੀ ਮਾਤਾ ਪਾਸੋਂ ਵਾਹਿਗੁਰੂ ਦੀ ਭਗਤੀ ਤੇ ਪ੍ਰਾਣੀ-ਮਾਤਰ ਦੀ ਸੇਵਾ ਦੇ ਪ੍ਰਬਲ ਸੰਸਕਾਰ ਪ੍ਰਾਪਤ ਕਰਕੇ ਮੈਨੂੰ ਆਪਣੀ ੨੦ ਸਾਲਾਂ ਦੀ ਉਮਰ ਵਿੱਚ ਗੁਰਦੁਆਰਾ ਡੇਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋ ਗਿਆ । ਦੇਸ਼ ਦੀ ਵੰਡ ਦੇ ਸਮੇਂ ੧੮ ਅਗਸਤ ੧੯੪੭ ਤਕ ਮੇਰੇ ਹਿਰਦੇ ਉੱਤੇ ਉਸ ਮਹਾਨ ਅਸਥਾਨ ਦੇ ਪਵਿੱਤਰ ਤੇ ਸੇਵਾ ਭਰੇ ਵਾਤਾਵਰਨ ਦੀ ਜੋ ਛਾਪ ਲੱਗੀ ਉਸ ਦੇ ਸਿੱਟੇ ਦੇ ਤੌਰ 'ਤੇ ਮੇਰਾ ਜੀਵਨ ਸੇਵਾ ਤੇ ਉਪਕਾਰ ਦੇ ਸੱਚੇ ਵਿੱਚ ਬਹੁਤ ਹੱਦ ਤਕ ਢਲਿਆ । ਉਸ ਅਸਥਾਨ ਦੀ ਛਤਰ-ਛਾਇਆ ਹੇਠ ਆਪਣਾ ਜੀਵਨ ਬਤੀਤ ਕਰਦਿਆਂ ਹੋਇਆਂ ਪ੍ਰਾਣੀ-ਮਾਤਰ ਦੀ ਸੇਵਾ ਨਾਲ ਸੰਬੰਧ ਰੱਖਣ ਵਾਲੀਆਂ ਕਈ ਗੱਲਾਂ ਮੇਰੇ ਜੀਵਨ-ਵਿਵਹਾਰ ਦਾ ਇਹ ਨਿੱਗਰ ਹਿੱਸਾ ਬਣ ਗਈਆਂ । ਇਹ ਉਹ ਦਾਤ ਹੈ ਜਿਹੜੀ ਸਿੱਖ ਲੰਗਰਾਂ ਤੇ ਮੁਸਾਫ਼ਰਖ਼ਾਨਿਆਂ ਵਾਲੇ ਵੱਡੇ-ਵੱਡੇ ਗੁਰਦੁਆਰਿਆਂ ਤੋਂ ਜਗਿਆਸੂ ਨੂੰ ਪ੍ਰਾਪਤ ਹੋਇਆ ਕਰਦੀ ਹੈ ਤੇ ਜਿਸ ਦੀ ਗਵਾਹੀ ਗੁਰੂ-ਘਰ ਦੇ ਇਤਿਹਾਸ ਨਾਲ ਸੰਬੰਧ ਰੱਖਣ ਵਾਲਾ ਹੇਠ ਲਿਖਿਆ ਵਿਰਤਾਂਤ ਭਰਦਾ ਹੈ :-

### ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ॥

**(ਅੰਗ ੬੬੦)**

ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ, ਨਵੇਂ ਖ਼ਿਆਲ ਵਾਯੂ-ਮੰਡਲ ਵਿੱਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵਿਆਂ ਰੰਗਾਂ ਵਿੱਚ ਰੰਗਿਆ ਜਾਂਦਾ ਸੀ । ਸੇਵਾ-ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ, ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛਲੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ-ਮੈਲ ਤੋਂ ਸਾਫ਼ ਕਰ ਲਿਆ ਸੀ ਅਤੇ ਉਹ ਸਰੀਰ ਦੇ ਮਾਇਆ ਰੂਪੀ ਜਾਲ ਤੋਂ ਬਿਲਕੁਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕਮਿਕ ਹੋ ਗਏ ਸਨ । ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ-ਸਲੀਬ) ਦੀ ਨੀਂਹ ਰੱਖੀ ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ



ਇੱਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿੱਚ ਆਪਣੀ ਪਿੱਠ 'ਤੇ ਪਾਣੀ ਵਾਲੀ ਮਸ਼ਕ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ । ਉਹ ਆਪਣੇ ਨਾਲ ਜੰਗ ਦੇ ਮੈਦਾਨ ਨੂੰ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਦਾ ਮੁੱਢਲਾ ਸਮਾਨ ਵੀ ਲੈ ਜਾਂਦੇ ਸਨ ਅਤੇ ਜ਼ਰਾਹੀ (ਚੀਰ-ਫਾੜ) ਕਰਨ ਤੇ ਔਸ਼ਧੀ (ਦਵਾਈ) ਦੇ ਇਲਮਾਂ ਦੀ ਵੀ ਉਚੇਰੀ ਜਾਣਕਾਰੀ ਪ੍ਰਾਪਤ ਕਰਦੇ ਸਨ । ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ । ਉਨ੍ਹਾਂ ਨੇ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਤੇ ਦੇਸ਼ ਭਰ ਵਿੱਚ ਵਿੱਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪਹੁੰਚਾਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿੱਚ ਰਚਿਆ ਜਾਂਦਾ ਸੀ ।

(ਪ੍ਰੋ. ਪੂਰਨ ਸਿੰਘ ਦੀ ਅੰਗਰੇਜ਼ੀ ਪੁਸਤਕ 'ਦਸ ਗੁਰੂ ਸਾਹਿਬਾਨ' 'ਚੋਂ)

੧. **ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥**
**(ਅੰਗ ੭੪੯)**

੨. **ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ**
**ਮਿਲਿ ਸੰਗਤਿ ਗੁਣ ਪਰਗਾਸਿ ॥** **(ਅੰਗ ੪੯੨)**

ਨੇਕ ਕੰਮਾਂ ਲਈ ਸੰਸਕਾਰ ਥੋੜ੍ਹੀ ਜਾਂ ਬਹੁਤੀ ਮਾਤਰਾ ਵਿੱਚ ਹਰ ਮਨੁੱਖ ਦੇ ਹਿਰਦੇ ਵਿੱਚ ਹੁੰਦੇ ਹਨ । ਸਮਾਜ-ਸੇਵਾ ਦੇ ਬੜੇ-ਬੜੇ ਕੰਮ ਸਮਾਜ ਦੀਆਂ ਜਥੇਬੰਦੀਆਂ ਦੁਆਰਾ ਜਾਂ ਜਨਤਾ ਦੇ ਸਾਂਝੇ ਮਿਲਵਰਤਣ ਨਾਲ ਹੋ ਸਕਿਆ ਕਰਦੇ ਹਨ । ਅਜਿਹਾ ਕਰਨ ਲਈ ਲੋੜ ਕੇਵਲ ਇਸ ਗੱਲ ਦੀ ਹੁੰਦੀ ਹੈ ਕਿ ਜਨਤਾ ਵਿੱਚੋਂ ਹਰ ਇਕ ਬੰਦੇ ਨੂੰ ਇਨ੍ਹਾਂ ਕੰਮਾਂ ਦੀ ਮਹੱਤਤਾ ਤੇ ਉਨ੍ਹਾਂ ਨੂੰ ਕਰਨ ਵਾਲੀਆਂ ਜਥੇਬੰਦੀਆਂ ਦੀ ਇਮਾਨਦਾਰੀ ਦਾ ਭਰੋਸਾ ਕਰਾਇਆ ਜਾਵੇ । ਸੰਸਾਰ ਵਿੱਚ ਨਵੀਆਂ-ਨਵੀਆਂ ਸੰਸਥਾਵਾਂ ਜਨਮ ਲੈਂਦੀਆਂ ਰਿਹਾ ਕਰਦੀਆਂ ਹਨ । ਮਾਮੂਲੀ-ਮਾਮੂਲੀ ਘਰਾਂ ਵਿੱਚ ਜੰਮੇ-ਪਲੇ ਬੰਦੇ ਵੱਡੀਆਂ-ਵੱਡੀਆਂ ਸੰਸਥਾਵਾਂ ਨੂੰ ਜਨਮ ਦਿੱਤਾ ਕਰਦੇ ਹਨ । ਕਿਸੇ ਵੱਡੇ ਭਾਰੇ ਕੰਮ ਨੂੰ ਕਰਨ ਲਈ ਕਿਸੇ ਵੱਡੀ ਭਾਰੀ ਸੰਸਥਾ ਜਾਂ ਲਹਿਰ ਦਾ ਜਨਮ ਕਿਸੇ ਸਧਾਰਨ ਬੰਦੇ ਪਾਸੋਂ ਹੋ ਜਾਣਾ ਅਸੰਭਵ ਨਹੀਂ ਹੁੰਦਾ । ਭਾਈ ਗੁਰਦਾਸ ਜੀ ਨੇ ਕਿਸੇ ਬੰਦੇ ਵੱਲੋਂ ਕਿਸੇ ਵੱਡੇ ਭਾਰੇ ਕੰਮ ਦੇ ਹੱਥ ਵਿੱਚ ਲਏ ਜਾਣ ਅਤੇ ਉਸ ਦੇ ਸਫਲ ਹੋਣ ਲਈ ਜੋ ਸ਼ਰਤ ਬਿਆਨ ਕੀਤੀ ਹੈ ਉਹ ਉਨ੍ਹਾਂ ਦੇ ਹੇਠ ਲਿਖੇ ਵਾਕ ਵਿੱਚੋਂ ਮਿਲਦੀ ਹੈ ।

**ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ ।**

ਜਿਸ ਮਹਾਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗ਼ਰੀਬ ਤੇ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਸੇਵਾ ਤੇ ਸਹਾਇਤਾ ਲਈ ਹੇਠ ਲਿਖੀ ਬਾਣੀ ਦੀ ਰਚਨਾ ਕੀਤੀ ਹੋਵੇ ਤੇ ਭੁੱਖ ਤੇ ਉਸ ਤੋਂ ਪੈਦਾ ਹੋਣ ਵਾਲੇ ਰੋਗਾਂ ਤੋਂ ਮਰਨ ਵਾਲੇ ਬੰਦਿਆਂ ਦੀ ਸੇਵਾ ਤੇ ਸਹਾਇਤਾ ਲਈ ਜਿਸ ਦੇ ਜੀਵਨ ਦਾ ਇਤਿਹਾਸ ਹੇਠ ਲਿਖਿਆ ਹੋਵੇ ਉਸ ਦੇ ਜੋਤੀ-ਜੋਤਿ ਸਮਾਉਣ ਵਾਲੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਵੀਹਾਂ ਸਾਲਾਂ ਦੀ ਚੜ੍ਹਦੀ ਜਵਾਨੀ ਤੋਂ ੨੪ ਸਾਲਾਂ ਦਾ ਸਮਾਂ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਵਿੱਚ ਬਿਤਾਉਂਦਿਆਂ ਮੇਰੇ ਪਾਸੋਂ ਗ਼ਰੀਬ ਤੇ ਬੇਆਸਰੇ ਅਪਾਹਿਜਾਂ ਦੀ ਸੇਵਾ-ਸੰਭਾਲ ਦਾ ਕਾਰਜ ਪਿੰਗਲਵਾੜੇ ਦੇ ਰੂਪ ਵਿੱਚ ਆਰੰਭ ਹੋ ਜਾਣਾ ਅਸਚਰਜਤਾ ਵਾਲੀ ਗੱਲ ਨਹੀਂ ਸੀ:-

**ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥** (ਅੰਗ ੨੭੩)

## ਸ੍ਰੀ ਗੁਰੂ ਅਰਜਨ ਦੇਵ ਜੀ ਤੇ ਲਾਹੌਰ ਦਾ ਕਾਲ

ਲਾਹੌਰ ਸ਼ਹਿਰ ਵਿੱਚ ਕਾਲ ਪੈ ਗਿਆ । ਗੁਰੂ ਜੀ ਨੂੰ ਖ਼ਬਰਾਂ ਪੁੱਜ ਰਹੀਆਂ ਸਨ ਕਿ ਉਸ ਕਾਲ ਕਰਕੇ ਲਾਹੌਰ ਦੀ ਹਾਲਤ ਬਹੁਤ ਹੀ ਭਿਆਨਕ ਰੂਪ ਧਾਰਨ ਕਰ ਰਹੀ ਹੈ । ਸਮਕਾਲੀ ਇਤਿਹਾਸਕਾਰ ਨੂਰੁਲ ਹੱਕ ਦੇ ਕਥਨ ਅਨੁਸਾਰ—"**ਭੁੱਖ ਤੇ ਰੋਗਾਂ ਕਾਰਨ ਲਾਹੌਰ ਸ਼ਹਿਰ ਦੀਆਂ ਗਲੀਆਂ ਅਤੇ ਬਜ਼ਾਰ ਮੁਰਦਿਆਂ ਨਾਲ ਭਰੇ ਰਹਿੰਦੇ ਸਨ । ਉਨ੍ਹਾਂ ਨੂੰ ਸ਼ਹਿਰ ਵਿੱਚੋਂ ਚੁੱਕ ਕੇ ਬਾਹਰ ਦੱਬਣ, ਸਾੜਣ ਦਾ ਕੋਈ ਪ੍ਰਬੰਧ ਨਹੀਂ ਸੀ ।**" ਇਤਨੀ ਭੈੜੀ ਹਾਲਤ ਲਾਹੌਰ ਦੀ ਹੋ ਗਈ ਕਿ ਅਕਬਰ ਬਾਦਸ਼ਾਹ ਨੂੰ ਆਪ ਮੌਕੇ 'ਤੇ ਆਉਣਾ ਪਿਆ । ਸੰਨ ੧੫੯੯ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਲਾਹੌਰ ਪੁੱਜੇ । ਦਸਵੰਧ ਦੀ ਰਕਮ ਕਾਫ਼ੀ ਜਮ੍ਹਾਂ ਹੋ ਗਈ ਸੀ । ਗੁਰੂ ਜੀ ਨੇ ਲੋੜਵੰਦਾਂ ਨੂੰ ਸਹਾਇਤਾ ਪਹੁੰਚਾਣੀ ਸ਼ੁਰੂ ਕੀਤੀ, ਸਦਾ-ਵਰਤ ਲੰਗਰ ਜਾਰੀ ਕਰ ਦਿੱਤੇ । ਨਿਆਸਰਿਆਂ ਤੇ ਨਿਥਾਵਿਆਂ ਨੂੰ ਟਿਕਾਣਾ ਦੇਣ ਲਈ ਚੂਨੇ ਮੰਡੀ ਵਿੱਚ ਇਮਾਰਤ ਦਾ ਕੰਮ ਸ਼ੁਰੂ ਕਰ ਦਿੱਤਾ । ਡੱਬੀ ਬਜ਼ਾਰ ਵਿੱਚ ਬਾਉਲੀ ਬਣਾਉਣੀ ਸ਼ੁਰੂ ਕੀਤੀ । ਇਨ੍ਹਾਂ ਉਸਾਰੀ ਦੇ ਕੰਮਾਂ ਕਾਰਨ ਬੇਰੁਜ਼ਗਾਰਾਂ ਨੂੰ ਕੰਮ ਮਿਲਣੇ ਸ਼ੁਰੂ ਹੋ ਗਏ ਤੇ ਸਿਰ ਛੁਪਾਣ ਵਾਸਤੇ ਥਾਂ ਬਣ ਗਈ । ਮੁਰਦੇ ਚੁੱਕਣ, ਸਾੜਣ ਤੇ ਦਬਾਉਣ ਦਾ ਕੰਮ ਗੁਰੂ ਜੀ ਨੇ ਆਪ ਕੀਤਾ । ਲੋਕੀਂ ਵੇਖ ਕੇ ਵਾਹ-ਵਾਹ ਕਰ ਰਹੇ ਸਨ । ਅੱਠ ਮਹੀਨੇ ਆਪ ਲਾਹੌਰ ਹੀ ਰਹੇ ਤੇ ਫਿਰ ਉਸਾਰੀ ਦਾ



ਕੰਮ ਸਿੱਖਾਂ ਦੇ ਸਪੁੱਰਦ ਕਰਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਤੇ ਲੋੜਵੰਦਾਂ ਨੂੰ ਸਹਾਇਤਾ ਦੇਣ ਲਈ ਗਏ ।

**(ਸਾਡਾ ਇਤਿਹਾਸ 'ਦਸ ਪਾਤਿਸ਼ਾਹੀਆਂ' ਪੁਸਤਕ ਵਿੱਚੋਂ)**

ਮੇਰੇ ਜਨਮ ਤੋਂ ਹੀ ਵਾਹਿਗੁਰੂ ਨੇ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਸੁਤੰਤਰ ਰੱਖ ਕੇ ਸੰਸਾਰ ਦੇ ਲੰਬੇ ਚੌੜੇ ਖੇਤਰ ਵਿੱਚ ਇਕ ਫ਼ਕੀਰ ਦੇ ਤੌਰ 'ਤੇ ਆਪਣੀ ਪੂਰੀ ਲਗਨ ਨਾਲ ਪ੍ਰਾਣੀ-ਮਾਤਰ ਦੀ ਸੇਵਾ ਕਰਨ ਲਈ ਤਿਆਰ ਕੀਤਾ । ਸਮਾਜ ਦੇ ਕੰਮ ਸਮਾਜ-ਸੇਵਕ ਬੰਦੇ ਵਿਅਕਤੀਗਤ ਤੌਰ 'ਤੇ ਜਾਂ ਆਪਣੀਆਂ ਜਥੇਬੰਦੀਆਂ ਬਣਾ ਕੇ ਕਰਿਆ ਕਰਦੇ ਹਨ । ਮਨੁੱਖ ਜਾਤੀ ਦੇ ਨਾਲ ਸੰਬੰਧ ਰੱਖਣ ਵਾਲੇ ਜਿੰਨੇ ਮਸਲੇ ਹਨ, ਉਨ੍ਹਾਂ ਨੂੰ ਹੱਲ ਕਰਨ ਲਈ ਕੋਈ ਵੀ ਸੰਸਥਾ ਖੜ੍ਹੀ ਹੋ ਸਕਦੀ ਹੈ । ਜਿਸ ਮਸਲੇ ਨੂੰ ਹੱਲ ਕਰਨ ਲਈ ਕੋਈ ਸੰਸਥਾ ਖੜ੍ਹੀ ਹੋਣਾ ਚਾਹੇ, ਉਹ ਅਜਿਹਾ ਕਰ ਸਕਦੀ ਹੈ । ਮੈਂ ਹੁਣ ਇਸ ਸੰਸਥਾ ਦੇ ਆਦਰਸ਼ ਨੂੰ ਇਕ ਲਹਿਰ ਦੇ ਰੂਪ ਵਿੱਚ ਜਥੇਬੰਦ ਕਰਨ ਦੇ ਆਹਰ ਵਿੱਚ ਲੱਗਿਆ ਹੋਇਆ ਹਾਂ । ਪਿੰਗਲਵਾੜਾ ਅੰਮ੍ਰਿਤਸਰ ਸ਼ਹਿਰ ਵਿੱਚ ਭਾਰਤ ਦੀ ਸਰਹੱਦ ਉੱਤੇ ਹੈ, ਪਰ ਜੋ ਕੰਮ ਇਸ ਸੰਸਥਾ ਨੇ ਆਪਣੇ ਸਿਰ ਉੱਤੇ ਚੁੱਕਿਆ ਹੋਇਆ ਹੈ, ਉਹ ਦੇਸ਼ ਦੇ ਵਿਚਕਾਰ ਕਿਸੇ ਥਾਂ ਉੱਤੇ ਦੇਸ਼ ਦੇ ਇਕ ਕੇਂਦਰ ਦੇ ਰੂਪ ਵਿੱਚ ਹੋਣ ਵਾਲਾ ਹੈ । ਅੰਮ੍ਰਿਤਸਰ ਦਾ ਦਿਮਾਗ਼ੀ ਹਸਪਤਾਲ ਉੱਤਰੀ ਭਾਰਤ ਦਾ ਇਕ ਬਹੁਤ ਵੱਡਾ ਹਸਪਤਾਲ ਹੈ । ਅੰਮ੍ਰਿਤਸਰ ਦੇ ਦਿਮਾਗ਼ੀ ਹਸਪਤਾਲ ਵਰਗੇ ਹਸਪਤਾਲਾਂ ਤੋਂ ਇਲਾਜ ਕਰਾਉਣ ਵਾਲੇ *੩੫੦ ਬੇਆਸਰੇ ਰੋਗੀ ਇਸ ਵਕਤ ਪਿੰਗਲਵਾੜੇ ਵਿੱਚ ਮੌਜੂਦ ਹਨ ।

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥**
ਆਸਾ ਮਹਲਾ ੪ ॥ (ਅੰਗ ੪੫੦)

**ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ।**
(ਵਾਰ ੧ ਭਾਈ ਗੁਰਦਾਸ ਜੀ)

ਉੱਪਰ ਲਿਖੇ ਮਹਾਂ-ਵਾਕ ਰਹਿੰਦੀ ਦੁਨੀਆਂ ਤਕ ਅਨੇਕਾਂ ਵੀਹ-ਵੀਹ ਸਾਲ ਦੇ ਨੌਜਵਾਨਾਂ ਨੂੰ ਜੁੱਗੋ-ਜੁੱਗ ਅਟੱਲ ਰਹਿਣ ਵਾਲੇ ਗੁਰੂ ਦੇ ਝੰਡਿਆਂ ਵਾਲੇ ਇਤਿਹਾਸਿਕ ਗੁਰਧਾਮਾਂ ਦੀ ਸੇਵਾ ਲਈ ਆਪਣਾ ਤਨ ਮਨ ਉਸੇ ਤਰ੍ਹਾਂ ਅਰਪਣ ਕਰਨ ਜਾਂ ਵਾਰਨ ਲਈ ਪ੍ਰੇਰਦੇ ਰਹਿਣਗੇ ਜਿਵੇਂ ਭਾਈ ਬਹਿਲੋ, ਭਾਈ ਮੰਝ ਤੇ ਨਵਾਬ ਕਪੂਰ ਸਿੰਘ ਨੇ ਗੁਰੂ ਘਰ ਦੀ ਸੇਵਾ ਲਈ ਤਨ ਮਨ

*ਸੰਨ **2018** ਵਿੱਚ ਪਿੰਗਲਵਾੜੇ ਵਿੱਚ ਲਗਭਗ **1810** ਬੇਆਸਰੇ ਰੋਗੀ ਤੇ ਅਪਾਹਿਜ ਹਨ।

ਅਰਪਣ ਕੀਤਾ ਸੀ । ਨਿਥਾਵਿਆਂ ਦੀ ਥਾਂ ਸ੍ਰੀ ਦਰਬਾਰ ਸਾਹਿਬ ਦੀ ਰਚਨਾ ਨੂੰ ਸੰਪੂਰਨ ਕਰਨ ਵਾਲੇ ਤੇ ਸੰਸਾਰ ਦੇ ਪ੍ਰਾਣੀਆਂ ਦੇ ਕਲਿਆਣ ਲਈ 'ਧੁਰ ਕੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਤੇ ਸੁਖਮਨੀ ਸਾਹਿਬ' ਦੀ ਰਚਨਾ ਕਰਨ ਵਾਲੇ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਾਨ ਅਸਥਾਨ ਗੁਰਦਵਾਰਾ ਡੇਹਰਾ ਸਾਹਿਬ ਵਿਖੇ ੨੪ ਸਾਲਾਂ ਦੇ ਲਗਭਗ ਸਮਾਂ ਪ੍ਰਾਣੀ-ਮਾਤਰ ਦੀ ਸੇਵਾ ਵਿੱਚ ਬਤੀਤ ਕਰਨ ਨਾਲ ਮੇਰੇ ਮਨ ਦਾ, ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਦੇ ਸੱਚੇ ਵਿੱਚ ਢਲ ਜਾਣਾ ਕੁਦਰਤੀ ਸੀ । ਸਿੱਖ ਅਰਦਾਸ ਦੇ ਸ਼ਬਦ 'ਜਹਾਂ ਜਹਾਂ ਖ਼ਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ' ਉਹ ਮਹਾਨ ਸ਼ਬਦ ਹਨ ਜਿਨ੍ਹਾਂ ਨੂੰ ਦੋਨੋਂ ਵੇਲੇ ਉਚਾਰਣ ਤੇ ਸੁਣਨ ਵਾਲੇ ਲੱਖਾਂ ਗੁਰਸਿੱਖਾਂ ਤੇ ਸੇਵਕਾਂ ਨੂੰ ਉਨ੍ਹਾਂ ਸਿੱਖਾਂ ਦੀ ਸਹਾਇਤਾ ਕਰਨ ਲਈ ਪ੍ਰੇਰਦੇ ਹਨ, ਜਿਹੜੇ ਸੰਸਾਰ ਜਾਂ ਦੇਸ਼ ਦੇ ਅਨੇਕਾਂ ਲੋੜਵੰਦ ਥਾਵਾਂ ਉੱਤੇ ਗੁੰਮਨਾਮ ਤੇ ਨਿਰਧਨ ਹੁੰਦੇ ਹੋਏ ਦੇਸ਼ ਤੇ ਧਰਮ ਦੀ ਰੱਖਿਆ ਲਈ ਮਜ਼੍ਹਬ ਤੇ ਨਸਲ ਦੇ ਵਿਤਕਰਿਆਂ ਤੋਂ ਬੇਪ੍ਰਵਾਹ ਹੋ ਕੇ ਪ੍ਰਾਣੀ-ਮਾਤਰ ਦੀ ਅਨੇਕ ਪ੍ਰਕਾਰ ਦੀ ਸੇਵਾ ਤੇ ਸਰਬੱਤ ਦੇ ਭਲੇ ਲਈ ਕੰਮ ਕਰ ਰਹੇ ਹੁੰਦੇ ਹਨ । ਇਕ ਨਿਰਧਨ ਬੰਦੇ ਦੇ ਤੌਰ 'ਤੇ ਸੜਕਾਂ ਦੇ ਕੰਢਿਆਂ ਉੱਤੇ ਗ਼ਰੀਬ ਤੇ ਬੇਆਸਰੇ ਅਪਾਹਿਜਾਂ ਦੀ ਸੇਵਾ ਦਾ ਉਹ ਕੰਮ ਆਰੰਭ ਕਰਕੇ ਜਿਹੜਾ ਅੱਜ ਮੇਰੇ ਪਾਸੋਂ ਸਾਢੇ ਤਿੰਨ ਲੱਖ ਰੁਪਏ ਮਹੀਨੇ ਦੀ ਮੰਗ ਕਰਦਾ ਹੈ, ਜੇਕਰ ਮੈਂ ਉਸ ਕੰਮ ਦੇ ਖ਼ਰਚਿਆਂ ਦੀਆਂ ਥੁੜਾਂ ਕਰਕੇ ਡੋਲ ਨਹੀਂ ਰਿਹਾ ਤੇ ਕੇਵਲ ਇਸ ਲੇਖ ਦੇ ਆਰੰਭ ਵਿੱਚ ਦਿੱਤੇ ਗਏ ਉਸ ਸ਼ਬਦ ਦੀ ਓਟ ਨਾਲ ਜਿਸ ਦੇ ਅਰਥ ਹੇਠ ਲਿਖੇ ਹਨ:-

'ਜਿੱਥੇ-ਜਿੱਥੇ ਵੀ ਸੇਵਕ ਨੇ ਕੋਈ ਕਾਜ ਕਿਰਤ ਆਰੰਭੀ ਹੈ ਉੱਥੇ ਉੱਥੇ ਹੀ ਹਰੀ ਉਸ ਸੇਵਕ ਦੀ ਸਹਾਇਤਾ ਲਈ ਅੱਪੜਦਾ ਹੈ, ਉਸ ਦੇ ਅੰਦਰ ਜੁ ਵਰਤ ਗਿਆ ਹੁੰਦਾ ਹੈ, ਸੇਵਕ ਨੂੰ ਉਹ ਡੋਲਣ ਨਹੀਂ ਦਿੰਦਾ; ਪਰ ਜੇ ਸੱਚਮੁੱਚ ਸੇਵਕ ਉਸ ਦਾ ਹੋਇਆ ਹੈ...ਸੇਵਕ ਨੂੰ ਨੇੜੇ ਹੋ ਕੇ ਸਹੀ ਰਸਤਾ ਦਿਖਾਂਦਾ ਰਹਿੰਦਾ ਹੈ । ਇਸ ਲਈ ਸੇਵਕ ਡੋਲੇ ਕਿਉਂ? ਸਗੋਂ ਜੋ ਜੋ ਠਾਕੁਰ ਤੋਂ ਸੇਵਕ ਮੰਗਦਾ ਰਹਿੰਦਾ ਹੈ, ਉਹ ਤਤਕਾਲ ਹੁੰਦਾ ਰਹਿੰਦਾ ਹੈ । ਉਹ ਕੀ ਮੰਗਦਾ ਹੈ? ਉਹ ਧਰਮ ਦੇ ਕਾਰਜਾਂ ਦੀ ਪੂਰਤੀ ਮੰਗਦਾ ਹੈ, ਪੂਰਤੀ ਵੀ ਹਰ ਕੋਈ ਕੰਮ ਉਜਾੜ ਕੇ ਨਹੀਂ ਕਰਦਾ । ਦੁਨੀਆਂ ਨੂੰ ਇਸ ਰਾਹ ਪ੍ਰੇਰ ਕੇ ਹੀ ਕਰਦਾ ਹੈ ਸਭ ਦੇ ਅੰਦਰ ਜੁ ਉਹ ਹੋਇਆ ।'

ਕਿਸੇ ਗੁਰਦੁਆਰੇ ਦਾ ਸਭ ਤੋਂ ਵੱਡਾ ਕਾਰਜ ਗੁਰਬਾਣੀ ਦਾ ਪਾਠ ਤੇ ਕੀਰਤਨ ਹੁੰਦੇ ਹਨ । ਆਪਣੀ ਵੀਹਾਂ ਸਾਲਾਂ ਦੀ ਉਮਰ ਤੋਂ ਲੈ ਕੇ ੨੪



ਸਾਲਾਂ ਦਾ ਸਮਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ-ਜੋਤਿ ਸਮਾਉਣ ਦੇ ਮਹਾਨ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਗੁਜ਼ਾਰਦਿਆਂ ਹੋਇਆਂ ਮੇਰੇ ਕੰਨਾਂ ਵਿੱਚ ਜੋ ਅਣਗਿਣਤ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੇ ਜੋ ਅਣਗਿਣਤ ਸਾਖੀਆਂ ਗੁਰੂ ਘਰ ਦੇ ਇਤਿਹਾਸ ਦੀਆਂ ਪਈਆਂ, ਉਸ ਸਾਰੇ ਗਿਆਨ ਨੂੰ ਦੇਸ਼ ਤੇ ਦੁਨੀਆਂ ਦੇ ਬੰਦਿਆਂ ਤਕ ਪੁਚਾਉਣਾ ਮੇਰਾ ਕਰਤੱਵ ਬਣਦਾ ਹੈ, ਤਾਂ ਜੋ ਮੈਂ ਆਪਣੇ ਸਿਰ ਤੋਂ ਗੁਰੂ ਘਰ ਦਾ ਉਹ ਭਾਰਾ ਕਰਜ਼ਾ ਉਤਾਰ ਸਕਾਂ ਜਿਹੜਾ ਮੇਰੇ ਸਿਰ ਉੱਤੇ ਉਸ ਸਮੇਂ ਵਿੱਚ ਚੜ੍ਹਿਆ ਤੇ ੧੯੯੨ ਦੀ ਮੇਰੀ ਹੁਣ ੮੮ ਸਾਲਾਂ ਦੀ ਉਮਰ ਤਕ ਦਿਨ-ਪ੍ਰਤੀ-ਦਿਨ ਚੜ੍ਹਦਾ ਆ ਰਿਹਾ ਹੈ । ਧਰਮ ਦੇ ਪ੍ਰਚਾਰ ਨਾਲ ਦੇਸ਼ ਤੇ ਦੁਨੀਆਂ ਦੇ ਬੰਦਿਆਂ ਨੂੰ ਅਸਲ ਤੇ ਖ਼ੁਸ਼ਹਾਲੀ ਨਾਲ ਜੀਵਨ ਜਿਊਣ ਦੀ ਜਾਚ ਦੱਸਣ ਲਈ ਮੈਂ ਪ੍ਰਚਾਰ ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਕਰ ਰਿਹਾ ਹਾਂ । ਮੇਰਾ ਉਹ ਕਾਰਜ ਵੀ ਗੁਰੂ ਘਰ ਦੇ ਉਨ੍ਹਾਂ ਪੂਰਨਿਆਂ ਅਨੁਸਾਰ ਹੀ ਹੈ ਜਿਨ੍ਹਾਂ ਦਾ ਚਰਚਾ ਸ੍ਰੀ ਅਨੰਦਪੁਰ ਸਾਹਿਬ ਬਾਰੇ ਉੱਪਰ ਦਿੱਤੇ ਬਿਰਤਾਂਤ ਵਿੱਚ ਕੀਤਾ ਗਿਆ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਬਦ:

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥**

(ਅੰਗ ੪੯੨)

ਅਰਥਾਤ—ਗੁਰੂ ਸੰਗਤ ਵਿੱਚ ਮਿਲ ਕੇ ਬੰਦੇ ਦੇ ਆਤਮਿਕ ਗੁਣ ਮਸਲਨ—ਦਇਆ, ਧਰਮ, ਧੀਰਜ, ਨਿਮਰਤਾ, ਮਿਠਾਸ, ਸਤਿ, ਸੰਤੋਖ ਆਦਿਕ ਪ੍ਰਫੁੱਲਿਤ ਹੁੰਦੇ ਹਨ ।

## ਮੇਰੇ ਮਨ 'ਤੇ ਬੋਝ

ਦੁਨੀਆਂ ਦੀ ਅਬਾਦੀ ਵਧ ਰਹੀ ਹੈ । ਅਬਾਦੀ ਦੇ ਵਧਣ ਨਾਲ ਅੰਨ ਉਪਜਾਉਣ ਵਾਲੀ ਧਰਤੀ ਦਾ ਰਕਬਾ ਨਹੀਂ ਵਧ ਸਕਦਾ । ਜੇਕਰ ਵਧ ਰਹੀ ਅਬਾਦੀ ਦੀਆਂ ਖ਼ੁਰਾਕ ਤੇ ਕੱਪੜਾ ਆਦਿਕ ਵਸਤਾਂ ਦੀਆਂ ਵਧ ਰਹੀਆਂ ਲੋੜਾਂ ਦੇ ਸੰਬੰਧ ਵਿੱਚ ਦੁਨੀਆਂ ਦੇ ਬੰਦੇ ਇਕੋ ਗੱਲ ਨੂੰ ਸਨਮੁੱਖ ਰੱਖਣ ਕਿ ਵਧੇਰੇ ਬੱਚਿਆਂ ਨੂੰ ਜੰਮਣ ਤੋਂ ਰੋਕਣਾ ਹੀ ਇਕੋ-ਇਕ ਹੱਲ ਹੈ ਤੇ ਧਰਤੀ ਦੀ ਉਪਜਾਊ-ਸ਼ਕਤੀ ਦੀ ਰੱਖਿਆ ਦੇ ਸੰਬੰਧ ਵਿੱਚ ਕੁਝ ਸੋਚਣ ਦੀ ਲੋੜ ਨਹੀਂ, ਤਾਂ ਅਜਿਹਾ ਕਰਨਾ ਬੜੀ ਭਾਰੀ ਭੁੱਲ ਹੋਵੇਗੀ । ਜੇਕਰ ੯੯ ਬੰਦੇ ਟੱਟੀ ਫਿਰਨ ਵਾਲੇ ਹੋਣ ਤੇ ਇਕ ਜਣਾ ਚੁੱਕਣ ਵਾਲਾ ਹੋਵੇ ਤਾਂ ਸਫ਼ਾਈ ਨਹੀਂ ਰਹਿ ਸਕਦੀ । ਟੱਟੀ, ਗੋਬਰ ਆਦਿਕ ਵਸਤਾਂ ਨਾ ਕੇਵਲ ਧਰਤੀ ਦੀ ਉਪਜਾਊ-ਸ਼ਕਤੀ ਦੀਆਂ ਰੱਖਿਅਕ ਹਨ ਬਲਕਿ ਉਸ ਦੇ ਉਨ੍ਹਾਂ ਜ਼ਰੂਰੀ ਤੱਤਾਂ ਨੂੰ ਕਾਇਮ ਰੱਖਣ

ਲਈ ਵੀ ਜ਼ਰੂਰੀ ਹਨ ਜਿਨ੍ਹਾਂ ਬਿਨਾਂ ਬੰਦੇ ਦੀ ਤੰਦਰੁਸਤੀ ਕਾਇਮ ਨਹੀਂ ਰਹਿ ਸਕਦੀ । ਡਾਕਟਰ ਦੀ ਸਮਾਜ ਵਿੱਚ ਬੜੀ ਉੱਚੀ ਪਦਵੀ ਹੈ । ਇੰਗਲੈਂਡ ਦੇਸ਼ ਦੇ ਸੰਸਾਰ-ਪ੍ਰਸਿੱਧ ਵਿਦਵਾਨ ਬਰਨਾਰਡ ਸ਼ਾਅ ਨੇ ਲਿਖਿਆ ਸੀ ਕਿ ਜੇ ਖ਼ੁਰਾਕ ਹੀ ਪੈਦਾ ਨਾ ਹੋਵੇ ਤਾਂ ਡਾਕਟਰੀ ਕਿਸੇ ਕੰਮ ਨਹੀਂ ਆ ਸਕਦੀ । ਦੇਸ਼ ਦੇ ਬੰਦੇ ਗੋਬਰ ਤੇ ਟੱਟੀ ਨੂੰ ਚੁੱਕਣ ਦੇ ਕੰਮ ਨੂੰ ਘਟੀਆ ਦਰਜੇ ਦਾ ਕੰਮ ਗਿਣ ਕੇ ਆਪਣੀਆਂ ਜਾਨਾਂ ਨੂੰ ਖ਼ਤਰੇ ਵਿੱਚ ਪਾ ਰਹੇ ਹਨ । ਗਰਭ ਨੂੰ ਰੋਕਣ ਦੀਆਂ ਦਵਾਈਆਂ ਖਾਣੀਆਂ ਜਾਂ ਓਪਰੇਸ਼ਨ ਕਰਾ ਕੇ ਬਾਂਝ ਬਣਨਾ ਕੋਈ ਖੇਲ-ਤਮਾਸ਼ੇ ਦੀਆਂ ਗੱਲਾਂ ਨਹੀਂ ਹਨ । ਅੰਨ ਦੀ ਪੈਦਾਵਾਰ ਨੂੰ ਵਧਾਉਣ ਦੇ ਪੂਰੇ ਯਤਨਾਂ ਦੇ ਪਿੱਛੋਂ ਹੀ ਇਨ੍ਹਾਂ ਗੱਲਾਂ ਵੱਲ ਧਿਆਨ ਦੇਣਾ ਅਕਲ ਦੀ ਗੱਲ ਹੋ ਸਕਦੀ ਹੈ । ਖੇਤੀ ਤੋਂ ਬਾਹਰ ਧਰਤੀ ਉੱਤੇ ਅਨੇਕਾਂ ਥਾਵਾਂ ’ਤੇ ਪਏ ਹੋਏ ਗੋਹੇ ਜਾਂ ਟੱਟੀ ਨੂੰ ਵਿਨੋਬਾ ਭਾਵੇ ਦੇ ਭਰਾ ਵਾਂਗ ਸੇਵਾ ਦੇ ਭਾਵ ਨਾਲ ਚੁੱਕਣ ਲਈ ਕੋਈ ਤਿਆਰ ਨਹੀਂ, ਖੇਤਾਂ ਤੋਂ ਬਾਹਰ ਪਏ ਹੋਏ ਟੱਟੀ, ਗੋਹੇ ਆਦਿਕ ਕੂੜੇ ਨੂੰ ਚੁੱਕਣ ਦਾ ਇਕ ਸਾਧਨ ਸ਼ਹਿਰ ਦੇ ਤਨਖ਼ਾਹਦਾਰ ਸਫ਼ਾਈ ਮਜ਼ਦੂਰ ਹਨ; ਪਰ ਜਦੋਂ ਉਹ ਦੇਖਦੇ ਹਨ ਕਿ ਗ਼ੰਦਗੀ ਖ਼ਿਲਾਰਨ ਵਾਲੇ ੯੯ ਬੰਦਿਆਂ ’ਚੋਂ ਕੋਈ ਬੰਦਾ ਉਸ ਨੂੰ ਚੁੱਕ ਕੇ ਖੇਤਾਂ ਲਈ ਸਾਂਭਣ ਲਈ ਤਿਆਰ ਨਹੀਂ ਤਾਂ ਉਹ ਆਪ ਵੀ ਇਸ ਕੂੜੇ ਦੀ ਕੋਈ ਮਹੱਤਤਾ ਨਹੀਂ ਗਿਣਦੇ । ਭਾਰਤ ਦੇ ਸ਼ਹਿਰਾਂ ਦੀ ਆਬਾਦੀ ਚੌਦਾਂ ਕਰੋੜ ਦੇ ਕਰੀਬ ਹੈ । ਇਸ ਅਬਾਦੀ ਦੀ ਸਾਲ ਭਰ ਦੀ ਟੱਟੀ ਡੇਢ ਲੱਖ ਟਨ ਹੁੰਦੀ ਹੈ । ਉਸ ਵਿੱਚੋਂ ਕੇਵਲ ਚਾਲੀ ਲੱਖ ਟਨ ਹੀ ਖੇਤਾਂ ਨੂੰ ਜਾਂਦੀ ਹੈ । ਸ਼ਹਿਰਾਂ ਦੀ ਸੰਘਣੀ ਅਬਾਦੀ ਤੋਂ ਬਾਹਰ ਸੜਕਾਂ ਦੇ ਸਾਰੇ ਕੂੜੇ ਨੂੰ ਜਿਸ ਵਿੱਚ ਗੋਹਾ, ਲਿੱਦ, ਫਲਾਂ ਦੇ ਛਿੱਲੜ, ਰੁੱਖਾਂ ਦੇ ਪੱਤੇ ਤੇ ਕਿਸੇ ਥਾਂ ਟੱਟੀ ਵੀ ਸ਼ਾਮਲ ਹੁੰਦੀ ਹੈ, ਉਸ ਨੂੰ ਸਫ਼ਾਈ ਮਜ਼ਦੂਰ ਕੂੜੇ ਦੇ ਢੇਰਾਂ ਵਾਲੇ ਡੀਪੂਆਂ ਵਿੱਚ ਨਹੀਂ ਪਹੁੰਚਾਉਂਦੇ ਬਲਕਿ ਤੀਲੀ ਲਾ ਕੇ ਸਾੜਦੇ ਰਹਿੰਦੇ ਹਨ । ਸਫ਼ਾਈ ਮਜ਼ਦੂਰ ਸ਼ਹਿਰਾਂ ਤੋਂ ਬਾਹਰਲੀਆਂ ਸੜਕਾਂ ਦੇ ਕੂੜੇ ਨੂੰ ਡੀਪੂਆਂ ’ਤੇ ਪਹੁੰਚਾਣ ਲਈ ਉਸ ਸੂਰਤ ਵਿੱਚ ਹੀ ਤਿਆਰ ਹੋ ਸਕਦੇ ਹਨ ਜੇਕਰ ਦੂਜੇ ਆਮ ਬੰਦੇ ਇਸ ਕੰਮ ਨੂੰ ਨਿਰਾਦਰੀ ਵਾਲਾ ਕੰਮ ਨਾ ਗਿਣਨ । ਸ਼ਹਿਰਾਂ ਵਿੱਚ ਸੜਕਾਂ ਉੱਤੇ ਪਏ ਹੋਏ ਕੂੜੇ ਵਿੱਚ ਸ਼ੀਸ਼ੇ ਦੇ ਟੁਕੜੇ, ਮੇਖ਼ਾਂ ਤੇ ਖੁਰੀਆਂ ਆਦਿ ਵਸਤਾਂ ਰਲ ਕੇ ਉਸ ਨੂੰ ਖੇਤਾਂ ਵਿੱਚ ਵਰਤੇ ਜਾਣ ਦੇ ਯੋਗ ਨਹੀਂ ਰਹਿਣ ਦਿੰਦੀਆਂ, ਅਜਿਹੀਆਂ ਵਸਤਾਂ ਨੂੰ ਧਰਤੀ ਤੋਂ ਚੁੱਕਣਾ ਚਾਹੀਦਾ ਹੈ ।

—o—



**ਦੇਸ਼ ਤੇ ਸੰਸਾਰ ਦੀਆਂ ਹਰ ਪ੍ਰਕਾਰ ਦੀਆਂ ਸਮੱਸਿਆਵਾਂ ਦੀ ਖੋਜ ਤੇ**

## ਪ੍ਰਚਾਰ ਲਈ ਵੰਡੇ ਜਾ ਰਹੇ ਪਿੰਗਲਵਾੜੇ ਦੇ

ਕਿਤਾਬਚਿਆਂ ਤੇ ਇਸ਼ਤਿਹਾਰਾਂ ਦੇ ਕਾਰਜ ਵਿੱਚ ਸ਼ਾਮਲ ਹੋ ਕੇ ਦੇਸ਼ ਤੇ ਸੰਸਾਰ ਵਿੱਚ ਸੁੱਖ-ਸ਼ਾਂਤੀ ਲਿਆਉਣ ਲਈ ਆਪਣਾ ਹਿੱਸਾ ਪਾਓ ।

## GOVERNMENT OF THE COMMUNITY

If we look upon democracy as a mark of civilization, the budding citizen must not take things for granted, but must know how they have come into being, must know their value, and consequently learn to cherish and fight for their preservation when they are challenged. Before the form to be taken by education for citizenship can be determined, the young citizen should understand what underlies the appeals of democracy and of dictatorship. One of the conscious and deliberate aims of teacher must therefore be to interest his pupils in the affairs of the modern world and thus help to develop a wise social judgement. This is not done at any rate, in normal times, anywhere near enough. In fact, just as in science or medicine, so in national and international affairs, the public in general is far too opathetic and shows little or no interest until something goes wrong, such as war. How many time have we heard people say recently, *"I have learned more geography and history during this war than I had learned in the rest of my life before."*

Book—Social Studies & World Citizenship
By-L.J.F. Brimble, Manchester, England.

## ਭਾਈਚਾਰੇ ਦੀ ਸਰਕਾਰ

ਜੇਕਰ ਅਸੀਂ ਲੋਕ-ਰਾਜ ਨੂੰ ਸੱਭਿਅਤਾ ਦਾ ਲੱਛਣ ਗਿਣਦੇ ਹਾਂ ਤਾਂ ਫਿਰ ਜੀਵਨ ਦੇ ਪੰਧ ਵਿੱਚ ਪੈਰ ਧਰਨ ਲੱਗੇ ਹਰ ਨਾਗਰਿਕ ਨੂੰ ਲੋਕ-ਰਾਜ ਦੀ ਹਰ ਚੀਜ਼ ਚੁੱਪ-ਚਾਪ ਨਹੀਂ ਮੰਨ ਲੈਣੀ ਚਾਹੀਦੀ, ਬਲਕਿ ਇਹ ਪਤਾ ਵੀ ਜ਼ਰੂਰ ਕਰਨਾ ਚਾਹੀਦਾ ਹੈ ਕਿ ਉਹ ਚੀਜ਼ ਕਿਵੇਂ ਪੈਦਾ ਹੋਈ । ਉਸ ਨੂੰ ਉਨ੍ਹਾਂ ਚੀਜ਼ਾਂ ਦੀ ਮਹਾਨਤਾ ਸਮਝਣੀ ਚਾਹੀਦੀ ਹੈ, ਉਨ੍ਹਾਂ ਨਾਲ ਪਿਆਰ ਕਰਨਾ ਚਾਹੀਦਾ ਹੈ ਤੇ ਜਦ ਕਦੀ ਉਹਨਾਂ ਲਈ ਖ਼ਤਰਾ ਪੈਦਾ ਹੋਵੇ ਤਾਂ ਉਹਨਾਂ ਨੂੰ ਬਚਾਉਣ ਲਈ ਲੜਨਾ ਚਾਹੀਦਾ ਹੈ ਕਿ ਨਾਗਰਿਕਤਾ ਦਾ ਰੂਪ ਵਿੱਦਿਆ ਦੁਆਰਾ ਨਿਸ਼ਚਿਤ ਕਰਨ ਤੋਂ ਪਹਿਲਾਂ ਉਸ ਨੂੰ ਇਸ ਗੱਲ ਦਾ ਪਤਾ ਕਰਨਾ ਚਾਹੀਦਾ ਹੈ ਕਿ ਲੋਕ-ਰਾਜ ਅਤੇ ਡਿਕਟੇਟਰੀ ਦੇ ਹੱਕ ਵਿੱਚ ਕੀਤੀਆਂ ਜਾਣ ਵਾਲੀਆਂ ਅਪੀਲਾਂ ਦੀ ਤਹਿ ਹੇਠ ਕੀ-ਕੀ ਗੱਲਾਂ ਹਨ? ਇਸ ਲਈ ਹਰ ਅਧਿਆਪਕ ਦੇ ਸੋਚੇ ਸਮਝੇ ਮਨੋਰਥਾਂ ਵਿੱਚੋਂ ਇਕ ਮਨੋਰਥ ਇਹ ਵੀ ਹੋਣਾ ਚਾਹੀਦਾ ਹੈ ਕਿ ਉਹ ਆਪਣੇ ਸ਼ਗਿਰਦਾਂ ਅੰਦਰ ਵਰਤਮਾਨ ਸੰਸਾਰ ਦੀਆਂ ਸਮੱਸਿਆਵਾਂ ਲਈ ਦਿਲਚਸਪੀ ਪੈਦਾ ਕਰੇ ਅਤੇ ਉਹਨਾਂ ਨੂੰ ਸਮਾਜਿਕ ਸਮੱਸਿਆਵਾਂ ਉੱਤੇ ਆਪਣੇ ਸਿਆਣਪ ਭਰੇ ਵਿਚਾਰ ਪੈਦਾ ਕਰਨ ਲਈ ਹਦਾਇਤਾਂ ਦੇਵੇ । ਘੱਟੋ-ਘੱਟ ਇਸ ਸਮੇਂ ਤਾਂ ਅਜਿਹੀ ਵਿੱਦਿਆ ਘੱਟ ਹੀ ਦਿੱਤੀ ਜਾ ਰਹੀ ਹੈ । ਸੱਚ ਇਹ ਹੈ ਕਿ ਜਿਵੇਂ ਸਾਇੰਸ ਅਤੇ ਦਵਾਈ ਦੇ ਮਾਮਲੇ ਵਿੱਚ ਆਮ ਜਨਤਾ ਬੇਪ੍ਰਵਾਹ ਹੁੰਦੀ ਹੈ ਤਿਵੇਂ ਹੀ ਕੌਮੀ ਅਤੇ ਕੌਮਾਂਤਰੀ ਸਮੱਸਿਆਵਾਂ ਵਿੱਚ ਭੀ ਉਹ ਉਦੋਂ ਤਕ ਹੀ ਕੋਈ ਦਿਲਚਸਪੀ ਨਹੀਂ ਲੈਂਦੀ ਜਦੋਂ ਤਕ ਕਿ ਕੋਈ ਚੋਖਾ ਵਿਗਾੜ ਨਾ ਪੈਦਾ ਹੋ ਜਾਏ, ਜਿਵੇਂ ਕਿ ਜੰਗ ਦਾ ਆਰੰਭ ਹੋ ਜਾਣਾ । ਪਿੱਛੇ ਜਿਹੇ ਅਸੀਂ ਲੋਕਾਂ ਨੂੰ ਕਿੰਨੀ ਵਾਰ ਇਹ ਗੱਲ ਆਖਦਿਆਂ ਸੁਣਿਆ ਹੈ—"ਮੈਂ ਜਿੰਨਾ ਜੁਗਰਾਫੀਆ ਅਤੇ ਤਵਾਰੀਖ਼ ਇਸ ਜੰਗ ਦੇ ਦਿਨਾਂ ਵਿੱਚ ਪੜ੍ਹੇ ਹਨ ਉਤਨਾ ਬਾਕੀ ਸਾਰੀ ਜ਼ਿੰਦਗੀ ਵਿੱਚ ਨਹੀਂ ਪੜ੍ਹੇ ।"

—ਇੰਗਲੈਂਡ ਦੇ ਪ੍ਰੋਫ਼ੈਸਰ ਐੱਲ.ਜੇ.ਐੱਫ. ਬ੍ਰਿੰਬਲ ਦੀ ਲਿਖੀ ਹੋਈ ਪੁਸਤਕ 'ਸੋਸ਼ਲ ਸਟੱਡੀਜ਼ ਐਂਡ ਵਰਲਡ ਸਿਟੀਜ਼ਨਸ਼ਿਪ' ਵਿੱਚੋਂ।



## "ਐ ਬ੍ਰਾਹਮਣ ਰਾਜਨੀਤੀ ਦੀ ਸਿੱਖਿਆ ਵੀ ਮੈਂ ਤੈਥੋਂ ਲਵਾਂਗਾ"

ਉੱਪਰ ਲਿਖੇ ਸ਼ਬਦ ਹਿੰਦੂ ਧਰਮ ਦੇ ਕਿਸੇ ਸ਼ਾਸਤਰ ਦੇ ਹਨ ਤੇ ਇਹ ਕਿਸੇ ਜਜਮਾਨ ਵੱਲੋਂ ਆਪਣੇ ਬ੍ਰਾਹਮਣ ਪ੍ਰੋਹਿਤ ਨੂੰ ਕਹੇ ਗਏ ਹਨ । ਇਹਨਾਂ ਸ਼ਬਦਾਂ ਦਾ ਭਾਵ-ਅਰਥ ਇਹ ਹੈ ਕਿ ਇਕ ਗ੍ਰਿਹਸਥੀ ਬੰਦਾ ਆਪਣੇ ਦਿਨ-ਪ੍ਰਤੀ-ਦਿਨ ਦੇ ਸਵੇਰ ਤੋਂ ਸ਼ਾਮ ਤਕ ਦੇ ਕੰਮਾਂ ਵਿੱਚ ਏਨਾ ਰੁੱਝਿਆ ਰਹਿੰਦਾ ਹੈ ਕਿ ਉਸ ਨੂੰ ਆਪਣੇ ਕੰਮਾਂ ਨੂੰ ਛੱਡ ਕੇ ਨਾ ਹੀ ਸਥਾਨਿਕ ਤੌਰ 'ਤੇ ਅਤੇ ਨਾ ਹੀ ਦੂਰ-ਦੁਰਾਡੇ ਥਾਵਾਂ 'ਤੇ ਪੁੱਜ ਕੇ ਕਿਸੇ ਪ੍ਰਕਾਰ ਦਾ ਗਿਆਨ ਪ੍ਰਾਪਤ ਕਰਨ ਦਾ ਸਮਾਂ ਮਿਲਿਆ ਕਰਦਾ ਹੈ । ਜਿਸ ਕਦੀਮੀ ਸਮੇਂ ਇਹ ਸਲੋਕ ਰਚਿਆ ਗਿਆ ਸੀ ਉਸ ਸਮੇਂ ਨਾ ਛਾਪਾਖ਼ਾਨਾ ਸੀ ਜਿਸ ਨਾਲ ਵਰਤਮਾਨ ਕਾਲ ਵਿੱਚ ਪੁਸਤਕਾਂ, ਅਖ਼ਬਾਰਾਂ ਤੇ ਸਪਤਾਹਿਕ ਤੇ ਮਾਸਿਕ-ਪੱਤਰ ਛਪਦੇ ਹਨ, ਨਾ ਹੀ ਰੇਡੀਓ ਤੇ ਟੈਲੀਵਿਜ਼ਨ ਜਿਨ੍ਹਾਂ ਸਾਧਨਾਂ ਦੁਆਰਾ ਵਰਤਮਾਨ ਯੁੱਗ ਵਿੱਚ ਲੋਕੀਂ ਆਪਣੇ ਘਰਾਂ ਵਿੱਚ ਬੈਠੇ ਹੋਏ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰ ਰਹੇ ਹਨ ਤੇ ਨਾ ਹੀ ਉਸ ਸਮੇਂ ਵਿੱਚ ਸਿਨੇਮਾ ਹੀ ਈਜਾਦ ਹੋਇਆ ਸੀ ਜਿਸ ਦੁਆਰਾ ਅੱਜ ਸ਼ਹਿਰਾਂ ਦੇ ਲੋਕੀਂ ਅਨੇਕ ਪ੍ਰਕਾਰ ਦਾ ਗਿਆਨ ਪ੍ਰਾਪਤ ਕਰ ਸਕਦੇ ਹਨ । ਉਨ੍ਹਾਂ ਦਿਨਾਂ ਵਿੱਚ ਹਰ ਤਰ੍ਹਾਂ ਦਾ ਸਮਾਜਿਕ ਗਿਆਨ ਪ੍ਰਾਪਤ ਕਰਨ ਲਈ ਬੰਦੇ ਨੂੰ ਹਰ ਸਾਲ ਆਉਣ ਵਾਲੇ, ਛੇ ਸਾਲਾਂ ਮਗਰੋਂ ਆਉਣ ਵਾਲੇ ਤੇ ਬਾਰਾਂ ਸਾਲਾਂ ਮਗਰੋਂ ਆਉਣ ਵਾਲੇ ਹਰਦੁਆਰ ਇਲਾਹਾਬਾਦ (ਪ੍ਰਯਾਗ ਰਾਜ) ਵਰਗੇ ਤੀਰਥਾਂ ਦੇ ਕੁੰਭਾਂ ਨੂੰ ਜਾਣ ਦੀ ਲੋੜ ਹੁੰਦੀ ਸੀ, ਜਿਨ੍ਹਾਂ ਅਵਸਰਾਂ 'ਤੇ ਦੇਸ਼ ਦੇ ਵੱਡੇ-ਵੱਡੇ ਵਿਦਵਾਨ ਜਨਤਾ ਨੂੰ ਦੇਸ਼ ਤੇ ਦੁਨੀਆਂ ਦੀਆਂ ਸਮੱਸਿਆਵਾਂ ਉੱਤੇ ਖੋਜ-ਭਰਪੂਰ ਵਿਖਿਆਨ ਦਿੱਤਾ ਕਰਦੇ ਸਨ ।

ਉਹਨਾਂ ਸਮਿਆਂ ਵਿੱਚ ਸਮਾਜ ਨੂੰ ਧਾਰਮਿਕ, ਰਾਜਸੀ ਤੇ ਸਮਾਜਿਕ ਗਿਆਨ ਪ੍ਰਾਪਤ ਕਰਨ ਤੇ ਉਸ ਦੇ ਪ੍ਰਚਾਰ ਲਈ ਅਜਿਹੇ ਬੰਦਿਆਂ ਦੀ ਲੋੜ ਹੁੰਦੀ ਸੀ ਜਿਹੜੇ ਆਪਣੇ ਘਰਾਂ ਵਿੱਚ ਬੈਠੇ ਹੋਏ ਤੇ ਦੂਰ-ਦੁਰਾਡੇ ਪੁੱਜ ਕੇ ਵਿਦਵਾਨਾਂ ਪਾਸੋਂ ਗਿਆਨ ਪ੍ਰਾਪਤ ਕਰਦੇ ਸਨ । ਇਸ ਲਈ ਭਾਰਤ ਦੇ ਸਮਾਜ ਦੇ ਬਾਨ੍ਹਣੂੰ ਬੰਨ੍ਹਣ ਵਾਲੇ ਸ਼ਾਸਤਰਕਾਰਾਂ ਨੇ ਇਕ ਅਜਿਹੀ ਜਮਾਤ ਪੈਦਾ

ਕੀਤੀ ਜਿਸ ਦਾ ਕੰਮ ਹਰ ਪ੍ਰਕਾਰ ਦੇ ਗਿਆਨ ਦੀ ਖੋਜ ਕਰਨਾ ਤੇ ਉਸ ਦਾ ਪ੍ਰਚਾਰ ਕਰਨਾ ਹੀ ਥਾਪਿਆ ਗਿਆ । ਉਹ ਜਮਾਤ ਬ੍ਰਾਹਮਣਾਂ ਦੀ ਜਮਾਤ ਸੀ ਤੇ ਉਹਨਾਂ ਦੇ ਗੁਜ਼ਾਰੇ ਲਈ ਜੰਮਣ-ਮਰਨ, ਦਿਨ-ਦਿਹਾਰ ਤੇ ਹੋਰਨਾਂ ਅਨੇਕਾਂ ਖੁਸ਼ੀ-ਗ਼ਮੀ ਦੇ ਅਵਸਰਾਂ ਉੱਤੇ ਦਾਨ ਦੇ ਏਨੇ ਬਾਨ੍ਹਣੂੰ ਬੰਨੇ ਗਏ ਕਿ ਕੁਝ ਜਜਮਾਨਾਂ ਦੇ ਘਰਾਂ ਦੇ ਸਿਰ ਉੱਤੇ ਹੀ ਇਕ ਬ੍ਰਾਹਮਣ ਪਰਿਵਾਰ ਦਾ ਚੰਗਾ ਗੁਜ਼ਾਰਾ ਚੱਲ ਜਾਂਦਾ ਸੀ ।

ਪੁਰਾਣਾ ਜ਼ਮਾਨਾ ਟਿਕਵੀਂ ਚਾਲ ਨਾਲ ਤੁਰਦਾ ਸੀ ਤੇ ਉਸ ਵਿੱਚ ਬੰਦੇ ਦੇ ਰਹਿਣ-ਸਹਿਣ ਦੇ ਢੰਗ ਹਜ਼ਾਰਾਂ ਸਾਲਾਂ ਤਕ ਇਕੋ ਜਿਹੇ ਰਹਿੰਦੇ ਸਨ, ਜਿਨ੍ਹਾਂ ਵਿੱਚ ਕੋਈ ਅਦਲਾ-ਬਦਲੀ ਨਾ ਹੋਈ । ਪਰ ਵਰਤਮਾਨ ਕਾਲ ਦੀ ਮਸ਼ੀਨੀ ਸੱਭਿਅਤਾ ਨੇ ਬੰਦੇ ਦੇ ਰਹਿਣ-ਸਹਿਣ ਦੇ ਢੰਗਾਂ ਵਿੱਚ ਬੜੀ ਅਦਲਾ-ਬਦਲੀ ਕਰ ਦਿੱਤੀ ਹੈ ਤੇ ਉਹਨਾਂ ਵਿੱਚ ਹਰ ਪਲ ਹੋਰ ਵਾਧਾ ਹੁੰਦਾ ਰਹਿੰਦਾ ਹੈ, ਇਸ ਲਈ ਬੰਦੇ ਨੂੰ ਹਰੇਕ ਪ੍ਰਕਾਰ ਦੇ ਖ਼ਤਰਿਆਂ ਤੋਂ ਬਚਣ, ਸੁੱਖ-ਸ਼ਾਂਤੀ ਨਾਲ ਜਿਊਣ ਤੇ ਉੱਨਤੀ ਕਰਨ ਲਈ ਅਨੇਕ ਪ੍ਰਕਾਰ ਦੇ ਗਿਆਨ ਦੀ ਖੋਜ ਦੀ ਲੋੜ ਰਹਿੰਦੀ ਹੈ । ਇਸ ਕਾਰਜ ਲਈ ਵਰਤਮਾਨ ਕਾਲ ਵਿੱਚ ਅਜਿਹੇ ਬੰਦਿਆਂ ਦੀ ਲੋੜ ਹੈ ਜਿਹੜੇ ਆਪਣੇ ਲੜਕਪਨ ਦੇ ਸਮੇਂ ਆਪਣਾ ਸਾਰਾ ਜੀਵਨ ਦੇਸ਼ ਤੇ ਸੰਸਾਰ ਦੀਆਂ ਸਮੱਸਿਆਵਾਂ ਦੀ ਖੋਜ ਤੇ ਜਨਤਾ ਵਿੱਚ ਉਸ ਦੇ ਪ੍ਰਚਾਰ ਲਈ ਸਾਧਾਂ ਵਾਂਗ ਲਗਾ ਦੇਣ ।

ਸੰਨ ੧੯੨੭ ਵਿੱਚ ਕੁਝ ਮਹੀਨੇ ਮਹਾਤਮਾ ਗਾਂਧੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ 'ਯੰਗ ਇੰਡੀਆ' ਪੜ੍ਹਨ ਦਾ ਅਵਸਰ ਮੈਨੂੰ ਲਾਹੌਰ ਸ਼ਹਿਰ ਵਿੱਚ ਮਿਲਿਆ । ਉਸ ਅਖ਼ਬਾਰ ਦੇ ਲੇਖਾਂ ਨੂੰ ਪੜ੍ਹ ਕੇ ਮੈਨੂੰ ਪਤਾ ਲੱਗਿਆ ਕਿ ਦੇਸ਼ ਦੀ ਆਰਥਿਕ ਹਾਲਤ ਬਹੁਤ ਖ਼ਰਾਬ ਹੈ ਤੇ ਉਸ ਦਾ ਵੱਡਾ ਕਾਰਨ ਪਿੰਡਾਂ ਦੀ ਹੱਥ ਕੱਤੇ ਤੇ ਹੱਥ ਬੁਣੇ ਕੱਪੜੇ ਦੀ ਘਰੇਲੂ ਦਸਤਕਾਰੀ ਦਾ ਬਰਬਾਦ ਹੋਣਾ ਹੈ ਜਿਹੜੀ ਬਰਬਾਦੀ ਉਸ ਵੇਲੇ ਦੀ ਵਿਦੇਸ਼ੀ ਹਕੂਮਤ ਦੇ ਹੱਥੋਂ ਹੋਈ ਹੈ । ਉਸ ਸਰਕਾਰ ਨੇ ਅਜਿਹਾ ਇਸ ਲਈ ਕੀਤਾ ਕਿਉਂਕਿ ਉਸ ਦੇ ਆਪਣੇ ਦੇਸ਼ ਦੇ ਕਾਰਖ਼ਾਨਿਆਂ ਦਾ ਕਰੋੜਾਂ ਰੁਪਏ ਦਾ ਕੱਪੜਾ ਭਾਰਤ ਵਿੱਚ ਆ ਕੇ ਹਰ ਸਾਲ ਵਿਕ ਸਕੇ । ਦੇਸ਼ ਦੀ ਚਿੰਤਾਜਨਕ ਆਰਥਿਕ ਹਾਲਤ ਦਾ ਪਤਾ ਲੱਗਣ ਉੱਤੇ ਮੈਂ ਉਸੇ ਵੇਲੇ ਹੀ ਇਹ ਫ਼ੈਸਲਾ ਕਰ ਲਿਆ ਸੀ ਕਿ ਮੈਂ ਆਪਣਾ ਜੀਵਨ ਦੇਸ਼ ਦੀ ਉਸ ਹਾਲਤ ਨੂੰ ਸੁਆਰਨ ਲਈ ਅਰਪਣ ਕਰਾਂਗਾ । ਅਜਿਹਾ ਕਰਨ ਲਈ ਮੈਨੂੰ ਸਾਰੀ ਉਮਰ ਦੇਸ਼ ਦੀ ਹਰ ਸਮੱਸਿਆ ਦੀ ਖੋਜ



ਕਰਨ ਤੇ ਉਸ ਖੋਜ ਦੇ ਪ੍ਰਚਾਰ ਲਈ ਹਰ ਸੰਭਵ ਯਤਨ ਕਰਨਾ ਪਿਆ ਹੈ । ਮੈਂ ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਕਰਦਾ ਹਾਂ ਕਿ ਮੈਂ ਸੰਨ ੧੯੯੮ ਦੀ ਆਪਣੀ ਵਰਤਮਾਨ ਕਾਲ ਦੀ ੮੪ ਸਾਲਾਂ ਦੀ ਉਮਰ ਤਕ ਆਪਣੀ ਖੋਜ ਦੀ ਉਸ ਲਗਨ ਨੂੰ ਕਾਇਮ ਰੱਖ ਸਕਿਆ ਹਾਂ ਜਿਹੜੀ ਖੋਜ ਗੁਰਦੁਆਰਾ ਡੇਹਰਾ ਸਾਹਿਬ ਦੀ ਓਟ ਵਿੱਚ ਸੰਨ ੧੯੨੮ ਵਿੱਚ ਲਾਹੌਰ ਸ਼ਹਿਰ ਵਿੱਚੋਂ ਆਰੰਭ ਹੋਈ ਸੀ ਤੇ ੧੯੪੭ ਦੀ ਦੇਸ਼ ਦੀ ਵੰਡ ਤਕ ਲਾਹੌਰ ਸ਼ਹਿਰ ਵਿੱਚ ਚਲਦੀ ਰਹੀ ਤੇ ਦੇਸ਼ ਦੀ ਵੰਡ ਪਿੱਛੋਂ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਵਿੱਚ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਰਾਹੀਂ ਲਗਾਤਾਰ ਚਲਦੀ ਜਾ ਰਹੀ ਹੈ । ਦੇਸ਼ ਦੀ ਰਾਜਨੀਤੀ ਦੀ ਖੋਜ ਕਰਨ ਦੀ ਲੋੜ ਵੀ ਮੈਨੂੰ ਨਾਲ ਹੀ ਪੈ ਗਈ ਸੀ । ਅੱਜ ਭਾਰਤ ਵਿੱਚ ਪਰਜਾ-ਤੰਤਰ ਲਈ ਜੋ ਖ਼ਤਰਾ ਪੈਦਾ ਹੋ ਰਿਹਾ ਹੈ ਉਸ ਲਈ ਪੂਰੀ-ਪੂਰੀ ਚਿੰਤਾ ਮੈਂ ਪਿਛਲੇ ਪੈਂਤੀ ਸਾਲਾਂ ਤੋਂ ਕਰ ਰਿਹਾ ਹਾਂ ਤੇ ਉਸ ਸਮੇਂ ਤੋਂ ਹੀ ਉਸ ਦੀ ਰੱਖਿਆ ਲਈ ਉਚਿਤ ਜਾਣਕਾਰੀ ਆਪਣੇ ਇਸ਼ਤਿਹਾਰਾਂ ਦੁਆਰਾ ਦੇਸ਼ ਦੀ ਜਨਤਾ ਨੂੰ ਦੇਣ ਦਾ ਯਤਨ ਕਰਦਾ ਆ ਰਿਹਾ ਹਾਂ । ਅਮਰੀਕਾ ਵਿੱਚ ਛਪੀ ਇਕ ਅੰਗਰੇਜ਼ੀ ਪੁਸਤਕ ਦੇ ਅਧਾਰ 'ਤੇ ਪਰਜਾ-ਤੰਤਰ ਦੀ ਰੱਖਿਆ ਲਈ ਲਿਖਿਆ ਗਿਆ ਹੇਠ ਲਿਖਿਆ ਲੇਖ, ਜਿਸ ਨੂੰ ਕੁਝ ਸਾਲਾਂ ਤੋਂ ਇਸ਼ਤਿਹਾਰ ਦੇ ਰੂਪ ਵਿੱਚ ਛਾਪ ਕੇ ਘਰ-ਘਰ ਵੰਡਣ ਦਾ ਯਤਨ ਕਰ ਰਿਹਾ ਹਾਂ, ਅਜਿਹਾ ਹੈ ਜਿਸ ਬਾਰੇ ਭਾਰਤ ਦੇ ਫ਼ਰਾਂਸ ਦੇਸ਼ ਵਿੱਚ ਰਾਜਦੂਤ ਮਲਿਕ ਹਰਦਿੱਤ ਸਿੰਘ ਨੇ ਆਖਿਆ ਸੀ ਕਿ ਪਰਜਾ-ਤੰਤਰ ਦੀ ਰੱਖਿਆ ਲਈ ਇਹ ਇਸ਼ਤਿਹਾਰ ਭਾਰਤ ਦੇ ਘਰ-ਘਰ ਵਿੱਚ ਪਹੁੰਚਾਇਆ ਜਾਣਾ ਚਾਹੀਦਾ ਹੈ । ਕਿਸੇ ਦੇਸ਼ ਦੇ ਬੰਦੇ ਸਮੇਂ ਦੇ ਲੋੜੀਂਦੇ ਰਾਜਨੀਤਿਕ ਗਿਆਨ ਤੋਂ ਕਿੰਨੇ ਬੇਫ਼ਿਕਰ ਹੋਇਆ ਕਰਦੇ ਹਨ, ਇਸ ਗੱਲ ਦਾ ਪਤਾ ਉਸ ਲੇਖ ਤੋਂ ਲੱਗਦਾ ਹੈ ਜੋ 'ਭਾਈਚਾਰੇ ਦੀ ਸਰਕਾਰ' ਦੇ ਸਿਰਲੇਖ ਹੇਠ ਦਿੱਤਾ ਗਿਆ ਹੈ । ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਜਨਤਾ ਦੇ ਘਰ-ਘਰ ਰਾਜਨੀਤੀ ਸਮੇਤ ਹਰ ਜ਼ਰੂਰੀ ਵਿਸ਼ੇ ਦੀ ਵਾਕਫ਼ੀਅਤ ਪੁਚਾਣ ਦਾ ਮੇਰਾ ਉੱਦਮ ਕੀ ਮਹੱਤਤਾ ਰੱਖਦਾ ਹੈ, ਇਸ ਦਾ ਪਤਾ ਉਹਨਾਂ ਸ਼ਬਦਾਂ ਤੋਂ ਲੱਗਦਾ ਹੈ ਜਿਹੜੇ ਅੰਗਰੇਜ਼ ਵਿਦਵਾਨ ਜੇ.ਐਮ. ਸਾਈਮ ਦੀ ਪੁਸਤਕ 'ਮਨੁੱਖ ਤੇ ਉਸ ਦੇ ਕਰਤੱਵ' **Man and His Duties** ਵਿੱਚੋਂ ਲਏ ਗਏ ਹਨ ।

# ਦੇਸ਼ ਨੂੰ ਪਿਆਰ ਕਰਨ ਵਾਲੇ

## ਬੰਦੇ ਦੇ ਦੋ ਵੱਡੇ ਕਰਤੱਵ

ਉਹ (ਦੇਸ਼ ਭਗਤ) ਬੜੇ ਉਤਸ਼ਾਹ ਨਾਲ ਆਪਣੇ ਦੇਸ਼-ਵਾਸੀਆਂ ਦੀ ਵਾਕਫ਼ੀਅਤ ਨੂੰ ਵਧਾਉਣ ਤੇ ਉਨ੍ਹਾਂ ਦੀਆਂ ਸਦਾਚਾਰ ਦੀਆਂ ਆਦਤਾਂ ਨੂੰ ਅੱਗੇ ਨਾਲੋਂ ਚੰਗਿਆਂ ਬਣਾਉਣ ਵਿੱਚ ਆਪਣਾ ਪੂਰਾ ਤਾਣ ਲਾਵੇ । ਇਹ ਦੋਵੇਂ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਉੱਤੇ ਅਮਲ ਕਰਕੇ ਦੇਸ਼ ਦਾ ਹਰ ਇਮਾਨਦਾਰ ਬੰਦਾ ਭਾਵੇਂ ਉਹ ਕਿਸੇ ਵੀ ਦਰਜੇ ਦਾ ਹੋਵੇ ਆਪਣੇ ਦੇਸ਼ ਨੂੰ ਸਦਾ ਕਾਇਮ ਰਹਿਣ ਵਾਲਾ ਲਾਭ ਪਹੁੰਚਾ ਸਕਦਾ ਹੈ । ਜੇ. ਐਮ. ਸਾਈਮ ਦੀ ਅੰਗਰੇਜ਼ੀ ਪੁਸਤਕ—**'Man and His Duties'** ਵਿੱਚੋਂ ।

**TWO MOST IMPORTANT DUTIES**
**OF A LOVER OF HIS COUNTRY**

He may zealously exert himself in increasing the knowledge, and improving the moral habits of the people—two of the most important means by which a conscientious man, in any rank of life, may aid in conferring a high and lasting benefit on his country and all this he will do if his patriotism be of the right kind.

Book—'Man and His Duties'
by J.M. Sime M.A.L.L.D.,
Chapter 'Love of country'.

ਦੇਸ਼ ਦੇ ਵਿਦਵਾਨਾਂ ਦੀ ਨਿਗ੍ਹਾ ਵਿੱਚ ਮੇਰੇ ਲਿਖੇ ਹੋਏ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੀ ਮਹੱਤਤਾ ਦਾ ਪਤਾ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰ: ਸ. ਹਰਬੰਸ ਸਿੰਘ ਜੀ ਦੇ ਹੇਠ ਲਿਖੇ ਸ਼ਬਦਾਂ ਤੋਂ ਲੱਗ ਸਕਦਾ ਹੈ, ਜਿਹੜੇ ਉਨ੍ਹਾਂ ਨੇ ੧੪ ਨਵੰਬਰ ੧੯੭੩ ਵਾਲੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੇ ਗੁਰਪੁਰਬ ਦੇ ਅਵਸਰ ਉੱਤੇ ਕਾਲਜ ਦੇ ਗੁਰਦੁਆਰੇ ਵਿੱਚ ਹੋਏ ਮੇਰੇ ਵਿਖਿਆਨ ਪਿੱਛੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਕੇ ਕਹੇ । "ਭਗਤ ਪੂਰਨ ਸਿੰਘ ਜੀ ਨਾਲ ਪਿਛਲੇ ਤਿੰਨ ਸਾਲਾਂ ਤੋਂ ਮੇਰਾ ਮੇਲ-ਮਿਲਾਪ ਚਲਿਆ ਆ ਰਿਹਾ ਹੈ । ਇਹਨਾਂ ਦੇ ਦਿਮਾਗ਼ ਵਿੱਚ ਬੱਚਿਆਂ ਲਈ, ਕੌਮ



ਤੇ ਦੇਸ਼ ਲਈ ਬਹੁਤ ਗਿਆਨ ਹੈ । ਭਗਤ ਜੀ ਨੇ ਦੇਸ਼ ਦੇ ਬਚਾਉ ਲਈ ਦੇਸ਼-ਵਾਸੀਆਂ ਨੂੰ ਆਪਣੇ ਇਸ਼ਤਿਹਾਰਾਂ ਤੇ ਕਿਤਾਬਚਿਆਂ ਦੁਆਰਾ ਲੋੜੀਂਦਾ ਗਿਆਨ ਦੇਣ ਦਾ ਜੋ ਕਾਰਜ ਆਪਣੇ ਜ਼ਿੰਮੇ ਲਿਆ ਹੋਇਆ ਹੈ ਉਸ ਵਿੱਚ ਜੇ ਅਸਾਂ ਇਹਨਾਂ ਦਾ ਸਾਥ ਨਾ ਦਿੱਤਾ ਤਾਂ ਅਸੀਂ ਆਪਣੇ ਇਕ ਜ਼ਰੂਰੀ ਕਰਤੱਵ ਵੱਲ ਪਿੱਠ ਫੇਰਾਂਗੇ । ਭਗਤ ਜੀ ਕੋਲ ਏਨੀ ਵਿਦਵਤਾ ਹੈ ਕਿ ਜਦੋਂ ਉਹ ਬੋਲਣ ਲੱਗਦੇ ਹਨ ਤਾਂ ਉਨ੍ਹਾਂ ਦੇ ਦਿਮਾਗ਼ ਵਿੱਚ ਏਨੇ ਖ਼ਿਆਲ ਉੱਪਰੋਂ ਥੱਲੀ ਆ ਜਾਂਦੇ ਹਨ ਕਿ ਉਨ੍ਹਾਂ ਨੂੰ ਉਹ ਸੰਭਾਲਣੇ ਮੁਸ਼ਕਲ ਹੋ ਜਾਂਦੇ ਹਨ । ਖ਼ਿਆਲਾਂ ਦੇ ਹੜ੍ਹ ਵਿੱਚ ਇਕ ਖ਼ਿਆਲ ਦੂਜੇ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜੋ ਸਿੱਖਿਆ ਦਇਆ ਤੇ ਸੰਤੋਖ ਦੇ ਗੁਣਾਂ ਦੀ ਸਾਨੂੰ ਮਿਲਦੀ ਹੈ ਉਸ 'ਤੇ ਭਗਤ ਜੀ ਅਮਲ ਕਰਕੇ ਵਿਖਾ ਰਹੇ ਹਨ । ਵਿਦਿਆਰਥੀਆਂ ਨੂੰ ਭਗਤ ਜੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ । ਵਿਖਿਆਨ ਪ੍ਰੋਫ਼ੈਸਰਾਂ ਦੀਆਂ ਇਕੱਤਰਤਾਵਾਂ ਵਿੱਚ ਵੀ ਕਰਾਵਾਂਗੇ ਅਤੇ ਵਿਦਿਆਰਥੀਆਂ ਦੀਆਂ ਇਕੱਤਰਤਾਵਾਂ ਵਿੱਚ ਵੀ ।"

ਵਾਹਿਗੁਰੂ ਦਾ ਲੱਖ-ਲੱਖ ਸ਼ੁਕਰ ਹੈ ਕਿ ਉਸ ਨੇ ਪਿੰਗਲਵਾੜੇ ਦੇ ਰੂਪ ਵਿੱਚ ਅਜਿਹੀ ਸੰਸਥਾ ਮੈਥੋਂ ਖੜ੍ਹੀ ਕਰਾਈ ਹੈ, ਜਿਸ ਦੇ ਨਾਮ 'ਤੇ ਮਾਇਆ ਆਉਂਦੀ ਹੈ ਤੇ ਉਸ ਵਿੱਚੋਂ ਮੈਂ ਲੱਖਾਂ ਰੁਪਏ ਖ਼ਰਚ ਕਰਕੇ ਹਿੰਦੀ, ਪੰਜਾਬੀ ਤੇ ਅੰਗਰੇਜ਼ੀ ਵਿੱਚ ਕਿਤਾਬਚੇ ਤੇ ਇਸ਼ਤਿਹਾਰ ਛਾਪ-ਛਾਪ ਕੇ ਮੁਫ਼ਤ ਵੰਡਦਾ ਹਾਂ । ਸਿੱਖ ਗੁਰਦੁਆਰਿਆਂ ਨੇ ਮੈਨੂੰ ਨਾ ਕੇਵਲ ਰੱਜ ਕੇ ਪੜ੍ਹਨ ਦੇ ਸਾਧਨ ਬਖ਼ਸ਼ੇ ਸਗੋਂ ਲੱਖਾਂ ਰੁਪਏ ਵੀ ਪ੍ਰਚਾਰ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਲਈ, ਸ੍ਰੀ ਦਰਬਾਰ ਸਾਹਿਬ ਦੀ ਓਟ ਦੁਆਰਾ ਦੇਸ਼ ਤੇ ਦੁਨੀਆਂ ਦੇ ਹਰ ਹਿੱਸੇ ਵਿੱਚੋਂ ਆ ਰਹੇ ਹਨ । ਸੰਸਾਰ ਤੇ ਦੇਸ਼ ਦੇ ਬੰਦਿਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਵਲਗਣ ਅੰਦਰ ਇਸ਼ਤਿਹਾਰ ਤੇ ਕਿਤਾਬਚੇ ਵੰਡ ਕੇ ਅਨੇਕਾਂ ਕੁਕਰਮਾਂ ਤੋਂ ਹਟਾਉਣ ਤੇ ਚੰਗੇ ਕੰਮ ਕਰਨ 'ਤੇ ਲਾਉਣਾ ਸ੍ਰੀ ਦਰਬਾਰ ਸਾਹਿਬ ਦਾ ਜੱਸ ਵਧਾਉਣਾ ਹੈ । ਇਸ ਕਾਰਜ ਲਈ ਮਨੀਆਰਡਰਾਂ ਦੀ ਵਰਖਾ ਕਰੋ । **"ਦਸਵੰਧ ਕੱਢਣਾ ਵੀ ਛੋਟੀ ਸ਼ਹੀਦੀ ਹੈ ।"**

–ਭਗਤ ਪੂਰਨ ਸਿੰਘ

# ਸਿੱਖ-ਪੰਥ ਦੇ ਸਿਰਕੱਢ ਵਿਦਵਾਨ

## ਪ੍ਰਿੰਸੀਪਲ ਤੇਜਾ ਸਿੰਘ ਦਾ ਸਰਟੀਫਿਕੇਟ

ਭਗਤ ਪੂਰਨ ਸਿੰਘ ਦਾ ਮੇਰੇ ਨਾਲ ਸੰਬੰਧ ਦਾ ਸਮਾਂ ਤਿੰਨ ਸਾਲ ਤੋਂ ਹੈ । ਇਸ ਸਮੇਂ ਅੰਦਰ ਉਹ ਮੈਨੂੰ ਸਾਹਿਤਕ ਸਰਗਰਮੀਆਂ ਦੇ ਸਿਲਸਿਲੇ ਵਿੱਚ ਕਦੇ-ਕਦੇ ਮਿਲਦੇ ਰਹੇ । ਇਸ ਸਮੇਂ ਵਿੱਚ ਮੈਂ ਉਨ੍ਹਾਂ ਦੇ ਅੰਦਰ ਸਮਾਜਿਕ ਤੇ ਸਾਹਿਤਕ ਕੰਮਾਂ ਲਈ ਅਸਾਧਾਰਣ ਉਤਸ਼ਾਹ ਵੇਖਿਆ ਹੈ ।

ਉਹਨਾਂ ਦੀ ਕੁਝ ਸਿੱਖਣ ਦੀ ਤੀਬਰਤਾ ਨੇ ਮੇਰੇ ਦਿਮਾਗ਼ੀ ਜ਼ਖੀਰਿਆਂ ਨੂੰ ਅਜਿਹਾ ਆਪਣੇ ਵੱਲ ਖਿੱਚਿਆ ਹੈ ਕਿ ਜਦੋਂ ਕਦੀ ਵੀ ਉਹ ਮੇਰੇ ਪਾਸ ਬੈਠੇ ਹਨ ਤਾਂ ਮੈਂ ਸਦਾ ਹੀ ਸਮੇਂ ਦੇ ਪ੍ਰਕਰਨ ਅਨੁਸਾਰ ਉਨ੍ਹਾਂ ਅੱਗੇ ਆਪਣੀ ਸਾਰੀ ਜਾਣਕਾਰੀ (ਵਾਕਫ਼ੀਅਤ) ਰੱਖਣ ਲਈ ਪ੍ਰੇਰਿਤ ਹੋਇਆ ਹਾਂ । ਉਹਨਾਂ ਦੀ ਮੌਜੂਦਗੀ ਨੇ ਮੈਨੂੰ ਸਦਾ ਹੀ ਹੌਲਾ ਫੁੱਲ ਕੀਤਾ ਹੈ, ਆਪਣੇ ਉਹਨਾਂ ਵਿਚਾਰਾਂ ਨੂੰ ਬਾਹਰ ਕੱਢਣ ਦਾ ਅਵਸਰ ਦੇ ਕੇ, ਜਿਹੜੇ ਸਾਡੀਆਂ ਯਾਦਾਂ ਅੰਦਰ ਡੂੰਘੇ ਦੱਬੇ ਰਿਹਾ ਕਰਦੇ ਹਨ । ੪੦ ਸਾਲਾਂ ਦੇ ਵਿੱਦਿਅਕ ਜੀਵਨ ਦੇ ਸਮੇਂ ਸਮੇਤ ਮੇਰੇ ਸਾਰੇ ਜੀਵਨ ਵਿੱਚ, ਮੈਨੂੰ ਕੇਵਲ ਇਹੋ ਇਕ ਆਦਮੀ ਲੱਭਿਆ ਹੈ ਜੋ ਮੇਰੇ ਪਾਸ ਸਾਹਿਤ ਦਾ ਇਕ ਸੰਜੀਦਾ ਤੇ ਸਭ ਤੋਂ ਵੱਧ ਗੰਭੀਰ ਵਿਦਿਆਰਥੀ ਹੋ ਕੇ ਬੈਠਿਆ ਹੈ ।

ਭਗਤ ਪੂਰਨ ਸਿੰਘ ਇਕ ਅਜਿਹੇ ਬੰਦੇ ਦੀ ਮਿਸਾਲ ਹਨ ਜਿਸ ਨੇ ਜੀਵਨ ਦੀਆਂ ਸੱਚਾਈਆਂ ਨਾਲ ਆਪਣੇ ਆਪ ਨੂੰ ਅਮਲੀ ਤੌਰ ’ਤੇ ਸੰਬੰਧਿਤ ਰੱਖਿਆ ਹੋਵੇ ਤੇ ਜਿਸ ਨੇ ਨਿਰੀ ਪੁਸਤਕਾਂ ਦੀ ਪੜ੍ਹਾਈ ਨੂੰ ਛੱਡ ਕੇ ਆਪਣੇ ਆਪ ਨੂੰ ਵਿਚਾਰਾਂ ਦੀ ਉੱਚੀ ਤੋਂ ਉੱਚੀ ਪੱਧਰ ’ਤੇ ਪਹੁੰਚਾਇਆ । ਪੁਸਤਕਾਂ ਦੀ ਪੜ੍ਹਾਈ ਨਾਲ ਬੰਦਾ ਮਾਂਗਵੀਆਂ ਸੱਚਾਈਆਂ ਨੂੰ ਇਕੱਠੀਆਂ ਕਰਦਾ ਰਹਿੰਦਾ ਹੈ, ਜਿਹੜੀਆਂ ਸਦਾ ਹੀ ਆਪਣੇ ਨਾਲ ਪੁਰਾਣੀਆਂ ਪੀੜ੍ਹੀਆਂ ਦੀ ਬਦਬੂ ਰੱਖਦੀਆਂ ਹੁੰਦੀਆਂ ਹਨ ।

ਉਸ ਦੀਆਂ ਸੱਚਾਈਆਂ ਪੁਸਤਕਾਂ ਵਿੱਚੋਂ ਨਹੀਂ ਨਿਕਲੀਆਂ ਹੋਈਆਂ ਬਲਕਿ ਉਨ੍ਹਾਂ ਨੂੰ ਉਸ ਨੇ ਧੜਕ ਰਹੇ ਅਮਲੀ ਜੀਵਨ ਨੂੰ ਜਿਊਂਦਿਆਂ ਹੋਇਆਂ ਕੱਢਿਆ ਹੈ । ਉਸ ਦੀ ਬਾਕਾਇਦਾ ਪੜ੍ਹਾਈ ਦਸਵੀਂ ਪਾਸ ਵੀ ਨਹੀਂ ਹੈ (ਦਸਵੀਂ ਫੇਲ੍ਹ ਦੀ ਹੈ)। ਉਸ ਦਾ ਜੀਵਨ ਅਨੇਕ ਪ੍ਰਕਾਰ ਦੇ ਹੱਥਾਂ ਦੇ ਕੰਮਾਂ ਨਾਲ ਹੀ ਸੰਬੰਧਿਤ ਰਿਹਾ ਹੈ । ਪਰ ਫੇਰ ਵੀ ਉਸ ਨੇ ਨਾ ਕੇਵਲ ਵਿੱਦਿਆ ਹੀ ਪ੍ਰਾਪਤ ਕਰ ਲਈ ਹੈ ਬਲਕਿ ਉੱਚੇ ਦਰਜੇ ਦਾ ਸ਼ਬਦ ਕੋਸ਼ ਵੀ । ਨਵਾਬ ਕਪੂਰ ਸਿੰਘ ਜੀ ਤੇ ਭਾਈ ਫੇਰੂ ਜੀ ਦੀ ਤਰ੍ਹਾਂ ਉਹ ਨਿੱਜੀ ਤਜਰਬਿਆਂ ਨਾਲ



ਗਿਆਨਵਾਨ ਹੋ ਜਾਣ ਦੀ ਇਕ ਸਭ ਤੋਂ ਵਧੀਆ ਮਿਸਾਲ ਹਨ ਜੋ ਭਾਰਤੀ ਪ੍ਰੰਪਰਾ ਦੇ ਅਨੁਕੂਲ ਹੈ । ਉਸ ਨੇ ਸਿੱਖੀ ਦੀਆਂ ਉਹਨਾਂ ਕਹਾਣੀਆਂ ਨੂੰ ਸੁਰਜੀਤ ਕਰ ਦਿੱਤਾ ਹੈ ਜਿਹੜੀਆਂ ਮੰਨਣਯੋਗ ਨਹੀਂ ਸਮਝੀਆਂ ਜਾਂਦੀਆਂ ਸਨ । ਉਸ ਨੇ ਇਕ ਨਵਾਂ ਮੋਰਚਾ ਖੜ੍ਹਾ ਕਰ ਦਿੱਤਾ ਹੈ ਤੇ ਉਹ ਹੈ ਨਰੋਆ ਸਾਹਿਤ ਪ੍ਰਸਾਰਨਾ ਜੋ ਨਵੇਂ ਖ਼ਿਆਲ ਟੁੰਬੇ, ਨਵੇਂ ਭਾਵ ਜਗਾਵੇ ਤੇ ਸਰਗਰਮ ਨੇਕੀ ਦੇ ਰੁਖ਼ ਨਵੀਆਂ ਧੱਕਾਂ ਦੇਵੇ । ਉਸ ਨੇ ਪ੍ਰਚਾਰ ਰਾਹੀਂ ਸਮਾਜਿਕ-ਭਲਾਈ ਦੀ ਇਕ ਨਵੀ ਮੁਹਿੰਮ ਚਲਾਈ ਹੈ, ਜਿਸ ਦੇ ਆਰੰਭਿਕ ਯਤਨ ਹੀ ਬੜੀਆਂ ਉਚਾਈਆਂ ਤਕ ਅੱਪੜਦੇ ਦਿੱਸ ਰਹੇ ਹਨ ।

ਸਹੀ—ਤੇਜਾ ਸਿੰਘ; ੨੩ ਫ਼ਰਵਰੀ ੧੯੫੭

ਵੀ.ਜੇ. (ਗੁਰੂ ਤੇਗ਼ ਬਹਾਦਰ) ਹਸਪਤਾਲ, ਅੰਮ੍ਰਿਤਸਰ ।

“ਭਗਤ ਪੂਰਨ ਸਿੰਘ ਇਕ ਮਾਲੀ ਹੈ । ਇਸ ਨੇ ਸਾਹਿਤ ਦੇ ਸੁੰਦਰ ਬਾਗ਼ਾਂ ਵਿੱਚੋਂ ਕੋਈ ਸੋਹਣੇ-ਸੋਹਣੇ ਫੁੱਲ ਚੁਗੇ ਹੋਏ ਹਨ । ਮਾਲੀ ਬਣਨ ਦਾ ਅਨੋਖਾ ਅਤੇ ਵਿਸ਼ੇਸ਼ ਅਧਿਕਾਰ ਹਰ ਇਕ ਬੰਦੇ ਦੇ ਹਿੱਸੇ ਨਹੀਂ ਆਇਆ ਕਰਦਾ । ਸੇਵਾ ਦਾ ਵਿਸ਼ੇਸ਼ ਤੇ ਉੱਚਾ ਅਧਿਕਾਰ ਰੱਖਦਿਆਂ ਹੋਇਆਂ ਉਸ ਨੂੰ ਮਨੁੱਖਤਾ ਦੇ ਨੀਵੇਂ ਤੋਂ ਨੀਵੇਂ ਤੇ ਉੱਚੇ ਤੋਂ ਉੱਚੇ ਪੱਧਰ ਉੱਤੇ ਰਹਿਣਾ ਪਿਆ ਕਰਦਾ ਹੈ । ਇਹ ਪੁਸਤਕ ਦੀ ਸ਼ਕਲ ਵਿੱਚ ਫੁੱਲਾਂ ਦਾ ਇਕ ਗੁਲਦਸਤਾ ਪੇਸ਼ ਕੀਤਾ ਗਿਆ ਹੈ । ਜਿਹੜੇ ਬੰਦੇ ਇਸ ਪੁਸਤਕ ਨੂੰ ਪੜ੍ਹਨ ਦੇ ਵਿਸ਼ੇਸ਼ ਅਧਿਕਾਰ ਦਾ ਅਨੰਦ ਮਾਣਨਗੇ ਉਹ ਇਕ ਤਾਂ ਭਗਤ ਜੀ ਦੇ ਸਾਰੇ ਜੀਵਨ ਦੀ ਪੜ੍ਹਾਈ ਅਤੇ ਤਜਰਬਿਆਂ ਦੀ ਪੱਕੀ ਹੋਈ ਫ਼ਸਲ ਵੱਢਣਗੇ ਅਤੇ ਦੂਜੇ ਉਸ ਦੇ ਕੰਮਾਂ ਅਤੇ ਆਦਰਸ਼ਾਂ ਦੀ ਪ੍ਰਸ਼ੰਸਾ ਕਰਕੇ ਉਸ ਨਾਲ ਇਨਸਾਫ਼ ਵੀ ਕਰਨਗੇ ।” -ਤੇਜਾ ਸਿੰਘ

ਡਾਕਟਰ ਹਰਭਜਨ ਸਿੰਘ ਜੀ ਨੇ ਇਕ ਅੰਗਰੇਜ਼ੀ ਲੇਖ ਗੁਰਮਤਿ ਬਾਰੇ ਸਪਤਾਹਿਕ ਖ਼ਾਲਸਾ ਸਮਾਚਾਰ ਵਿੱਚ ਛਾਪਿਆ ਸੀ । ਉਸ ਉੱਤੇ ਮੇਰੇ ਵੱਲੋਂ ਭੂਮਿਕਾ ੩੦ ਕੁ ਪੰਨਿਆਂ ਦੀ ਹੋ ਗਈ ਸੀ । ਉਸ ਲੇਖ ਦੇ ਨਾਲ ਮੈਂ ਕਈ ਹੋਰ ਲੇਖ ‘ਮੌਡਰਨ ਰੀਵੀਊ’ ਵਰਗੇ ਅੰਗਰੇਜ਼ੀ ਰਿਸਾਲਿਆਂ ਵਿੱਚੋਂ ਕੱਢ ਕੇ ਛਾਪ ਦਿੱਤੇ । ਉਨ੍ਹਾਂ ਲੇਖਾਂ ਤੋਂ ਬਣੀ ਪੁਸਤਕ ਬਾਰੇ ਇਹ ਉੱਪਰ ਲਿਖਿਆ ਗੁਲਦਸਤੇ ਵਾਲਾ ਸਰਟੀਫਿਕੇਟ ਪ੍ਰਿੰਸੀਪਲ ਨੇ ਮੈਨੂੰ ਦਿੱਤਾ ਸੀ ।

ਸੰਨ ੧੯੪੭ ਦੀ ਦੇਸ਼ ਦੀ ਵੰਡ ਸਮੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰਫ਼ਿਊਜੀ ਕੈਂਪ ਦੇ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਦੀ ਜੋ ਸੇਵਾ ਮੈਥੋਂ ਇਕੱਲੇ ਤੋਂ ਹੋਈ ਉਸ ਬਾਰੇ ਪ੍ਰਿੰਸੀਪਲ ਜੋਧ ਸਿੰਘ ਜੀ ਦਾ ਸਰਟੀਫਿਕੇਟ ਵੱਖਰਾ ਛਪਿਆ ਹੈ ।

# ਆਦਰਸ਼ਕ ਸੇਵਕ

**ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ॥**

(ਵਡਹੰਸ ਮਹਲਾ ੫, ਅੰਗ ੫੭੮)

ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ ।

ਅਰਥਾਤ—"ਜੋ ਪੁਰਸ਼ ਸੇਵਾ ਕਰਦੇ ਵੀ ਰਾਮ ਨੂੰ ਲੱਭਦੇ ਹਨ ਉਹੋ ਅਸਲ ਸੇਵਕ ਹੁੰਦੇ ਹਨ।"

**ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ॥ ਨਾਮ ਰਤਨ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ॥੧॥ ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥੧॥ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ॥੨॥ ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥ ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ॥੪॥੫।**

**(ਮਾਰੂ ਮਹਲਾ ੫, ਅੰਗ ੧੦੦੦)**

ਅਰਥਾਤ—"ਸੇਵਕ ਆਪਣੇ ਮਨ ਅੰਦਰ ਮਾਨ, ਮੋਹ, ਲੋਭ ਤੇ ਹੋਰ ਵਿਕਾਰਾਂ ਨੂੰ ਦਾਖ਼ਲ ਨਹੀਂ ਹੋਣ ਦਿੰਦਾ । ਉਹ ਕੇਵਲ ਹਰੀ ਨਾਮ ਬਿਨਾਂ ਕਿਸੇ ਹੋਰ ਨੂੰ ਮਨ ਵਿੱਚ ਥਾਂ ਨਹੀਂ ਦਿੰਦਾ । ਉਹ ਹਰੀ ਤੋਂ ਬਿਨਾਂ ਅਤੇ ਹਰੀ ਦੇ ਗੁਣਾਂ ਰੂਪੀ ਰਤਨਾਂ ਦਾ ਖ਼ਰੀਦਾਰ ਹੈ ਤੇ ਇਹੋ ਸਮੱਗਰੀ ਆਪਣੇ ਨਾਲ ਲੱਦ ਕੇ ਉਹ ਲੈ ਚਲਿਆ ਹੈ । ਸੇਵਕ ਦੀ ਪ੍ਰੀਤੀ ਤੋੜ ਤਕ ਨਿਭ ਗਈ ਹੈ, ਸਾਰੀ ਉਮਰ ਉਸ ਨੇ ਸਾਹਿਬ ਦੀ ਸੇਵਾ ਕੀਤੀ ਹੈ ਤੇ ਸੰਸਾਰ ਤੋਂ ਜਾਣ ਵੇਲੇ ਭੀ ਉਸ ਨੇ ਸਾਹਿਬ ਨੂੰ ਦਿਲ ਵਿੱਚ ਰੱਖਿਆ ਹੈ । ਜੋ ਹੁਕਮ ਵੀ ਮਾਲਕ ਨੇ ਉਸ ਨੂੰ ਦਿੱਤਾ ਹੈ । ਉਸ ਨੇ ਉਸ ਤੋਂ ਕਦੇ ਮੂੰਹ ਨਹੀਂ ਮੋੜਿਆ । ਜੇ ਮਾਲਕ ਨੇ ਘਰ ਵਿੱਚ ਰੱਖਿਆ ਤਾਂ ਉੱਥੇ ਹੀ ਉਸ ਨੇ ਆਪਣੇ ਲਈ ਪੂਰਨ ਅਨੰਦ ਮਹਿਸੂਸ ਕੀਤਾ ਹੈ ਤੇ ਜੇ ਉਸ ਨੇ ਆਖਿਆ, ਉੱਠੋ ਤਾਂ ਤੁਰੰਤ ਉੱਥੋਂ ਦੌੜ ਪਿਆ ਹੈ । ਜੇ ਉਸ ਨੂੰ ਉਸਦੇ ਹੁਕਮ ਵਿੱਚ ਭੁੱਖਾ ਰਹਿਣਾ ਪਿਆ ਹੈ ਤਾਂ ਭੁੱਖ ਨੂੰ ਵੀ



ਸੁੱਖ ਸਮਝਿਆ ਹੈ, ਖ਼ੁਸ਼ੀ ਤੇ ਗ਼ਮੀ ਦੋਹਾਂ ਤੋਂ ਉਹ ਉੱਤੇ ਰਿਹਾ ਹੈ । ਜਿਹੜਾ ਹੁਕਮ ਵੀ ਉਸ ਨੂੰ ਸਾਹਿਬ ਵੱਲੋਂ ਆਇਆ ਹੈ ਉਸ ਨੇ ਖਿੜੇ ਮੱਥੇ ਉਸ ਨੂੰ ਪ੍ਰਵਾਨ ਕੀਤਾ ਹੈ, ਤਾਂ ਹੀ ਠਾਕੁਰ ਸੇਵਕ 'ਤੇ ਪ੍ਰਸੰਨ ਹੋਇਆ ਹੈ ਤੇ ਸੇਵਕ ਦੇ ਲੋਕ-ਪ੍ਰਲੋਕ ਸੰਵਰ ਗਏ ਹਨ । ਧੰਨ ਹੈ ਐਸਾ ਸੇਵਕ; ਹੇ ਨਾਨਕ! ਸਫਲ ਓਸੇ ਸੇਵਕ ਦਾ ਸੰਸਾਰ ਵਿੱਚ ਆਉਣਾ ਹੈ ਜਿਸ ਨੇ ਆਪਣੇ ਮਾਲਕ ਨੂੰ ਪਛਾਣ ਲਿਆ ਹੈ।"

ਇਸ ਸ਼ਬਦ ਵਿੱਚ ਇਕ ਪੂਰਨ ਆਗਿਆਕਾਰੀ ਸੇਵਕ ਦੀ ਤਸਵੀਰ ਵਿਖਾਈ ਗਈ ਹੈ । ਕਈ ਹੋਰ ਸ਼ਬਦ ਵੀ ਮਿਲਦੇ ਹਨ ਜਿਨ੍ਹਾਂ ਵਿੱਚ ਸੇਵਾ 'ਤੇ ਬੜਾ ਜ਼ੋਰ ਦਿੱਤਾ ਗਿਆ ਹੁੰਦਾ ਹੈ । ਏਸੇ ਕਾਰਨ ਹੀ ਸਿੱਖ ਇਤਿਹਾਸ ਸੇਵਾ, ਉਪਕਾਰ ਤੇ ਕੁਰਬਾਨੀਆਂ ਦੇ ਅਦੁੱਤੀ ਕਾਰਨਾਮਿਆਂ ਨਾਲ ਭਰਿਆ ਪਿਆ ਹੈ:-

**ਵਿਚਿ ਦੁਨੀਆ ਸੇਵ ਕਮਾਈਐ॥ਤਾ ਦਰਗਹ ਬੈਸਣੁ ਪਾਈਐ ॥**

ਸਿਰੀ ਰਾਗ ਮਹਲਾ ੧॥ (ਅੰਗ ੨੬)

ਅਰਥਾਤ—"ਇਸ ਦੁਨੀਆਂ ਅੰਦਰ ਜੇ ਸੇਵਾ ਕਰਦੇ ਰਹੀਏ ਤਾਂ ਹੀ ਰੱਬ ਦੀ ਦਰਗਾਹ ਵਿੱਚ ਆਦਰ ਦੀ ਥਾਂ ਮਿਲਦੀ ਹੈ।"

ਪਰ ਸੇਵਾ ਕੇਹੀ? ਜਿਸ ਆਦਰਸ਼ਕ ਸੇਵਕ ਦਾ ਨਮੂਨਾ ਗੁਰੂ ਅਰਜਨ ਸਾਹਿਬ ਜੀ ਏਥੇ ਪੇਸ਼ ਕਰ ਰਹੇ ਹਨ ਉਹ ਇਤਨਾ ਸੁੰਦਰ ਤੇ ਮਹਾਨ ਵਿਖਾਇਆ ਗਿਆ ਹੈ ਕਿ ਅਜਿਹਾ ਸੇਵਕ ਉਹ ਆਪ ਹੀ ਹੋਏ ਹਨ । ਉਹਨਾਂ ਦਾ ਜੀਵਨ ਇਕ ਅਣਥੱਕ ਸੇਵਕ ਦਾ ਜੀਵਨ ਹੈ ਜੋ ਸਾਰੇ ਦਾ ਸਾਰਾ ਹੀ ਸੇਵਾ ਕਰਦਿਆਂ ਗੁਜ਼ਰਿਆ ਹੈ ਤੇ ਜਿਸ ਵਿੱਚ ਉੱਦਮ ਤੇ ਮਿਹਨਤ ਇਸ ਕਦਰ ਲਗਾਤਾਰ ਹੋਈ ਹੈ ਕਿ ਜੀਵਨ ਦਾ ਇਕ ਮਿੰਟ ਵੀ ਅਜਾਈਂ ਨਹੀਂ ਗਿਆ । ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਤਰਨ ਤਾਰਨ ਸਾਹਿਬ ਆਦਿਕ ਕਈ ਵੱਡੇ-ਵੱਡੇ ਤੀਰਥ ਉਹਨਾਂ ਨੇ ਹੀ ਬਣਵਾਏ ਸਨ । ਇਨ੍ਹਾਂ ਨੇ ਹੀ ਭਾਈ ਗੁਰਦਾਸ ਜੀ ਦੀ ਸੇਵਾ ਪ੍ਰਾਪਤ ਕਰਕੇ ਕਈ ਸਾਲਾਂ ਦੀ ਘਾਲਣਾ ਨਾਲ ਗੁਰਬਾਣੀ ਨੂੰ ਜਥੇਬੰਦ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਧੀ ਸੀ । ਇਸ ਬੀੜ ਵਿੱਚ ਬਾਣੀ ਦੀ ਹਰ ਲਗ-ਮਾਤਰ ਚੰਗੀ ਤਰ੍ਹਾਂ ਸੋਧ ਕੇ ਉਹਨਾਂ ਨੇ ਨਿਯਮਾਂ ਤੇ ਰਾਗਾਂ ਅਨੁਸਾਰ ਇਸ ਨੂੰ ਚਾੜ੍ਹਿਆ ਸੀ । ਬਹੁਤ ਸਾਰੀ ਬਾਣੀ ਉਹਨਾਂ ਦੀ ਆਪਣੀ ਹੀ ਰਚਨਾ ਹੈ । ਫਿਰ ਉਹਨਾਂ ਨੇ ਲੋਕ-ਭਲਾਈ ਨੂੰ ਮੁੱਖ ਰੱਖ ਕੇ ਕਈ ਬਉਲੀਆਂ ਬਣਵਾਈਆਂ, ਪਿੰਡ ਵਸਾਏ ਤੇ ਵਪਾਰ ਦੇ ਕੇਂਦਰ ਕਾਇਮ ਕੀਤੇ ਸਨ । ਥਾਂ-ਥਾਂ ਪ੍ਰਚਾਰ ਦੇ ਅੱਡੇ ਖੜ੍ਹੇ ਕਰ ਕੇ ਲਗਾਤਾਰ ਪ੍ਰਚਾਰ ਦੁਆਰਾ ਮਨੁੱਖਾ ਸਮਾਜ ਅੰਦਰ ਜਾਗ੍ਰਿਤੀ ਲਿਆਂਦੀ ਸੀ ਤੇ ਸਮਾਜ ਨੂੰ ਹਰ ਤਰ੍ਹਾਂ ਤਾਕਤਵਰ ਬਣਾਇਆ ਸੀ (ਸਿੱਖ ਧਰਮ ਦੀਆਂ ਬੁਨਿਆਦਾਂ ਪੁਸਤਕ ਵਿੱਚੋਂ)।

ਆਦਰਸ਼ਕ ਸੇਵਕ ਦਾ ਇਹ ਲੇਖ 'ਸਿੱਖ ਧਰਮ ਦੀਆਂ ਬੁਨਿਆਦਾਂ' ਪੁਸਤਕ ਵਿੱਚੋਂ ਲਿਆ ਗਿਆ ਹੈ । ਪੁਸਤਕ ਦੇ ਲਿਖਾਰੀ ਪ੍ਰਿੰਸੀਪਲ ਨਰੈਣ ਸਿੰਘ ਜੀ ਗੁਰਮਤਿ ਦੇ ਮਹਾਨ ਵਿਦਵਾਨ ਸਨ ਤੇ ਉਹਨਾਂ ਨੇ ਆਪਣੀ ਸਾਰੀ ਉਮਰ ਗੁਰਮਤਿ ਦੀ ਖੋਜ ਵਿੱਚ ਬਿਤਾਈ ਸੀ । ਮੈਂ ਚਾਹੁੰਦਾ ਹਾਂ ਕਿ ਇਸ ਪੁਸਤਕ ਦੇ ਵੱਖ-ਵੱਖ ੧੩ ਲੇਖਾਂ ਦੇ ਵੱਖ-ਵੱਖ ਕਿਤਾਬਚੇ ਛਾਪ ਕੇ ਮੁਫ਼ਤ ਵੰਡਾਂ । ਯਾਦ ਰੱਖੋ ਕਿ ਧਰਮ ਦੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਨੂੰ ਮੁਫ਼ਤ ਵੰਡਣਾ ਮੇਰੇ ਹਿਰਦੇ ਦਾ ਸਭ ਤੋਂ ਵੱਡਾ ਚਾਉ ਰਿਹਾ ਹੈ । ਵਾਹਿਗੁਰੂ ਮਿਹਰ ਕਰੇ ਕਿ ਇਸ ਕਾਰਜ ਲਈ ਮੇਰਾ ਉਤਸ਼ਾਹ ਬਣਿਆ ਰਹੇ ਅਤੇ ਮੈਨੂੰ ਲੋੜ ਅਨੁਸਾਰ ਮਾਇਆ ਵੀ ਮਿਲਦੀ ਰਹੇ । ਸਿੰਘ ਸਭਾਵਾਂ ਤੇ ਗੁਰਦੁਆਰਿਆਂ ਦੀਆਂ ਕਮੇਟੀਆਂ ਤੇ ਸੰਤਾਂ-ਮਹੰਤਾਂ ਨੂੰ ਮੇਰੇ ਇਸ ਕਾਰਜ ਦਾ ਫ਼ਿਕਰ ਕਰਨਾ ਚਾਹੀਦਾ ਹੈ । ਮਾਡਲ ਟਾਊਨ ਜਲੰਧਰ ਦੇ ਸਿੰਘ ਸਭਾ ਦੇ ਗੁਰਦੁਆਰੇ ਦੀ ਕਮੇਟੀ ਨੇ ੫੦੦/- ਰੁਪਿਆ ਮਹੀਨਾ ਦੀ ਸਹਾਇਤਾ ਪਿੰਗਲਵਾੜੇ ਦੀ ਲਾ ਦਿੱਤੀ ਹੈ । ਮੈਨੂੰ ਖ਼ੁਸ਼ੀ ਹੈ ਕਿ ਕੁਝ ਗੁਰਸਿੱਖਾਂ ਤੇ ਧਰਮੀ ਬੰਦਿਆਂ ਨੇ ਇਸ ਕਾਰਜ ਨੂੰ ਆਪਣੇ ਸਿਰਾਂ ਉੱਤੇ ਚੁੱਕਿਆ ਹੋਇਆ ਵੀ ਹੈ । ਜਿਹੜੇ ਸੱਜਣ ਚਾਹੁੰਦੇ ਹਨ ਕਿ ਅਜਿਹੇ ਲੇਖਾਂ ਬਾਰੇ ਇਸ਼ਤਿਹਾਰ ਤੇ ਕਿਤਾਬਚੇ ਵੱਧ ਤੋਂ ਵੱਧ ਗਿਣਤੀ ਵਿੱਚ ਵੰਡੇ ਜਾਣ ਉਹ ਸਾਨੂੰ ਮਨੀਆਰਡਰਾਂ ਦੁਆਰਾ ਹਰ ਮਹੀਨੇ ਮਾਇਆ ਘੱਲਣ ।

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥**
**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

**(ਅੰ:੧੦੩)**

ਪ੍ਰਮਾਤਮਾ ਸਭ ਜੀਵਾਂ ਦਾ ਪਿਤਾ, ਮਾਤਾ, ਬੰਧਪ (ਮਿੱਤਰ) ਭ੍ਰਾਤਾ ਅਤੇ ਰਾਖਾ ਕਿਵੇਂ ਹੈ ਇਸ ਦਾ ਅਰਥ ਸਮਝਣ ਲਈ ਹੇਠਾਂ ਇਕ ਸ਼ਬਦ ਹੋਰ ਦਿੰਦੇ ਹਾਂ:

**ਰਮਈਆ ਕੇ ਗੁਨ ਚੇਤਿ ਪਰਾਨੀ ॥**
**ਕਵਨ ਮੂਲ ਤੇ ਕਵਨ ਦ੍ਰਿਸਟਾਨੀ ॥**
**ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ ॥**
**ਗਰਭ ਅਗਨਿ ਮਹਿ ਜਿਨਹਿ ਉਬਾਰਿਆ ॥**
**ਬਾਰ ਬਿਵਸਥਾ ਤੁਝਹਿ ਪਿਆਰੈ ਦੂਧ ॥**
**ਭਰਿ ਜੋਬਨ ਭੋਜਨ ਸੁਖ ਸੂਧ ॥**



**ਬਿਰਧਿ ਭਇਆ ਊਪਰਿ ਸਾਕ ਸੈਨ ॥**
**ਮੁਖਿ ਅਪਿਆਉ ਬੈਠ ਕਉ ਦੈਨ ॥**
**ਇਹ ਨਿਰਗੁਨੁ ਗੁਨੁ ਕਛੂ ਨ ਬੂਝੈ ॥**
**ਬਖਸਿ ਲੇਹੁ ਤਉ ਨਾਨਕ ਸੀਝੈ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਸੁਖਮਨੀ ਸਾਹਿਬ ਵਿੱਚੋਂ)**
**(ਅੰਗ ੨੬੬)**

ਇਸ ਸ਼ਬਦ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਜੀਵ ਦਾ ਧਿਆਨ ਉਸ ਦੀ ਤੁੱਛਤਾ ਤੇ ਉਸ ਦੀਆਂ ਬੇਵੱਸੀਆਂ ਦੀ ਤਸਵੀਰ ਖਿੱਚ ਕੇ ਉਸ ਦੇ ਜ਼ਰੂਰੀ ਫ਼ਰਜ਼ਾਂ ਵੱਲ ਕਰਾ ਰਹੇ ਹਨ। ਉਸ ਨੂੰ ਉਹ ਚੇਤੇ ਕਰਾਉਂਦੇ ਹਨ ਕਿ ਉਹ ਕਿਸ ਮੂਲ ਤੋਂ ਉਪਜਿਆ ਸੀ, ਕੇਵਲ ਰਕਤ-ਬੂੰਦ ਦੇ ਮੇਲ ਤੋਂ ਅਰੰਭ ਹੋ ਕੇ ਉਸ ਨੂੰ ਕੈਸਾ ਸੁੰਦਰ ਸਰੂਪ ਮਿਲਿਆ ਸੀ, ਉਸ ਦੇ ਰਾਹ ਦੀਆਂ ਬੇਵੱਸੀਆਂ ਕੀ ਸਨ ਤੇ ਕਿਵੇਂ ਉਹਨਾਂ 'ਤੇ ਕਾਬੂ ਪਾਇਆ ਗਿਆ ਸੀ । ਪਹਿਲਾਂ ਉਸ ਨੂੰ ਪੇਟ ਦੀ ਅਗਨੀ ਵਿੱਚ ਸੰਭਾਲ ਕੇ ਰੱਖਿਆ ਗਿਆ ਸੀ। ਫਿਰ ਬਾਲਕ ਅਵਸਥਾ ਵਿੱਚ ਉਸ ਦੀ ਮਾਂ ਦੇ ਦੁੱਧ ਆਦਿਕ ਨਾਲ ਸੇਵਾ-ਸੰਭਾਲ ਕਰਾਈ ਗਈ ਸੀ। ਭਰ ਜਵਾਨੀ ਵਿੱਚ ਜਦੋਂ ਉਹ ਆਪਣੇ ਪੈਰਾਂ 'ਤੇ ਕੁਝ ਖੜ੍ਹਾ ਵੀ ਹੋਇਆ ਸੀ ਤਾਂ ਵੀ ਛੱਤੀ ਪ੍ਰਕਾਰ ਦੇ ਭੋਜਨਾਂ ਦੇ ਸੁੱਖ, ਸੁਆਦ ਉਸ ਨੂੰ ਧਰਤੀ, ਪਵਨ, ਪਾਣੀ ਅਗਨੀ ਆਦਿਕ ਤੋਂ ਪ੍ਰਾਪਤ ਕਰਾਏ ਗਏ ਸਨ। ਅੰਤ ਵਿੱਚ ਜਦ ਉਹ ਬਿਰਧ ਹੋ ਕੇ ਆਪਣੀ ਸੰਭਾਲ ਜੋਗਾ ਨਹੀਂ ਰਹਿ ਗਿਆ ਸੀ ਤਾਂ ਵੀ ਉਸ ਨੂੰ ਪੁੱਤਰ, ਧੀਆਂ, ਨੂੰਹਾਂ ਤੇ ਹੋਰ ਸਾਕ ਸੈਣ ਦੇ ਕੇ ਉਸ ਦੀ ਦੇਖਭਾਲ ਕਰਾਈ ਗਈ ਸੀ, ਏਥੋਂ ਤਕ ਕਿ ਉਸ ਨੂੰ ਬੈਠੇ ਬਿਠਾਏ ਨੂੰ ਭੋਜਨ ਆਦਿਕ ਪ੍ਰਾਪਤ ਹੋ ਜਾਂਦੇ ਸਨ । ਇਹ ਸਭ ਕਿਸ ਨੇ ਕਰਵਾਇਆ ਸੀ? ਸਭ ਦੇ ਪਾਲਣਹਾਰ ਪ੍ਰਮਾਤਮਾ ਨੇ । ਉਸ ਨੇ, ਕਿਉਂਕਿ ਉਹ ਪ੍ਰੇਮ ਸਰੂਪ ਹੈ, ਏਹੋ ਉਸ ਦਾ ਵੱਡਾ ਗੁਣ ਹੈ, ਲੱਛਣ ਹੈ, ਜਿਸ ਤੋਂ ਸਭ ਜੀਵਾਂ ਦੀ ਦੇਖ-ਭਾਲ ਸੁੱਤੇ ਉਪਜਦੀ ਹੈ। ਪਰ ਅਫ਼ਸੋਸ ਕਿ ਇਹ ਜੀਵ ਪ੍ਰਮਾਤਮਾ ਦੇ ਇਸ ਗੁਣ ਨੂੰ ਬੁੱਝਦਾ ਹੀ ਨਹੀਂ। ਪ੍ਰਮਾਤਮਾ ਆਪ ਹੀ ਇਸ ਨਿਰਗੁਣ ਉੱਤੇ ਕਿਰਪਾ ਕਰੇ ਤੇ ਇਸ ਨੂੰ ਇਸ ਗੁਣ ਦੀ ਬਖ਼ਸ਼ਿਸ਼ ਕਰੇ ਤੇ ਇਹ ਰੱਬ ਵਾਂਗ ਸੇਵਕ ਹੋ ਕੇ ਵਿਚਰੇ, ਤਾਂ ਹੀ ਇਸ ਦੀ ਬੰਦ ਖਲਾਸੀ ਹੋਵੇਗੀ। ਗੁਰੂ ਸਾਹਿਬ ਦਾ ਇਕ ਸ਼ਬਦ ਹੋਰ ਵੀ ਦਿੰਦੇ ਹਾਂ ਜੋ ਇਸ ਵਿਚਾਰ ਨੂੰ ਸਮਝਣ ਸਮਝਾਉਣ ਵਿੱਚ ਸਹਾਇਤਾ ਕਰਦਾ ਹੈ:—

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ
ਧਿਆਵਨ ਜੋਗ ॥੧॥
ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ ॥
ਤਿਸਹਿ ਤਿਆਗਿ ਕਤ ਅਵਰ ਲੁਭਾਵਹਿ ॥
ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ ॥
ਮਨ ਆਠ ਪਹਰ ਤਾ ਕਾ ਜਸੁ ਗਾਵੀਜੈ ॥

**(ਅੰਗ ੨੬੯)**

ਇਸ ਸ਼ਬਦ ਦਾ ਭਾਵ ਇਹ ਹੈ ਕਿ ਛੱਤੀ ਪ੍ਰਕਾਰ ਦੇ ਅੰਮ੍ਰਿਤ ਪਾਨ ਕਰਕੇ ਸਰੀਰ ਨੂੰ ਖ਼ੁਸ਼ਬੋਆਂ ਨਾਲ ਸੁਗੰਧਤ ਰੱਖਣਾ, ਮਹਿਲ ਮਾੜੀਆਂ ਵਿੱਚ ਸੁੱਖੀ ਵੱਸਣਾ, ਘਰ ਵਿਖੇ ਪ੍ਰੀਵਾਰ ਸਹਿਤ ਅਨੰਦ ਨਾਲ ਉਮਰ ਗੁਜ਼ਾਰਨੀ, ਰੰਗ ਰਸ ਭੋਗਣੇ—ਪਾਟ ਪਟੰਬਰ (ਰੇਸ਼ਮ) ਹੰਢਾਣੇ ਤੇ ਸੇਜਾਂ ਉੱਤੇ ਸੁੱਖਾਂ ਨਾਲ ਰਹਿਣਾ ਆਦਿਕ ਸਭ ਪ੍ਰਮਾਤਮਾ ਦੀ ਕ੍ਰਿਪਾ ਨਾਲ ਹੀ ਹੋ ਸਕਿਆ ਹੈ । ਉਸ ਨੇ ਹੀ ਆਪਣੀ ਸ਼ਕਤੀ ਨਾਲ, ਆਪਣੇ ਹੁਕਮ ਦੀ ਵਰਤੋਂ ਕਰਕੇ, ਆਪਣੇ ਬਣਾਏ ਕਾਨੂੰਨਾਂ ਨੂੰ ਅਮਲ ਵਿੱਚ ਲਿਆ ਕੇ, ਇਹਨਾਂ ਸਭ ਚੀਜ਼ਾਂ ਦੀ ਉਪਜ ਕੀਤੀ ਹੈ ਤੇ ਇਹਨਾਂ ਵਿੱਚ ਸੁਆਦ ਲਿਆਂਦੇ ਹਨ। ਪਰ ਕਿਉਂ ? ਕੇਵਲ ਇਸ ਲਈ ਕਿ ਸਭ ਮਨੁੱਖ ਆਪਣੀਆਂ ਯੋਗ ਤੇ ਜ਼ਰੂਰੀ ਲੋੜਾਂ ਪੂਰੀਆਂ ਕਰ ਸਕਣ । ਪ੍ਰਮਾਤਮਾ ਦਾ ਬਿਰਧ ਹੀ ਪਾਲਣਾ ਤੇ ਰੱਖਿਆ ਕਰਨਾ ਹੈ । ਇਹੋ ਉਸ ਦਾ ਵੱਡਾ ਕਰਮ ਹੈ ਜੋ ਉਸ ਦੀ ਮਿਹਰ ਤੋਂ ਉਪਜਿਆ ਹੈ।ਗੁਰੂ ਸਾਹਿਬ ਦੱਸਣਾ ਚਾਹੁੰਦੇ ਹਨ ਕਿ ਪ੍ਰਮਾਤਮਾ ਵੱਲੋਂ ਪ੍ਰਾਪਤ ਸਭ ਬਖ਼ਸ਼ਿਸ਼ਾਂ ਦੇ ਅਨੰਦ ਮਾਣਦਿਆਂ ਹੋਇਆਂ ਜੀਵ ਨੂੰ ਸਦਾ ਰੱਬ ਚੇਤੇ ਰੱਖਣਾ ਚਾਹੀਦਾ ਹੈ ਤੇ ਉਸ ਦੇ



ਗੁਣ, ਕਰਮ ਤੇ ਸੁਭਾਉ ਆਪਣੇ ਮਨ ਅੰਦਰ ਵਸਾਣੇ ਚਾਹੀਦੇ ਹਨ, ਨਹੀਂ ਤਾਂ ਇਹੋ ਬਖ਼ਸ਼ਿਸ਼ਾਂ ਜ਼ਹਿਰ ਹੋ ਜਾਣਗੀਆਂ। ਸਰੀਰ, ਮਨ ਤੇ ਆਤਮਾ ਨਿਰਬਲ ਹੋ ਜਾਣਗੇ ਤੇ ਜੀਵਨ ਵਿਅਰਥ ਚਲਾ ਜਾਏਗਾ।

ਰੱਬ ਨੂੰ ਚੇਤੇ ਰੱਖਣ ਦਾ ਅਰਥ, ਰੱਬ ਦੇ ਗੁਣ ਗ੍ਰਹਿਣ ਕਰਨ ਤੇ ਰੱਬ ਦੇ ਕੰਮਾਂ ਨੂੰ ਕਰਨ ਲਈ ਤਿਆਰ ਰਹਿਣਾ ਹੈ, ਉਹ ਕੰਮ ਕਰਨ ਲਈ ਜਿਨ੍ਹਾਂ ਦੀ ਚਿੰਤਾ ਉਸ ਨੂੰ ਲੱਗੀ ਰਹਿੰਦੀ ਹੈ:—

ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥
ਤਿਸ ਤੇ ਬਿਰਥਾ ਕੋਈ ਨਾਹਿ ॥

**(ਅੰਗ ੨੮੨)**

ਭਾਵ ਇਹ ਹੈ ਕਿ ਰੱਬ ਦੇ ਪੈਦਾ ਕੀਤੇ ਹੋਏ ਸਭ ਜੀਆਂ ਨੂੰ ਆਪਣਾ ਹੀ ਸਰੂਪ ਸਮਝਣਾ ਤੇ ਵਿਸ਼ੇਸ਼ ਕਰਕੇ ਉਹਨਾਂ ਜੀਆਂ ਨੂੰ ਜਿਹੜੇ ਆਪਣੀ ਰੱਖਿਆ ਤੇ ਆਪਣੀ ਸੰਭਾਲ ਆਪ ਨਾ ਕਰ ਸਕਦੇ ਹੋਣ ।

## ਇਕ ਜੀਵਨ ਦਾਨੀ ਇਤਿਹਾਸਿਕ ਨਿਹੰਗ ਸਿੰਘ

ਇਕ ਨਿਹੰਗ ਸਿੰਘ ਮੋਨਧਾਰੀ ਹੋ ਗਿਆ ਤੇ ਸੰਸਾਰ ਛੱਡ ਕੇ ਕਿਨਾਰਾ ਕਰ ਗਿਆ । ਨਾ ਉਹ ਕਿਸੇ ਤੋਂ ਕੁਝ ਮੰਗਦਾ ਤੇ ਨਾ ਹੀ ਕਿਸੇ ਸ਼ੈਅ ਦੀ ਕੋਈ ਇੱਛਾ ਹੀ ਰੱਖਦਾ । ਜਦੋਂ ਕਦੀ ਅੰਨ ਮਿਲ ਜਾਂਦਾ ਤਾਂ ਖਾ ਲੈਂਦਾ ਨਹੀਂ ਤਾਂ ਕਈ ਕਈ ਦਿਨ ਉਹ ਫਾਕੇ ਮਸਤ ਹੀ ਰਹਿੰਦਾ । ਕਨਿੰਘਮ ਸਾਹਿਬ ਨੂੰ ਉਸ ਦੀ ਇਸ ਬਿਰਤੀ ਦੀ ਖ਼ਬਰ ਉਦੋਂ ਮਿਲੀ ਜਦੋਂ ਉਹ ਇਕ ਘਣੇ ਜੰਗਲ ਵਿੱਚੋਂ ਚੌੜੀ ਸੜਕ ਪੁੱਟ ਰਿਹਾ ਸੀ । ਉਸ ਸਿੰਘ ਨੂੰ ਸੜਕ ਪੁੱਟਦਾ ਦੇਖ ਕੇ ਕਨਿੰਘਮ ਸਾਹਿਬ ਹੈਰਾਨ ਹੋਇਆ ਤੇ ਉਸ ਨੇ ਆਪਣੇ ਦਿਲ ਵਿੱਚ ਸੋਚਿਆ ਕਿ ਇਹ ਸਿੰਘ ਇਕ ਵਿਰੱਕਤ ਸਿੰਘ ਹੁੰਦਾ ਹੋਇਆ ਵੀ ਮਜ਼ਦੂਰਾਂ ਵਾਂਗ ਸੜਕ ਕਿਉਂ ਪੁੱਟ ਰਿਹਾ ਹੈ? ਆਪਣੇ ਹਿਰਦੇ ਦੀ ਇਹ ਸ਼ੰਕਾ ਦੂਰ ਕਰਨ ਲਈ ਉਸ ਨੇ ਸਿੰਘ ਨੂੰ ਪੁੱਛਿਆ ਕਿ ਤੁਸੀਂ ਜਦੋਂ ਵਿਰੱਕਤ ਸਿੰਘ ਹੋ ਚੁੱਕੇ ਹੋ ਫੇਰ ਤੁਹਾਨੂੰ ਹੋਰਨਾਂ ਲੋਕਾਂ ਲਈ ਮਜ਼ਦੂਰਾਂ ਵਾਲੀਆਂ ਕਰੜੀਆਂ ਸਰੀਰਕ ਘਾਲਾਂ ਘਾਲਣ ਦੀ ਕੀ ਲੋੜ ਹੈ ?

ਸਾਹਿਬ ਦੇ ਇਸ ਪ੍ਰਸ਼ਨ ਉੱਤੇ ਸਿੰਘ ਚੁੱਪ ਰਿਹਾ, ਪਰ ਸਾਹਿਬ ਦੇ ਹਿਰਦੇ ਵਿੱਚ ਬੜੀ ਭਾਰੀ ਹੈਰਾਨੀ ਪੈਦਾ ਹੋਈ ਸੀ ਜਿਸ ਨੂੰ ਉਹ ਦੂਰ ਕਰਨਾ ਚਾਹੁੰਦਾ ਸੀ । ਇਸ ਲਈ ਸਾਹਿਬ ਨੇ ਉੱਤਰ ਦੇਣ ਦੀ ਫਿਰ ਬੇਨਤੀ ਕੀਤੀ । ਸਿੰਘ ਨੇ ਉੱਤਰ ਦਿੱਤਾ ਕਿ ਉਸ ਨੂੰ ਕਿਸੇ ਸ਼ੈਅ ਦੀ ਲੋੜ ਨਹੀਂ ਹੈ ਤੇ ਉਹ ਇੱਥੋਂ

ਤਕ ਕਿ ਸੰਸਾਰਕ ਲੋੜਾਂ ਤੋਂ ਬੇਪਰਵਾਹ ਹੈ ਕਿ ਰੋਟੀ ਨਾ ਮਿਲਣ ਉੱਤੇ ਆਪਣਾ ਨਿਰਬਾਹ ਵੀ ਉਹ ਜੜ੍ਹ ਅਥਵਾ ਜੰਗਲੀ ਫਲ ਖਾ ਕੇ ਹੀ ਕਰ ਲੈਂਦਾ ਹੈ । ਸੜਕ ਉਹ ਇਸ ਲਈ ਪੁੱਟ ਰਿਹਾ ਹੈ ਕਿਉਂਕਿ ਏਧਰ ਇਕ ਭਾਰੀ ਨਗਰ ਵੱਸਦਾ ਹੈ ਜਿਸਦਾ ਰਸਤਾ ਇਸ ਜੰਗਲ ਵਿੱਚੋਂ ਪਗਡੰਡੀਆਂ ਦਾ ਹੈ । ਰਾਹੀ ਲੋਕਾਂ ਨੂੰ ਇਸ ਘਣੇ ਜੰਗਲ ਵਿੱਚ ਜੰਗਲੀ ਜਨੌਰਾਂ ਤੇ ਧਾੜਵੀ ਬੰਦਿਆਂ ਤੋਂ ਬਹੁਤ ਦੁੱਖ ਪੁੱਜਦਾ ਹੈ । ਇਸ ਲਈ ਜੇਕਰ ਇਸ ਥਾਂ ਉੱਤੇ ਇਕ ਸੜਕ ਬਣਾ ਦਿੱਤੀ ਜਾਵੇ ਤਾਂ ਉਸ ਦਾ ਇਲਾਕੇ ਦੀ ਜਨਤਾ ਨੂੰ ਬੜਾ ਸੁੱਖ ਹੋਵੇਗਾ । ਸਪੱਸ਼ਟ ਹੈ ਕਿ ਸਿੰਘ ਜੀ ਦਾ ਇਹ ਵਿਸ਼ਵਾਸ ਨਹੀਂ ਸੀ ਕਿ ਵਿਰੱਕਤਾਂ ਨੂੰ ਦੁਨੀਆਂ ਤੋਂ ਅਲੱਗ ਹੋ ਜਾਣਾ ਚਾਹੀਦਾ ਹੈ ਸਗੋਂ ਸੇਵਕ ਹੋ ਕੇ ਵਿਚਰਨਾ ਚਾਹੀਦਾ ਹੈ । ਸਿੰਘ ਦੀ ਸਹੀ ਵਿਚਾਰਧਾਰਾ ਨੂੰ ਸਮਝਦਿਆਂ ਹੋਇਆਂ ਕਿਸੇ ਨੇ ਕੋਲੋਂ ਕਿਹਾ ਕਿ ਜਦੋਂ ਉਹ ਸੰਸਾਰ ਤੋਂ ਵਿਰੱਕਤ ਹੀ ਹੋ ਗਿਆ ਹੈ ਤਾਂ ਉਸ ਨੂੰ ਇਹ ਸੜਕ ਪੁੱਟਣ ਦਾ ਕਠਿਨ ਕੰਮ ਕਰਨ ਦੀ ਕੀ ਲੋੜ ਹੈ, ਜਿਸ ਦੀ ਕਰੜੀ ਸਰੀਰਕ ਮਿਹਨਤ ਕਰਕੇ ਉਸ ਦੇ ਸਿਰ ਤੋਂ ਪੈਰਾਂ ਤਕ ਮੁੜ੍ਹਕਾ ਵੀ ਵਗ ਰਿਹਾ ਹੈ? ਉਹ ਸਰਦੀਆਂ ਦੀ ਰੁੱਤ ਵਿੱਚ ਸਰਦੀ ਤੇ ਗਰਮੀਆਂ ਦੀ ਰੁੱਤੇ ਧੁੱਪ ਦੀਆਂ ਤਕਲੀਫ਼ਾਂ ਕਿਉਂ ਭੋਗਦਾ ਰਹਿੰਦਾ ਹੈ ? ਸੱਚਮੁੱਚ ਉਹ ਭੋਲਾ ਹੈ ਜਿਸ ਨੂੰ ਇਹ ਵੀ ਪਤਾ ਨਹੀਂ ਕਿ ਉਸ ਦੀਆਂ ਕਰੜੀਆਂ ਸਰੀਰਕ ਘਾਲਾਂ ਦੇ ਬਾਵਜੂਦ ਵੀ ਉਸ ਨੂੰ ਕਿਸੇ ਨੇ ਸ਼ਾਬਾਸ਼ ਵੀ ਨਹੀਂ ਆਖਣੀ । ਨਿਹੰਗ ਸਿੰਘ ਨੇ ਹੱਸ ਕੇ ਕਿਹਾ ਕਿ ਕਿਸੇ ਮਨੁੱਖ ਦੀ ਸ਼ਾਬਾਸ਼ ਦੀ ਇੱਛਾ ਤਾਂ ਕਿਤੇ ਰਹੀ ਉਹ ਇਸ ਕੰਮ ਨੂੰ ਕੋਈ ਅਖੌਤੀ ਪੁੰਨ ਸਮਝ ਕੇ ਵੀ ਨਹੀਂ ਕਰ ਰਿਹਾ । ਉਸ ਨੂੰ ਅਕਾਲ ਪੁਰਖ ਨੇ ਮਨੁੱਖਾ ਦੇਹੀ ਦਿੱਤੀ ਹੈ ਤੇ ਹੁਣ ਗੁਰੂ ਦੀ ਸਿੱਖਿਆ ਤੇ ਕਿਰਪਾ ਨਾਲ ਉਹ ਸੰਸਾਰ-ਸੇਵਾ ਦੁਆਰਾ ਉਸ ਅਕਾਲ ਪੁਰਖ ਨੂੰ ਯਾਦ ਰੱਖਣ ਵਿੱਚ ਆਪਣੇ ਮਨ ਨੂੰ ਜੋੜਦਾ ਹੈ । ਜੇਕਰ ਉਹ ਕੋਈ ਕੰਮ ਸੰਸਾਰ ਸੇਵਾ ਦਾ ਨਾ ਕਰੇ ਤਾਂ ਫੇਰ ਉਹ ਮਨੁੱਖ ਨਹੀਂ ਕੀੜਿਆਂ-ਮਕੌੜਿਆਂ ਵਰਗਾ ਹੀ ਹੋਵੇਗਾ । ਬੇਮਨੋਰਥੇ ਢੰਗ ਨਾਲ ਜੀਵਨ ਜੀਅ ਕੇ ਪ੍ਰਮਾਤਮਾ ਦੀ ਬਖ਼ਸ਼ੀ ਹੋਈ ਇਸ ਦੇਹੀ ਦੀ ਸਫਲਤਾ ਨਹੀਂ ਹੋਵੇਗੀ । ਸੋ ਆਪਣੀ ਇਸ ਦੇਹੀ ਨੂੰ ਸਫਲ ਕਰਨ ਲਈ ਹੀ ਉਹ ਇਹ ਸਰੀਰਕ ਘਾਲਾਂ ਘਾਲ ਰਿਹਾ ਹੈ ਤਾਂ ਜੋ ਉਹ ਜਨਤਾ ਦੇ ਸੁੱਖਾਂ ਦਾ ਇਕ ਸਾਧਨ ਬਣ ਸਕੇ । ਉਸ ਨੂੰ ਆਪਣੀ ਵਡਿਆਈ ਜਾਂ ਪ੍ਰਸਿੱਧੀ ਆਦਿ ਦੀ ਕੋਈ ਇੱਛਾ ਨਹੀਂ ।

(ਸਪਤਾਹਿਕ ਪੱਤਰ 'ਖ਼ਾਲਸਾ ਸਮਾਚਾਰ' ਅੰਮ੍ਰਿਤਸਰ ਵਿੱਚੋਂ)



# ਪ੍ਰਿੰਸੀਪਲ ਜੋਧ ਸਿੰਘ ਜੀ ਦਾ ਸਰਟੀਫਿਕੇਟ

ਮੈਂ ੧੮ ਦਸੰਬਰ, ੧੯੪੯ ਨੂੰ ਭਗਤ ਪੂਰਨ ਸਿੰਘ ਜੀ ਦਾ ਪਿੰਗਲਵਾੜਾ ਦੇਖਿਆ । ਭਗਤ ਜੀ ਦੀ ਮੇਰੇ ਨਾਲ ਵਾਕਫ਼ੀ ਸੰਨ ੧੯੪੭ ਦੀਆਂ ਸਰਦੀਆਂ ਵਿੱਚ ਹੋਈ । ਮੈਂ ਉਦੋਂ ਖ਼ਾਲਸਾ ਕਾਲਜ ਸ਼ਰਨਾਰਥੀ ਕੈਂਪ ਦਾ ਕਮਾਂਡੈਂਟ ਸਾਂ ।

ਮੈਂ ਦੇਖਿਆ ਕਿ ਅਪਾਹਿਜਾਂ ਤੇ ਉਨ੍ਹਾਂ ਦੀ ਜਿਨ੍ਹਾਂ ਦਾ ਕੋਈ ਨਹੀਂ ਭਗਤ ਪੂਰਨ ਸਿੰਘ ਬੜੇ ਪ੍ਰੇਮ ਨਾਲ ਸੇਵਾ ਕਰਦੇ ਹਨ । ਸੜਕੋਂ ਪਾਰ ਖ਼ਾਲਸਾ ਕਾਲਜ ਦਾ ਇਕ ਛੋਟਾ ਜਿਹਾ ਮਕਾਨ ਹੈ ਜੋ ਲੜਾਈ ਦੇ ਦਿਨਾਂ ਵਿੱਚ ਇੰਡੀਅਨ ਏਅਰ ਫੋਰਸ ਟਰੇਨਿੰਗ ਸੈਂਟਰ ਲਈ ਬਣਾਇਆ ਗਿਆ ਸੀ । ਭਗਤ ਜੀ ਨੇ ਆਪਣਾ ਡੇਰਾ ਉੱਥੇ ਇਕ ਕਮਰੇ ਵਿੱਚ ਕਰ ਲਿਆ ਤੇ ਜੋ ਆਪਣੀ ਕਿਰਿਆ ਆਪ ਨਾ ਕਰ ਸਕਣ ਉਨ੍ਹਾਂ ਨੂੰ ਉੱਥੇ ਰੱਖ ਕੇ ਸੇਵਾ ਅਰੰਭ ਕੀਤੀ । ਇਨ੍ਹਾਂ ਲਈ ਗੰਦੇ ਕੱਪੜਿਆਂ ਨੂੰ ਸਾਫ਼ ਕਰਨਾ, ਜਿਨ੍ਹਾਂ ਕੰਮਾਂ ਤੋਂ ਲੋਕੀਂ ਆਮ ਤੌਰ 'ਤੇ ਘ੍ਰਿਣਾ ਕਰਦੇ ਹਨ ਇਕ ਮਾਮੂਲੀ ਗੱਲ ਸੀ । ਜਦੋਂ ਇੱਥੋਂ ਕੈਂਪ ਟੁੱਟ ਗਿਆ ਤਾਂ ਇਹ ਵੀ ਥੋੜ੍ਹੀ ਦੇਰ ਮਗਰੋਂ ਉਹ ਕਮਰਾ ਖ਼ਾਲੀ ਕਰਕੇ ਚਲੇ ਗਏ । ਪ੍ਰੰਤੂ ਮਾਲੂਮ ਹੁੰਦਾ ਹੈ ਆਪਣੀ ਧੁਨ ਨੂੰ ਉਨ੍ਹਾਂ ਨੇ ਜਾਰੀ ਰੱਖਿਆ ਹੈ । ਅੱਜ ਜੋ ਕੁਝ ਮੈਂ ਵੇਖਿਆ ਹੈ ਉਸ ਦੀ ਪ੍ਰਸ਼ੰਸਾ ਕਰਨੋਂ ਕੌਣ ਰੁਕ ਸਕਦਾ ਹੈ । ਇਸ ਪਿੰਗਲਵਾੜਾ ਆਸ਼ਰਮ ਵਿੱਚ ੭੦ ਦੇ ਕਰੀਬ ਰੋਗੀ ਤੇ ਅਪਾਹਿਜ ਹਨ, ਜਿਨ੍ਹਾਂ ਦੀ ਹਰ ਲੋੜ ਨੂੰ ਭਗਤ ਜੀ ਪੂਰਾ ਕਰਨ ਦਾ ਯਤਨ ਕਰ ਰਹੇ ਹਨ । ਪੈਸੇ ਦੇਣੇ ਮੈਂ ਸੌਖਾ ਕੰਮ ਸਮਝਦਾ ਹਾਂ ਪਰ ਹੱਥੀਂ ਸੇਵਾ ਕਰਨੀ ਬਹੁਤ ਔਖਾ ਕੰਮ ਹੈ, ਫਿਰ ਉਨ੍ਹਾਂ ਦੀ ਜਿਨ੍ਹਾਂ ਤੋਂ ਛੂਤ ਲੱਗਣ ਦਾ ਸਦਾ ਭੈ ਰਹੇ; ਪ੍ਰੰਤੂ ਭਗਤ ਜੀ ਗੁਰੂ ਜੀ ਦੀ ਸਿੱਖਿਆ ਅਨੁਸਾਰ ਇਨ੍ਹਾਂ ਗੱਲਾਂ ਤੋਂ ਬੇਪ੍ਰਵਾਹ ਹੋ ਕੇ ਨਿਆਸਰਿਆਂ ਦਾ ਆਸਰਾ ਬਣੇ ਹੋਏ ਹਨ । ਮੈਂ ਤਾਂ ਉਨ੍ਹਾਂ ਦੀ ਸੇਵਾ ਵੇਖ ਕੇ ਅਸਚਰਜਤਾ ਹੀ ਪ੍ਰਗਟ ਕਰ ਸਕਦਾ ਹਾਂ ਕਿ ਸਤਿਗੁਰੂ ਜੀ ਨੇ ਇਨ੍ਹਾਂ ਉੱਪਰ ਕਿਤਨੀ ਕ੍ਰਿਪਾ ਦ੍ਰਿਸ਼ਟੀ ਕੀਤੀ ਹੈ । ਮੈਂ ਸਰਦੇ ਪੁਜਦੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਕਰਦਾ ਹਾਂ ਕਿ ਉਹ ਮਾਇਕ ਥੁੜ ਭਗਤ ਜੀ ਨੂੰ ਨਾ ਆਉਣ ਦੇਣ । ਇਹ ਆਸ਼ਰਮ ਸੱਚਮੁੱਚ ਨਿਥਾਵਿਆਂ ਦੀ ਥਾਂ ਹੈ ।

**ਜੋਧ ਸਿੰਘ ਪ੍ਰਿੰਸੀਪਲ**
ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ

## Involvement of Students

The Youth should be made to understand that the present methods of violence and destruction of public property would do incalculate harm to the democratic fabric of the country. Violence inevitably provokes counter violence and creates conditions of a virtual civil war which, in turn, promotes fascist tendencies in State administration. *Dr. Arnold Toynbee*, in his latest publication entitled "Surviving the Future." tenders the following significant advice to the younger generation: *"Above all, try to be patient and avoid violence. Take your lessons from the leaders of great philosophies and religions. Try to copy the gentleness, the patience, the long-suffering of the Buddha and Jesus and of other great souls, such as Gandhi, who have appeared among us in our own time."* -Dr. Shriman Narayan.

The Weekly Swarajya Madras, Annual Number 1973. Arnold Toynbee, Surviving The Future London Oxford University Press, New York, Toronto 1971.

If the past can be any guide to Surviving the Future who is better equipped to illuminate this than Dr. Arnold Toynbee with his own long past and his study of a longer one? This book originated as a dialogue between Dr. Toynbee and Professor Wakeiazumi of the Kyoto Sangyo University in Japan. It has been recast to form seven essays, each opened by a questioning paragraph, the problems raised are there that are increasingly worrying greater number of people.



ਰਚਨਾਤਮਿਕ ਪ੍ਰੋਗਰਾਮ ਨੂੰ ਮਹਾਤਮਾ ਗਾਂਧੀ ਨੇ ਸੰਨ ੧੯੩੪ ਦੇ ਜਨਵਰੀ ਮਹੀਨੇ ਦੀ ਪਹਿਲੀ ਤਾਰੀਖ਼ ਵਾਲੇ ਦਿਨ ਅਰੰਭ ਕੀਤਾ ਸੀ । ਦੇਸ਼-ਵਾਸੀਆਂ ਨੇ ਰਾਸ਼ਟਰ-ਪਿਤਾ ਮਹਾਤਮਾ ਗਾਂਧੀ ਦੀ ਅਗਵਾਈ ਹੇਠ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸ਼ਾਂਤਮਈ ਅੰਦੋਲਨ ਦੁਆਰਾ ਆਜ਼ਾਦੀ ਦੀ ਲੜਾਈ ਲੜੀ ਸੀ । ਆਜ਼ਾਦੀ ਦੀ ਲਹਿਰ ਦੇ ਵਲੰਟੀਅਰ ਸ਼ਰਾਬ ਦੇ ਠੇਕਿਆਂ ਅੱਗੇ, ਬਦੇਸ਼ੀ ਕੱਪੜੇ ਦੀਆਂ ਦੁਕਾਨਾਂ ਅੱਗੇ ਖੜ੍ਹੇ ਹੋ ਕੇ ਗਾਹਕਾਂ ਨੂੰ ਇਹ ਕਹਿ ਕੇ ਸਿਵਲ-ਨਾ-ਫੁਰਮਾਨੀ ਕਰਦੇ ਸਨ ਕਿ ਭਾਈ ਤੁਸੀਂ ਵਲਾਇਤੀ ਕੱਪੜਾ ਨਾ ਖ਼ਰੀਦੋ, ਸ਼ਰਾਬ ਨਾ ਖ਼ਰੀਦੋ । ਇਸ ਗਾਹਕ-ਰੋਕੂ ਅਪਰਾਧ ਦੇ ਕਾਰਨ ਵਲੰਟੀਅਰਾਂ ਨੂੰ ਤਿੰਨ ਮਹੀਨੇ ਜਾਂ ਛੇ ਮਹੀਨੇ ਦੀ ਕੈਦ ਦੀ ਸਜ਼ਾ ਹੁੰਦੀ ਸੀ; ਪਰ ਨਾ-ਫੁਰਮਾਨੀ ਦਾ ਚੱਕਰ ਸਦਾ ਨਹੀਂ ਚਲਦਾ ਸੀ । ਇਹ ਨਾ-ਫੁਰਮਾਨੀ ਤਿੰਨ ਵਾਰ ਚਾਲੂ ਕੀਤੀ ਗਈ ਸੀ । ਇਕ ਸੰਨ ੧੯੨੦ ਦੇ ਲਾਗੇ, ਦੂਜੀ ੧੯੩੦ ਦੇ ਲਾਗੇ ਤੇ ਤੀਜੀ ੧੯੪੨ ਵਿੱਚ । ਕੁਝ ਮਹੀਨਿਆਂ ਦੇ ਅੰਦਰ-ਅੰਦਰ ਕਾਂਗਰਸ ਦਾ ਸਰਕਾਰ ਨਾਲ ਸਮਝੌਤਾ ਹੋ ਜਾਂਦਾ ਸੀ ਤੇ ਨਾ-ਫੁਰਮਾਨੀ ਕਰਨ ਵਾਲੇ ਸਾਰੇ ਕੈਦੀ ਰਿਹਾਅ ਹੋ ਜਾਇਆ ਕਰਦੇ ਸਨ । ਰਿਹਾਅ ਹੋਣ ਵਾਲੇ ਕਿਸੇ ਕੈਦੀ ਦੀ ਕੈਦ ੧੦ ਦਿਨਾਂ ਦੀ ਵੀ ਹੋ ਸਕਦੀ ਸੀ । ਇਕ ਸਿਵਲ-ਨਾ-ਫੁਰਮਾਨੀ ਤੇ ਦੂਜੀ ਨਾ-ਫੁਰਮਾਨੀ ਦੇ ਵਿਚਕਾਰ ਸਾਲਾਂ ਦੀ ਵਿੱਥ ਪੈਂਦੀ ਗਈ । ਮਹਾਤਮਾ ਜੀ ਨੇ ਸੋਚਿਆ ਕਿ ਕੁਝ ਮਹੀਨਿਆਂ ਦੀ ਕੈਦ ਕੱਟ ਕੇ ਬੰਦਾ ਘਰ ਨੂੰ ਚਲਾ ਜਾਂਦਾ ਹੈ ਤੇ ਆਪਣੇ ਕੰਮ ਵਿੱਚ ਲੱਗ ਜਾਂਦਾ ਹੈ । ਨਵੇਂ ਸਿਰੇ ਕੈਦ ਹੋਣ ਦਾ ਵੇਲਾ ਸਾਲਾਂ ਮਗਰੋਂ ਆਉਂਦਾ ਸੀ। ਇਸ ਲਈ ਕਿਹੜਾ ਢੰਗ ਵਰਤਿਆ ਜਾਵੇ ਕਿ ਇਕ ਨਾ-ਫੁਰਮਾਨੀ ਤੇ ਦੂਜੀ ਨਾ-ਫੁਰਮਾਨੀ ਦੇ ਵਿਚਕਾਰ ਦੇ ਕਈ ਸਾਲਾਂ ਦੇ ਸਮੇਂ ਵਿੱਚ ਇਕ ਵਲੰਟੀਅਰ ਦੀ ਦੇਸ਼ ਲਈ ਜਾਗੀ ਹੋਈ ਭਾਵਨਾ ਨੂੰ ਜਿਊਂਦਿਆਂ ਜਾਗਦਿਆਂ ਰੱਖਿਆ ਜਾ ਸਕੇ । ਵਲੰਟੀਅਰ ਦੀ ਇਸ ਜਾਗੀ ਹੋਈ ਭਾਵਨਾ ਨੂੰ ਕਾਇਮ ਰੱਖਣ ਲਈ ਗਾਂਧੀ ਜੀ ਨੇ ਰਚਨਾਤਮਿਕ ਪ੍ਰੋਗਰਾਮ ਚਲਾਇਆ ਸੀ ਤਾਂ ਜੋ ਵਲੰਟੀਅਰ ਘਰ-ਘਰ ਜਾ ਕੇ ਖੱਦਰ ਦਾ ਪ੍ਰਚਾਰ ਕਰਨ, ਸ਼ਰਾਬ ਦੇ ਵਿਰੁੱਧ ਪ੍ਰਚਾਰ ਕਰਨ, ਹਿੰਦੂ-ਮੁਸਲਮ ਏਕਤਾ ਦਾ ਪ੍ਰਚਾਰ ਕਰਨ, ਗਊ ਸੇਵਾ ਦਾ ਪ੍ਰਚਾਰ ਕਰਨ; ਇਸ ਰਚਨਾਤਮਿਕ ਕਾਰਯਕਰਮ ਨਾਲ ਸੰਬੰਧਿਤ ਹੋਣ ਵਾਲੇ ਵਲੰਟੀਅਰਾਂ ਬਾਰੇ ਗਾਂਧੀ ਜੀ ਨੇ ਇਹ ਦਸਤੂਰ ਬਣਾਇਆ ਸੀ ਕਿ ਉਹ ਕੈਦ ਨਹੀਂ ਹੋਣਗੇ । ਇਸ ਪ੍ਰੋਗਰਾਮ ਨੂੰ ਚਾਲੂ ਕਰਕੇ ਗਾਂਧੀ ਜੀ ਨੂੰ ਸਿੰਧ ਪ੍ਰਾਂਤ ਦੇ ਦੌਰੇ 'ਤੇ ਜਾਣਾ ਪੈ ਗਿਆ। ਇਹ ਪ੍ਰਾਂਤ ਪੱਛਮੀ ਪਾਕਿਸਤਾਨ ਵਿੱਚ ਆ ਗਿਆ ਹੈ । ਸਿੰਧ ਪੁੱਜਣ 'ਤੇ ਮਹਾਤਮਾ

ਗਾਂਧੀ ਜੀ ਦੇ ਕੁਝ ਕਾਂਗਰਸੀ ਮਿੱਤਰਾਂ ਨੇ ਉਨ੍ਹਾਂ ਨੂੰ ਆਖਿਆ ਕਿ ਮਹਾਤਮਾ ਜੀ ਤੁਸੀਂ ਰਚਨਾਤਮਿਕ ਪ੍ਰੋਗਰਾਮ ਚਾਲੂ ਕਰਕੇ ਇਕ ਨਰਮ ਪ੍ਰੋਗਰਾਮ ਚਾਲੂ ਕੀਤਾ ਹੈ । ਤੁਸੀਂ ਰਚਨਾਤਮਿਕ ਕੰਮ ਕਰਨ ਵਾਲੇ ਵਲੰਟੀਅਰ ਨੂੰ ਕੈਦ ਹੋਣ ਤੋਂ ਛੋਟ ਦੇ ਕੇ ਇਕ ਸਖ਼ਤ ਪ੍ਰੋਗਰਾਮ ਦੀ ਥਾਂ ਇਕ ਨਰਮ ਪ੍ਰੋਗਰਾਮ ਚਾਲੂ ਕਰ ਦਿੱਤਾ ਹੈ । ਮਹਾਤਮਾ ਜੀ ਨੇ ਉਨ੍ਹਾਂ ਮਿੱਤਰਾਂ ਦੇ ਇਸ ਪ੍ਰਸ਼ਨ ਦਾ ਹੇਠ ਲਿਖਿਆ ਉੱਤਰ ਦਿੱਤਾ ਜਿਹੜਾ ਅੰਗਰੇਜ਼ੀ ਟ੍ਰਿਬਿਊਨ ਵਿੱਚ ਛਪਿਆ ਸੀ ।—

"When Gandhiji visited Sindh, some of his Congress friends criticised the Congress constructive programme as being mild, but Gandhiji refuted the argument by saying that a programme which benefited the masses of India could not be called mild. To hear the grievances of the people day by day and then try to redress them is much more difficult than going to Jail. Whenever I go to jail I get plenty of goat's milk, fruit and rest and that is a mild programme."

ਅਰਥਾਤ "ਜਦ ਮਹਾਤਮਾ ਜੀ ਨੇ ਸਿੰਧ ਪ੍ਰਾਂਤ ਦਾ ਦੌਰਾ ਕੀਤਾ ਤਾਂ ਉਨ੍ਹਾਂ ਦੇ ਕੁਝ ਕਾਂਗਰਸੀ ਮਿੱਤਰਾਂ ਨੇ ਉਨ੍ਹਾਂ ਨੂੰ ਇਤਰਾਜ਼ ਕਰਦਿਆਂ ਕਿਹਾ ਕਿ ਮਹਾਤਮਾ ਜੀ ਤੁਸੀਂ ਰਚਨਾਤਮਿਕ ਪ੍ਰੋਗਰਾਮ ਚਾਲੂ ਕਰਕੇ ਇਕ ਨਰਮ ਪ੍ਰੋਗਰਾਮ ਚਾਲੂ ਕਰ ਦਿੱਤਾ ਹੈ । ਉਨ੍ਹਾਂ ਮਿੱਤਰਾਂ ਦਾ ਭਾਵ ਇਹ ਸੀ ਕਿ ਖੱਦਰ ਦੇ ਪ੍ਰਚਾਰ ਦੇ ਕੰਮ ਨਾਲੋਂ ਜੇਲ੍ਹ ਜਾਣ ਦਾ ਕੰਮ ਵਧੇਰੇ ਔਖਾ ਹੈ । ਗਾਂਧੀ ਜੀ ਨੇ ਉਨ੍ਹਾਂ ਮਿੱਤਰਾਂ ਦਾ ਇਹ ਪ੍ਰਸ਼ਨ ਸੁਣ ਕੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਜਿਸ ਪ੍ਰੋਗਰਾਮ ਤੋਂ ਜਨਤਾ ਨੂੰ ਲਾਭ ਪੁੱਜਦਾ ਹੋਵੇ ਉਸ ਨੂੰ ਨਰਮ ਨਹੀਂ ਕਿਹਾ ਜਾ ਸਕਦਾ । ਦਿਨ-ਪ੍ਰਤੀ-ਦਿਨ ਲੋਕਾਂ ਦੇ ਦੁੱਖੜੇ ਸੁਣਨੇ ਤੇ ਉਨ੍ਹਾਂ ਦੁੱਖੜਿਆਂ ਨੂੰ ਨਿਵ੍ਰਿਤ ਕਰਨ ਦਾ ਯਤਨ ਕਰਨਾ ਜੇਲ੍ਹ ਜਾਣ ਨਾਲੋਂ ਕਿਤੇ ਵੱਧ ਔਖਾ ਹੈ । ਜਦ ਕਦੇ ਵੀ ਜੇਲ੍ਹ ਨੂੰ ਜਾਂਦਾ ਹਾਂ, ਮੈਨੂੰ ਵੱਧ ਤੋਂ ਵੱਧ ਅਰਾਮ ਮਿਲਦਾ ਹੈ ਤੇ ਲੋੜ ਤੋਂ ਵੱਧ ਬੱਕਰੀ ਦਾ ਦੁੱਧ ਮਿਲਦਾ ਹੈ, ਲੋੜ ਤੋਂ ਵੱਧ ਫਲ ਮਿਲਦੇ ਹਨ ਤੇ ਮੇਰੀ ਨਿਗਾਹ ਵਿੱਚ ਐਨੀਆਂ ਮੌਜ਼ਾਂ ਵਾਲਾ ਜੇਲ੍ਹ ਜਾਣ ਦਾ ਪ੍ਰੋਗਰਾਮ ਇਕ ਸੁਖਾਲਾ ਪ੍ਰੋਗਰਾਮ ਹੈ ।"

ਇਹ ਸ਼ਾਇਦ ਸੰਨ ੧੯੧੯ ਦੀ ਗੱਲ ਹੋਵੇਗੀ । ਜਦ ਪਹਿਲੀ ਵਾਰ ਖੱਦਰ ਦਾ ਪ੍ਰਚਾਰ ਅਰੰਭ ਹੋਇਆ । ਉਸ ਸਾਲ ਦੁਸਹਿਰੇ ਵਾਲੇ ਦਿਨ ਮੈਨੂੰ ਮੇਰੇ ਪਿਤਾ ਨੇ ਮੋਟੀ ਮਲਮਲ ਦੀ ਪੱਗ ਮੁੱਲ ਲਿਆ ਕੇ ਦਿੱਤੀ ਸੀ । ਮੈਂ ਕਲੇਸ਼



ਕੀਤਾ ਕਿ ਮੈਂ ਬਰੀਕ ਮਲਮਲ ਦੀ ਪੱਗ ਲੈਣੀ ਹੈ । ਮਾਂ-ਬਾਪ ਨੇ ਮੈਨੂੰ ਬੜੇ ਯਤਨਾਂ ਨਾਲ ਉਹ ਪੱਗ ਬੰਨ੍ਹਣ ਲਈ ਮਨਾਇਆ ਪਰ ਸਿਆਲ ਦੇ ਦਿਨਾਂ ਵਿੱਚ ਸਾਡੇ ਬੋਰਡਿੰਗ ਹਾਊਸ ਦੇ ਬਾਹਰ ਕਾਂਗਰਸ ਦਾ ਜਲਸਾ ਹੋਇਆ । ਉਸ ਵਿੱਚ ਵਲਾਇਤੀ ਕੱਪੜੇ ਦੀ ਹੋਲੀ ਜਲਾਈ ਗਈ, ਵਿਦੇਸ਼ੀ ਕੱਪੜਾ ਅਗਨ ਭੇਂਟ ਕੀਤਾ ਗਿਆ । ਵਿਖਿਆਨ ਦੇਣ ਵਾਲੇ ਨੇ ਕਿਹਾ ਕਿ ਇੰਗਲੈਂਡ ਤੋਂ ਆਉਣ ਵਾਲੇ ਮਲਮਲ ਤੇ ਲੱਠੇ ਨੂੰ ਗਊ ਦੇ ਹੱਡਾਂ ਦੀ ਪਾਣ ਦਿੱਤੀ ਜਾਂਦੀ ਹੈ । ਬਸ ਜਿਸ ਪੱਗ ਨੂੰ ਮੈਂ ਮੋਟੀ ਮਲਮਲ ਦੀ ਹੋਣ ਕਰਕੇ ਬੰਨ੍ਹਣਾ ਨਹੀਂ ਚਾਹੁੰਦਾ ਸਾਂ ਉਹ ਪੱਗ ਮੈਂ ਤੀਜੇ ਨੰਬਰ 'ਤੇ ਸੜਨ ਲਈ ਸੁੱਟ ਦਿੱਤੀ । ਸੰਨ ੧੯੨੭ ਤੋਂ ਲੈ ਕੇ ੧੯੯੨ ਤਕ ਮੈਂ ਨਾ ਕੇਵਲ ਖੱਦਰ ਆਪ ਪਹਿਨ ਰਿਹਾ ਹਾਂ ਬਲਕਿ ਉਸ ਦਾ ਪ੍ਰਚਾਰ ਵੀ ਕਰਦਾ ਰਿਹਾ ਹਾਂ । ਪਿੰਗਲਵਾੜਾ ਹਰ ਸਾਲ ਇਕ ਲੱਖ ਰੁਪਏ ਦਾ ਖੱਦਰ ਖ਼ਰੀਦਦਾ ਹੈ । ਸੇਵਾਦਾਰਾਂ ਨੂੰ ਤਨਖ਼ਾਹ ਦੇ ਕੁਝ ਹਿੱਸੇ ਵਿੱਚ ਖੱਦਰ ਮਿਲਦਾ ਹੈ ।

ਸੰਨ ੧੯੨੭ ਜਾਂ ੨੮ ਵਿੱਚ ਮਹਾਤਮਾ ਜੀ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ 'ਯੰਗ ਇੰਡੀਆ' ਵਿੱਚ ਮੈਂ ਪੜ੍ਹਿਆ ਕਿ ਇਕ ਬੰਦੇ ਨੂੰ ਮਹਾਤਮਾ ਜੀ ਦੇ ਪੇਸ਼ ਕੀਤਾ ਗਿਆ ਜਿਹੜਾ ਪ੍ਰਚਾਰ ਦੇ ਖ਼ਿਆਲ ਨਾਲ ਤੁਰ ਫਿਰ ਕੇ ਖੱਦਰ ਵੇਚਦਾ ਹੁੰਦਾ ਸੀ । ਮੈਂ ਸੋਚਿਆ ਕਿ ਮੈਂ ਵੀ ਖੱਦਰ ਦੇ ਪ੍ਰਚਾਰ ਲਈ ਖੱਦਰ ਵੇਚਿਆ ਕਰਾਂ । ਪਰ ਮੈਂ ਤਾਂ ਪੈਸਾ ਕਮਾਉਣਾ ਨਹੀਂ ਸੀ । ਖੱਦਰ ਦਾ ਪ੍ਰਚਾਰ ਤੇ ਦੇਸ਼-ਭਗਤੀ ਦਾ ਪ੍ਰਚਾਰ ਕਰਨ ਲਈ ਮੈਂ ਜੀਵਨ ਅਰਪਣ ਕਰ ਦਿੱਤਾ ਸੀ । ਫੇਰ ਮੈਂ ਕੇਵਲ ਖੱਦਰ ਦੀ ਹੀ ਫੇਰੀ ਨਹੀਂ ਲਾਉਣਾ ਚਾਹੁੰਦਾ ਸਾਂ ਬਲਕਿ ਮੈਨੂੰ ਤਾਂ ਮਹਾਤਮਾ ਗਾਂਧੀ ਦੀਆਂ ਆਪਣੀਆਂ ਲਿਖੀਆਂ ਪੁਸਤਕਾਂ, ਉਨ੍ਹਾਂ ਦੇ ਵਿਚਾਰਾਂ ਨਾਲ ਮੇਲ ਖਾਂਦੀਆਂ ਪੁਸਤਕਾਂ, ਦੇਸ਼ ਦੇ ਬੰਦਿਆਂ ਨੂੰ ਸਦਾਚਾਰ ਦੀ ਸਿੱਖਿਆ ਦੇਣ ਵਾਲੀਆਂ ਪੁਸਤਕਾਂ ਤੇ ਦੇਸ਼ ਦੀ ਸੁਤੰਤਰਤਾ ਨਾਲ ਸੰਬੰਧ ਰੱਖਣ ਵਾਲੀਆਂ ਪੁਸਤਕਾਂ ਨੂੰ ਘਰ-ਘਰ ਪਹੁੰਚਾਉਣ ਦਾ ਖ਼ਿਆਲ ਹਰ ਵੇਲੇ ਰਹਿੰਦਾ ਸੀ । ਮਹਾਤਮਾ ਜੀ ਦੀ ਜਿਹੜੀ ਜੀਵਨ ਕਹਾਣੀ ਉਨ੍ਹਾਂ ਦੇ ਸਪਤਾਹਿਕ ਅੰਗਰੇਜ਼ੀ ਅਖ਼ਬਾਰ ਯੰਗ ਇੰਡੀਆ ਤੇ ਹਿੰਦੀ ਸਪਤਾਹਿਕ ਪੱਤਰ ਨਵ-ਜੀਵਨ ਵਿੱਚ ਹਰ ਹਫ਼ਤੇ ਲੜੀਵਾਰ ਛਪ ਰਹੀ ਸੀ ਉਸ ਪੁਤਸਕ ਨੂੰ ਅੰਗਰੇਜ਼ੀ ਵਿੱਚ ਛਾਪਣ ਦੀ ਤਿਆਰੀ ਹੋ ਗਈ ਸੀ ।

ਮੈਂ ਉਨ੍ਹਾਂ ਦਾ ਅੰਗਰੇਜ਼ੀ ਅਖ਼ਬਾਰ ਪੜ੍ਹਦਾ ਰਹਿੰਦਾ ਸੀ । ਉਸ ਪੁਸਤਕ ਬਾਰੇ ਉਸ ਪਰਚੇ ਵਿੱਚ ਇਸ਼ਤਿਹਾਰ ਨਿਕਲਿਆ ਸੀ ਕਿ ਜਿਹੜੇ ਬੰਦੇ ਫਲਾਣੀ ਤਾਰੀਖ਼ ਤਕ ਪੈਸੇ ਭੇਜ ਦੇਣਗੇ, ਉਨ੍ਹਾਂ ਨੂੰ ਰਿਆਇਤੀ ਕੀਮਤ

’ਤੇ ਪੁਸਤਕ ਮਿਲੇਗੀ। ਉਨ੍ਹਾਂ ਦਿਨਾਂ ਵਿੱਚ ਮੈਂ ਲਾਹੌਰ ਸ਼ਹਿਰ ਦੇ ਸਰਕਾਰੀ ਹਸਪਤਾਲ ਵਿੱਚ ਕੰਪਾਊਂਡਰੀ ਦਾ ਕੰਮ ਸਿੱਖ ਰਿਹਾ ਸਾਂ। ਮੈਨੂੰ ਕੋਈ ਅਲਾਊਂਸ ਜਾਂ ਤਨਖ਼ਾਹ ਨਹੀਂ ਮਿਲਦੀ ਸੀ। ਕੇਵਲ ਪੰਜ ਰੁਪਏ ਮਹੀਨਾ ਮੈਨੂੰ ਸ੍ਰ: ਸੰਗਤ ਸਿੰਘ ਇੰਜੀਨੀਅਰ ਸਹਾਇਤਾ ਦੇ ਤੌਰ ’ਤੇ ਹਰ ਮਹੀਨੇ ਦੇਂਦਾ ਸੀ। ਉਨ੍ਹਾਂ ਪੰਜ ਰੁਪਿਆਂ ਵਿੱਚੋਂ ਮੈਂ ਚਾਰ ਆਨੇ ਅਰਥਾਤ ਪੰਝੀ ਪੈਸਿਆਂ ਦੇ ਮਹਾਤਮਾ ਗਾਂਧੀ ਦੇ ਸਪਤਾਹਿਕ ਯੰਗ ਇੰਡੀਆ ਪਰਚੇ ਦੇ ਦੋ ਪਰਚੇ ਹਰ ਹਫ਼ਤੇ ਮੁੱਲ ਲੈ ਲਿਆ ਕਰਦਾ ਸਾਂ। ਯੰਗ ਇੰਡੀਆ ਦੇ ਕੁੱਲ ਅੱਠ ਪਰਚੇ ਲਾਹੌਰ ਸ਼ਹਿਰ ਵਿੱਚ ਇਕ ਮੁਸਲਮਾਨ ਅਖ਼ਬਾਰਾਂ ਵੇਚਣ ਵਾਲੇ ਕੋਲ ਆਇਆ ਕਰਦੇ ਸਨ। ਇਨ੍ਹਾਂ ਅੱਠ ਪਰਚਿਆਂ ਵਿੱਚੋਂ ਇਕ ਪਰਚਾ ਪ੍ਰੋਫ਼ੈਸਰ ਅਬਦੁੱਲ ਮਜੀਦ ਖ਼ਾਂ ਲਿਆ ਕਰਦਾ ਸੀ ਜਿਹੜਾ ਫਾਰ ਮੈੱਨ ਕ੍ਰਿਸਚੀਅਨ ਕਾਲਜ ਦਾ ਵਿਦਿਆਰਥੀ ਰਿਹਾ ਸੀ ਤੇ ਫਿਰ ਉਸੇ ਕਾਲਜ ਦਾ ਪ੍ਰੋਫ਼ੈਸਰ ਬਣ ਗਿਆ ਸੀ। ਡਾਕ ਰਾਹੀਂ ਕੁੱਲ ਮਿਲਾ ਕੇ ਵੱਧ ਤੋਂ ਵੱਧ ਸ਼ਾਇਦ ਪੰਝੀ ਪਰਚੇ ਲਾਹੌਰ ਸ਼ਹਿਰ ਵਿੱਚ ਆਉਂਦੇ ਹੋਣਗੇ। ਜਿਨ੍ਹਾਂ ਦੋ ਪਰਚਿਆਂ ਨੂੰ ਮੈਂ ਖ਼ਰੀਦਦਾ ਸਾਂ। ਉਨ੍ਹਾਂ ਦੋਹਾਂ ਵਿੱਚ ਇਕ ਪਰਚਾ ਹਸਪਤਾਲ ਦੇ ਡਾਕਟਰ ਸੰਤ ਰਾਮ ਢੱਲ ਤੇ ਡਾ: ਪ੍ਰੇਮ ਨਾਥ ਡੋਗਰਾ ਜੈਸੇ ਡਾਕਟਰਾਂ ਨੂੰ ਦਿਆ ਕਰਦਾ ਸੀ। ਇਹ ਇਸ਼ਤਿਹਾਰ ਮਹਾਤਮਾ ਜੀ ਦੇ ਯੰਗ ਇੰਡੀਆ ਪਰਚੇ ਵਿੱਚ ਉਹਨਾਂ ਦੀ ਅੰਗਰੇਜ਼ੀ ਵਿੱਚ ਜੀਵਨ ਕਥਾ ਪੁਸਤਕ ਬਾਰੇ ਪੇਸ਼ਗੀ ਕੀਮਤ ਘੱਲਣ ਬਾਰੇ ਨਿਕਲਿਆ ਸੀ।

ਮਹਾਤਮਾ ਜੀ ਦੇ **Young India** ਪਰਚੇ ਵਿੱਚ ਮਹਾਤਮਾ ਜੀ ਦੀ ਆਤਮ-ਕਥਾ ਬਾਰੇ ਲੇਖ ਨਿਕਲਿਆ ਸੀ। ਉਸ ਵਿੱਚ ਇਕ ਇਸ਼ਤਿਹਾਰ **Hand Spinning and hand weaving.** ਬਾਰੇ ਵੀ ਨਿਕਲਿਆ ਸੀ ਅਰਥਾਤ **‘ਹੱਥ ਦੀ ਕਤਾਈ ਤੇ ਹੱਥ ਦੀ ਬੁਣਾਈ’**, ਬਾਰੇ ਲੇਖ। ਮਹਾਤਮਾ ਜੀ ਦੀ ਜੀਵਨ-ਕਥਾ ਦੀ ਕਹਾਣੀ ਹੇਠ ਲਿਖੇ ਸਿਰਲੇਖ ਹੇਠ ਉਨ੍ਹਾਂ ਦੇ ਸਪਤਾਹਿਕ ਪੱਤਰ “ਯੰਗ ਇੰਡੀਆ” ਤੇ ਹਿੰਦੀ ਸਪਤਾਹਿਕ ਨਵਜੀਵਨ ਦੋਹਾਂ ਵਿੱਚ ਲੜੀਵਾਰ ਹਰ ਹਫ਼ਤੇ ਛਪ ਰਹੀ ਸੀ।

**An Essay on Hand spinning and hand weaving.**

ਹੱਥ ਦੀ ਕਤਾਈ ਬੁਣਾਈ ਵਾਲੀ ਪਹਿਲੀ ਪੁਸਤਕ ਸੀ ਜਿਸ ਨੂੰ ਗਾਂਧੀ ਜੀ ਨੇ ਨਵਜੀਵਨ ਟਰੱਸਟ ਦੇ ਨਵਜੀਵਨ ਪ੍ਰੈੱਸ ਵਿੱਚ ਛਪਵਾਇਆ ਸੀ। ਇਸ ਪੁਸਤਕ ਨੂੰ ਲਿਖਵਾਉਣ ਲਈ ਇਕ ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ਹੋਇਆ। ਇਸ ਐਲਾਨ ਦੇ ਸਦਕੇ ਇਕ ਹਜ਼ਾਰ ਲੇਖ ਪੁੱਜਿਆ ਸੀ



। ਉਨ੍ਹਾਂ ਸਾਰੇ ਲੇਖਾਂ ਵਿੱਚੋਂ ਦੋ ਲੇਖ ਚੁਣੇ ਗਏ ਸਨ ਜਿਨ੍ਹਾਂ ’ਤੇ ਦੋਹਾਂ ਲੇਖਾਂ ਦੇ ਲੇਖਕਾਂ ਨੂੰ ਅੱਧਾ-ਅੱਧਾ ਇਨਾਮ ਦੇ ਦਿੱਤਾ ਗਿਆ ਸੀ। ਦੋਹਾਂ ਲੇਖਾਂ ਨੂੰ ਮਿਲਾ ਕੇ ਲੇਖ ਬਣਾਇਆ ਗਿਆ ਸੀ। ਛਪ ਰਹੀ ਮਹਾਤਮਾ ਜੀ ਦੀ ਆਤਮ ਕਥਾ ਦੀ ਪੁਸਤਕ ਬਾਰੇ ਉਨ੍ਹਾਂ ਦੇ ਪਰਚੇ ਯੰਗ ਇੰਡੀਆ ਵਿੱਚ ਸੂਚਨਾ ਨਿਕਲੀ ਸੀ ਕਿ ਜਿਹੜਾ ਬੰਦਾ ਫਲਾਣੀ ਤਾਰੀਖ਼ ਤਕ ਇਤਨੇ ਰੁਪਏ ਭੇਜ ਦੇਵੇਗਾ ਉਸ ਨੂੰ ਰਕਮ ਤੋਂ ਰਿਆਇਤੀ ਕੀਮਤ ਤੇ ਪੁਸਤਕ ਮਿਲੇਗੀ। ਸ਼ਾਇਦ ਰਿਆਇਤੀ ਕੀਮਤ ਪੰਜ ਰੁਪਏ ਸੀ। ਉਸ ਪੁਸਤਕ ਨਾਲ ਖੱਦਰ ਦੀ ਕਤਾਈ ਬੁਣਾਈ ਪੁਸਤਕ ਲਈ ਵੀ ਮੈਂ ਪੈਸੇ ਭੇਜਣੇ ਸਨ। ਮਹਾਤਮਾ ਜੀ ਦੀ ਆਤਮ ਕਥਾ ਦੀਆਂ ਦੋ ਪੁਸਤਕਾਂ ਮੈਂ ਮੰਗਵਾਈਆਂ। ਸਾਰੇ ਪੰਦਰਾਂ ਕੁ ਰੁਪਏ ਭੇਜਣੇ ਸਨ। ਮੈਂ ਮਹਾਤਮਾ ਜੀ ਦੇ ਲੇਖ ਪੜ੍ਹ ਕੇ ਕੰਪਾਊਂਡਰੀ ਸਿੱਖਣੀ ਵੀ ਛੱਡ ਦਿੱਤੀ ਸੀ, ਪਰ ਉਹ ਦੋਵੇਂ ਪੁਸਤਕਾਂ ਮੈਂ ਜ਼ਰੂਰੀ ਖ਼ਰੀਦਣੀਆਂ ਸਨ। ਮੇਰੀ ਮਾਂ ਦੀ ਤਨਖ਼ਾਹ ਤਾਂ ਸਾਰੀ ਦਸ ਰੁਪਏ ਮਹੀਨਾ ਸੀ। ਮੈਨੂੰ ਜਾਂ ਤਾਂ ਮਾਂ ਪਾਸੋਂ ਦੋ ਚਾਰ ਰੁਪਏ ਮਿਲ ਸਕਦੇ ਸਨ ਜਾਂ ਉਹ ਪੰਜ ਰੁਪਏ ਮਹੀਨਾ ਵਾਲੀ ਸਹਾਇਤਾ ਜਿਹੜੀ ਮੈਨੂੰ ਸਰਦਾਰ ਸੰਗਤ ਸਿੰਘ ਇੰਜੀਨੀਅਰ ਤੋਂ ਮਿਲ ਰਹੀ ਸੀ। ਪਰ ਹਸਪਤਾਲੋਂ ਕੰਮ ਸਿੱਖਣ ਤੋਂ ਹਟਣ ਦੇ ਪਿੱਛੋਂ ਵੀ ਮੈਂ ਆਪਣੀ ਇਹ ਲੋੜ ਪੂਰੀ ਕਰਨ ਲਈ ਸਰਦਾਰ ਸੰਗਤ ਸਿੰਘ ਦੇ ਘਰ ਪੰਜ ਰੁਪਏ ਮਹੀਨਾ ਵਾਲੀ ਸਹਾਇਤਾ ਲੈਣ ਚਲਿਆ ਗਿਆ। ਸਰਦਾਰ ਜੀ ਨੇ ਮੈਨੂੰ ਕਿਹਾ ਕਿ ਹਸਪਤਾਲ ਦੇ ਦਵਾਈਖ਼ਾਨੇ ਦੇ ਸੁਪਰਿਨਟੈਂਡੈਂਟ ਤੋਂ ਲਿਖਾ ਕੇ ਲਿਆ ਕਿ ਤੂੰ ਕੰਮ ਸਿੱਖ ਰਿਹਾ ਹੈਂ ਜਾਂ ਨਹੀਂ। ਮੈਂ ਦਾਨ ਹੀ ਕਿਸੇ ਪਾਸੋਂ ਲੈ ਸਕਦਾ ਸਾਂ। ਲਾਲਾ ਹਰਕ੍ਰਿਸ਼ਨ ਲਾਲ ਬਹੁਤ ਵੱਡਾ ਅਮੀਰ ਬੰਦਾ ਸੀ, ਉਹ ਬੈਰਿਸਟਰੀ ਵੀ ਪਾਸ ਸੀ ਤੇ ਆਪਣੀ ਸਿਆਣਪ ਤੇ ਸਮਾਜਿਕ ਜੀਵਨ ਲਈ ਪ੍ਰਸਿੱਧ ਸੀ। ਉਸਦੇ ਤਿੰਨ ਪੁੱਤਰਾਂ ਵਿੱਚੋਂ ਛੋਟਾ ਪੁੱਤਰ ਮਨਮੋਹਨ ਲਾਲ ਗਾਬਾ ਸਤਾਰਾਂ ਕੁ ਸਾਲਾਂ ਦਾ ਸੀ, ਸ਼ਾਇਦ ਅਜੇ ਉਹ ਪੜ੍ਹ ਰਿਹਾ ਸੀ। ਮੈਨੂੰ ਉਸਦੇ ਪਾਸ ਜਾਣ ਦਾ ਖ਼ਿਆਲ ਆਇਆ। ਉਸ ਪਾਸ ਮੈਂ ਉਸ ਦੀ ਕੋਠੀ ਵਿੱਚ ਗਿਆ। ਲਾਲਾ ਹਰਕ੍ਰਿਸ਼ਨ ਲਾਲ ਸਹਿਜਧਾਰੀ ਸਿੱਖ ਸੀ। ਉਸ ਦੇ ਘਰ ਪ੍ਰਤੀ-ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ। ਉਸਦਾ ਛੋਟਾ ਪੁੱਤਰ ਪਿਆਰ ਤੇ ਸਤਿਕਾਰ ਨਾਲ ਪਲਿਆ ਹੋਇਆ ਸੀ। ਉਸ ਨੇ ਮੇਰੀ ਗੱਲ ਸੁਣਕੇ ਖਿੜ੍ਹੇ ਮੱਥੇ ਨਾਲ ਮੈਨੂੰ ਦਸ ਰੁਪਏ ਦੇ ਦਿੱਤੇ। ਮੈਂ ਕੁੱਲ ਮਿਲਾ ਕੇ ਪੰਦਰਾਂ ਕੁ ਰੁਪਏ ਦਾ ਮਨੀਆਰਡਰ ਨਵਜੀਵਨ ਪ੍ਰੈੱਸ ਅਹਿਮਦਾਬਾਦ ਨੂੰ ਕਰ ਦਿੱਤਾ ਸੀ। ਪੁਸਤਕਾਂ ਆ ਗਈਆਂ, ਮੈਨੂੰ ਤਾਂ ਚਾਅ ਚੜ੍ਹਿਆ ਹੋਇਆ ਸੀ ਕਿ ਕਿੰਨੀ ਛੇਤੀ

ਮੈਂ ਮਹਾਤਮਾ ਜੀ ਦੇ 'ਯੰਗ ਇੰਡੀਆ' ਪਰਚੇ ਤੇ ਉਨ੍ਹਾਂ ਦੀਆਂ ਆਪਣੀਆਂ ਲਿਖੀਆਂ ਹੋਈਆਂ ਜਾਂ ਉਨ੍ਹਾਂ ਦੀਆਂ ਛਾਪੀਆਂ ਹੋਈਆਂ ਪੁਸਤਕਾਂ ਨੂੰ ਦੇਸ਼ ਦੇ ਵੱਧ ਤੋਂ ਵੱਧ ਬੰਦਿਆਂ ਤਕ ਪਹੁੰਚਾਵਾਂ । ਮਹਾਤਮਾ ਗਾਂਧੀ ਦੇ ਵਿਚਾਰਾਂ ਨੂੰ ਪੜ੍ਹ ਕੇ ਮੈਂ ਦੇਸ਼ ਦੀ ਉਸਾਰੀ ਲਈ ਭਾਰੇ ਚਾਵ੍ਹਾਂ ਨਾਲ ਉੱਭਰ ਰਿਹਾ ਸਾਂ । ਮੇਰੇ ਦਇਆ ਤੇ ਪਿਆਰ ਦੇ ਜਮਾਂਦਰੂ ਸੰਸਕਾਰਾਂ ਨੂੰ ਆਪਣੀ ਤ੍ਰਿਪਤੀ ਲਈ ਮੇਰਾ ਇਹ ਕਾਰਜ ਇਕ ਰੱਬੀ ਕਾਰਜ ਖੇਤਰ ਬਣ ਰਿਹਾ ਸੀ ਜਿਹੜਾ ਮੇਰੀਆਂ ਤਨ ਮਨ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਰਾਹ ਖੋਲ੍ਹ ਰਿਹਾ ਸੀ । ਦੇਸ਼ ਉਸਾਰੀ ਲਈ ਮੈਂ ਬਿਹਬਲ ਹੋਇਆ ਫਿਰਦਾ ਸਾਂ । ਮੈਂ ਲੱਭ ਰਿਹਾ ਸਾਂ ਕਿ ਕਿਹੜਾ ਬੰਦਾ ਬਹੁਤਾ ਪੜ੍ਹਿਆ ਹੈ ਤੇ ਜਨਤਾ ਦਾ ਆਗੂ ਹੈ, ਉਸ ਨੂੰ ਮੈਂ ਗਾਂਧੀ ਜੀ ਦੀਆਂ ਪੁਸਤਕਾਂ ਦੇ ਦੇਵਾਂ । ਫਲਾਂ ਦੀ ਦੁਕਾਨ ਤੋਂ ਫਲ ਖ਼ਰੀਦਦੇ ਹੋਏ ਸ੍ਰ: ਉੱਜਲ ਸਿੰਘ ਨੂੰ ਮੈਂ ਵੇਖਿਆ । ਉਹ ਹਿੰਦੁਸਤਾਨ ਟਾਈਮਜ਼ ਅਖ਼ਬਾਰ ਦੇ ਐਡੀਟਰ ਸਰਦਾਰ ਖੁਸ਼ਵੰਤ ਸਿੰਘ ਦਾ ਚਾਚਾ ਹੈ, ਉਸ ਨੂੰ ਮੈਂ ਗਾਂਧੀ ਜੀ ਦੀ ਆਤਮ-ਕਥਾ ਪੁਸਤਕ ਦਿਖਾਈ । ਉਨ੍ਹਾਂ ਨੇ ਮੇਰੇ ਪਾਸੋਂ ਉਹ ਪੁਸਤਕ ਮੁੱਲ ਲੈ ਲਈ ਤੇ ਆਖਣ ਲੱਗੇ ਕਿ ਮੇਰਾ ਪੁੱਤਰ ਨਰਿੰਦਰ ਸਿੰਘ ਇੰਗਲੈਂਡ ਵਿੱਚ ਪੜ੍ਹ ਰਿਹਾ ਹੈ ਉਸ ਨੂੰ ਮੈਂ ਇਹ ਪੁਸਤਕ ਭੇਜਾਂਗਾ ।

ਇਹ ਸਨ ਮੇਰੇ ਆਪਣੀ ਤੇਈ ਸਾਲਾਂ ਦੀ ਉਮਰ ਦੇ ਦੇਸ਼-ਉਸਾਰੀ ਲਈ ਬਾਲਾਂ ਵਾਲੇ ਚਾਅ । ਮੇਰੇ ਇਹ ਚਾਅ ਜਿਹੜੇ ਮੇਰੀ ਅੱਜ ਦੀ ੯੭ ਸਾਲ ਦੀ ਉਮਰ ਤਕ ਨਿਰਵਿਘਨ ਤੌਰ 'ਤੇ ਪੂਰੇ ਹੁੰਦੇ ਆ ਰਹੇ ਹਨ ਜੋ ਸਿੱਖ ਗੁਰਦੁਆਰਿਆਂ ਦੀ ਛਤਰ-ਛਾਇਆ ਹੇਠ ਆਰੰਭ ਹੋਏ ਤੇ ਉਹਨਾਂ ਦੀ ਛਤਰ-ਛਾਇਆ ਹੇਠ ਹੀ ਦੇਸ਼ ਦੀ ਜਨਤਾ ਤੇ ਕੇਂਦਰੀ ਸਰਕਾਰ ਦੀਆਂ ਉਦਾਸੀਆਂ ਦੂਰ ਕਰਦੇ ਹੋਏ ਸਰਕਾਰ ਨੂੰ ਤਾੜਨਾ ਕਰਦੇ ਹੋਏ ਚਕਾਚੌਂਧ ਪੂਰੇ ਹੋ ਰਹੇ ਹਨ । ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਡੇਹਰਾ ਸਾਹਿਬ ਤੋਂ ਮੇਰੇ ਇਹ ਚਾਅ ਆਰੰਭ ਹੋਏ ਤੇ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਦੀ ਓਟ ਹੇਠ ਮੇਰੇ ਇਹ ਚਾਅ ਦੁਨੀਆਂ ਭਰ ਵਿੱਚ ਖਿਲਰੀਆਂ ਹੋਈਆਂ ਗੁਰੂ ਘਰ ਦੀਆਂ ਸੰਗਤਾਂ ਦੀ ਸਹਾਇਤਾ ਨਾਲ ਵਿਸਮਾਦ ਰੂਪ ਵਿੱਚ ਪੂਰੇ ਹੋ ਰਹੇ ਹਨ ।

ਹੱਥ ਦੀ ਕਤਾਈ ਵਾਲੀ ਪੁਸਤਕ ਵਿੱਚ ਲਿਖਿਆ ਸੀ ਕਿ ਅੰਗਰੇਜ਼ਾਂ ਦੇ ਦੇਸ਼ ਵਿੱਚ ਕਾਰਖ਼ਾਨੇ ਕੱਪੜਾ ਬੁਣਦੇ ਹਨ ਜਿਸ ਵਿੱਚ ਡੀ-ਵਨ ਦਾ ਲੱਠਾ ਤੇ ਬਾਰੀਕ ਮਲਮਲ ਵੀ ਹੁੰਦੀ ਹੈ । ਇੰਗਲੈਂਡ ਦਾ ਸੱਠ ਕਰੋੜ ਰੁਪਏ ਦਾ ਕੱਪੜਾ ਹਰ ਸਾਲ ਭਾਰਤ ਵਿੱਚ ਵਿਕਦਾ ਸੀ । ਅੰਗਰੇਜ਼ਾਂ ਦੇ ਦੇਸ਼ ਵਿੱਚ ਕੱਪੜੇ



ਦੇ ਨਵੇਂ-ਨਵੇਂ ਕਾਰਖ਼ਾਨੇ ਲੱਗੇ ਸਨ ਤੇ ਉਹ ਚਾਹੁੰਦੇ ਸਨ ਕਿ ਉਹ ਕੱਪੜਾ ਹਿੰਦੁਸਤਾਨ ਵਿੱਚ ਵਿਕੇ । ਉਹ ਕੱਪੜਾ ਤਾਂ ਵਿਕ ਸਕਦਾ ਸੀ ਜੇ ਹਿੰਦੁਸਤਾਨ ਦੇ ਜੁਲਾਹੇ ਆਪਣਾ ਕੱਪੜਾ ਬੁਣਨ ਤੋਂ ਹਟਦੇ । ਅੰਗੇਰਜ਼ਾਂ ਨੇ ਭਾਰਤ ਦੀ ਹੱਥੀਂ ਸੂਤਰ ਕੱਤਣ ਤੇ ਹੱਥੀਂ ਕੱਪੜਾ ਬੁਣਨ ਦੀ ਘਰੇਲੂ ਦਸਤਕਾਰੀ ਨੂੰ ਤਬਾਹ ਕਰਨ ਲਈ ਭਾਰਤ ਦੇ ਜੁਲਾਹਿਆਂ 'ਤੇ ਬਹੁਤ ਕਹਿਰ ਕੀਤੇ ਜਿਨ੍ਹਾਂ ਵਿੱਚੋਂ ਇਕ ਜ਼ੁਲਮ ਇਹ ਸੀ ਕਿ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਕਰਮਚਾਰੀ ਜੁਲਾਹਿਆਂ ਕੋਲ ਜਾਂਦੇ ਤੇ ਉਹਨਾਂ ਨੂੰ ਕਹਿੰਦੇ ਕਿ ਅਸੀਂ ਤੁਹਾਡੇ ਕੋਲੋਂ ਏਨੇ ਦਿਨਾਂ ਦੇ ਅੰਦਰ ਇਸ ਮਜੂਰੀ ਤੇ ਕੱਪੜਾ ਬਣਵਾਉਣਾ ਹੈ ਤੇ ਜੇ ਨਾ ਬਣਾਉਗੇ ਤਾਂ ਸਜ਼ਾ ਮਿਲੇਗੀ । ਜੁਲਾਹਿਆਂ ਨੂੰ ਉਹਨਾਂ ਦੀ ਉਹ ਸ਼ਰਤ ਪੁੱਗਦੀ ਨਹੀਂ ਸੀ; ਇਸ ਲਈ ਉਨ੍ਹਾਂ ਨੇ ਇਸ ਕਿੱਤੇ ਤੋਂ ਆਪਣਾ ਛੁਟਕਾਰਾ ਪਾਉਣ ਲਈ ਆਪਣੇ ਅੰਗੂਠੇ ਕਟਵਾ ਲਏ ਸਨ । ਇਨ੍ਹਾਂ ਕਹਿਰਾਂ ਨਾਲ ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੇ ਦੇਸ਼ ਦਾ ਕੱਪੜਾ ਵੇਚਣ ਦਾ ਰਸਤਾ ਬਣਾਇਆ । ਮੇਰੇ ਬਚਪਨ ਦੇ ਸਮੇਂ ਵਿੱਚ ਮੇਰੀ ਮਾਂ ਨੇ ਮੈਨੂੰ ਭਾਰਤ ਦੇ ਪ੍ਰਾਚੀਨ ਇਤਿਹਾਸ ਦੀਆਂ ਦਇਆ ਭਾਵਨਾ ਦੀਆਂ ਹੇਠ ਲਿਖੀਆਂ ਕਹਾਣੀਆਂ ਸੁਣਾ-ਸੁਣਾ ਕੇ ਮੇਰੇ ਹਿਰਦੇ ਵਿੱਚ ਦੁਖੀਆਂ ਤੇ ਭੁੱਖਿਆਂ ਲਈ ਤੜਪ ਪੈਦਾ ਕੀਤੀ ਹੋਈ ਸੀ ।

੧. ਹਨੂਮਾਨ ਜਤੀ ਨੂੰ ਵਿਆਹ ਤੋਂ ਬਿਨਾਂ ਇਕ ਪਵਿੱਤਰ ਛੜਾ-ਛੜਾਂਗ ਜੀਵਨ ਬਿਤਾਉਂਦਿਆਂ ਹੋਇਆਂ ਹਰ ਵੇਲੇ ਪ੍ਰਾਣੀ-ਮਾਤਰ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਵਿਚਾਰ ਜਿਵੇਂ ਆਪਣੇ ਘਰ-ਘਾਟ ਦੀ ਕੋਈ ਨਿੱਜੀ ਜਾਇਦਾਦ ਬਣਾਉਣ ਦਾ ਨਾ ਸੁਝਿਆ ।

੨. ਰਾਜਾ ਜਨਕ ਦੀ ਰੂਹ ਸਵਰਗਾਂ ਨੂੰ ਜਾਂਦੀ ਹੋਈ ਆਪਣੇ ਰਾਹ ਵਿੱਚ ਆਏ ਨਰਕ ਦੇ ਪ੍ਰਾਣੀਆਂ ਦੇ ਦੁੱਖਾਂ ਨੂੰ ਦੇਖ ਕੇ ਉੱਥੇ ਹੀ ਉਹਨਾਂ ਲਈ ਦਇਆ ਦੇ ਭਾਵ ਨਾਲ ਖਲੋ ਗਈ ਸੀ ਤੇ ਅਗਾਂਹ ਸਵਰਗਾਂ ਨੂੰ ਜਾਣ ਤੋਂ ਨਾਂਹ ਕਰ ਬੈਠੀ ਸੀ ।

੩. ਸ਼ਿਵ ਜੀ ਮਹਾਰਾਜ ਰਾਤ ਦੇ ਵੇਲੇ ਸੌਣ ਤੋਂ ਪਹਿਲਾਂ ਇਸ ਗੱਲ ਦਾ ਪਤਾ ਕਰ ਲੈਂਦੇ ਹਨ ਕਿ ਸੰਸਾਰ ਵਿੱਚ ਕੋਈ ਪ੍ਰਾਣੀ ਭੁੱਖਾ ਤਾਂ ਨਹੀਂ ਰਹਿ ਗਿਆ? ਹਰ ਭੁੱਖੇ ਪ੍ਰਾਣੀ ਦੀ ਭੁੱਖ ਨੂੰ ਨਿਵ੍ਰਿਤ ਕਰਕੇ ਹੀ ਉਹ ਸੌਂਦੇ ਹਨ ।

ਆਪਣੀ ਵੀਹਾਂ ਸਾਲਾਂ ਦੀ ਉਮਰ ਤੋਂ ਦਿਨ-ਰਾਤ ਗੁਰਦੁਆਰਾ ਡੇਹਰਾ ਸਾਹਿਬ ਦੀ ਛਤਰ-ਛਾਇਆ ਹੇਠ ਰਹਿੰਦਿਆਂ ਹੋਇਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਮੇਰੇ ਹਿਰਦੇ ਨੂੰ ਦਇਆ ਦੇ ਭਾਵ ਨਾਲ ਭਰਦੀ

ਜਾ ਰਹੀ ਸੀ । ਇਸ ਲਈ ਅੰਗਰੇਜ਼ਾਂ ਦੇ ਜ਼ੁਲਮ ਦੀਆਂ ਇਹ ਕਹਾਣੀਆਂ ਪੜ੍ਹ ਕੇ ਮੈਂ ਤੜਪ ਉੱਠਿਆ ਸਾਂ । ਮੇਰੇ ਹਿਰਦੇ ਨੂੰ ਤੜਪਾਉਣ ਵਾਲੀ ਦੂਜੀ ਗੱਲ ਮਹਾਤਮਾ ਜੀ ਦੇ ਉੜੀਸਾ ਪ੍ਰਾਂਤ ਦੇ ਇਕ ਦੌਰੇ ਦੀ ਕਹਾਣੀ ਸੀ ਜਿਹੜੀ ਇਸ ਟਰੈਕਟ ਦੇ ਇਕ ਹੋਰ ਪੰਨੇ 'ਤੇ ਛਪੀ ਹੋਈ ਹੈ । ਇਹ ਕਹਾਣੀ ਪੜ੍ਹ ਕੇ ਮੈਂ ਜੁੱਗੋ-ਜੁੱਗ ਅਟੱਲ ਗੁਰਦੁਆਰਿਆਂ ਵਿੱਚੋਂ ਇਕ ਗੁਰਦੁਆਰਾ ਡੇਹਰਾ ਸਾਹਿਬ ਦੇ ਆਸਰੇ ਦੇਸ਼ ਦੇ ਇਨ੍ਹਾਂ ਕਹਿਰਾਂ ਤੇ ਮੁਸੀਬਤਾਂ ਨੂੰ ਦੂਰ ਕਰਨ ਦੇ ਸੰਬੰਧ ਵਿੱਚ ਲਾਇਬ੍ਰੇਰੀਆਂ ਵਿੱਚ ਜਾ ਕੇ ਪੜ੍ਹਾਈ ਕਰਨ ਅਤੇ ਪ੍ਰਚਾਰ ਕਰਨ ਲਈ ਆਪਣਾ ਸਾਰਾ ਜੀਵਨ ਅਰਪਣ ਕਰਨ ਦਾ ਫ਼ੈਸਲਾ ਕਰ ਲਿਆ ਜਿਹੜਾ ਹੁਣ ਤਕ (ਵਰਤਮਾਨ ਕਾਲ ਦੀ ਮੇਰੀ ੮੭ ਸਾਲ ਦੀ ਉਮਰ ਤਕ) ਸਿੱਖ ਗੁਰਦੁਆਰਿਆਂ ਦੇ ਆਸਰੇ ਤੇ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਤਾਂ ਦੇ ਆਸਰੇ ਭੁਗਤਦਾ ਚਲਿਆ ਆ ਰਿਹਾ ਹੈ ।

੧੫ ਅਗਸਤ ੧੯੪੭ ਵਾਲੇ ਦਿਨ ਦੇਸ਼ ਆਜ਼ਾਦ ਹੋਇਆ । ਸੰਨ ੧੯੪੭ ਤੋਂ ਲੈ ਕੇ ਉਸ ਦਿਨ ਤਕ ਮੈਂ ਦੇਸ਼ ਦੀ ਸੁਤੰਤਰਤਾ ਦੀ ਉਡੀਕ ਵਿੱਚ ਤੜਪਦੇ ਹੋਏ ਹਿਰਦੇ ਨਾਲ ਦਿਨ ਬਿਤਾਏ ਸਨ । ਦਿਨ-ਰਾਤ ਮੈਂ ਅਨੇਕ ਪ੍ਰਕਾਰ ਦੀਆਂ ਦੇਸ਼ ਉਸਾਰੀ ਦੀਆਂ ਸੋਚਾਂ ਸੋਚਦਾ ਰਿਹਾ ਕਰਦਾ ਸਾਂ; ਜਿਵੇਂ ਖੱਦਰ ਦਾ ਪ੍ਰਚਾਰ ਹੋਵੇਗਾ, ਜਿਹੜਾ ਰਾਜਸੀ ਧੜਾ ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਲਈ ਅੰਦੋਲਨ ਚਲਾ ਰਿਹਾ ਹੈ ਆਜ਼ਾਦੀ ਦੀ ਪ੍ਰਾਪਤੀ ਪਿੱਛੋਂ ਉਸ ਧੜੇ ਦੇ ਸਾਰੇ ਆਗੂ ਖੱਦਰ ਦਾ ਪ੍ਰਚਾਰ ਕਰਨਗੇ ਤੇ ਆਪਣੀਆਂ ਸਾਰੀਆਂ ਸ਼ਕਤੀਆਂ ਨੂੰ ਹੱਥ ਦੇ ਕੱਤੇ ਤੇ ਬੁਣੇ ਖੱਦਰ ਦੇ ਪ੍ਰਚਾਰ 'ਤੇ ਲਾ ਦੇਣਗੇ । ਸਰਕਾਰ ਵੀ ਇਸ ਕਾਰਜ ਦੇ ਪ੍ਰਚਾਰ ਤੇ ਸਰਪ੍ਰਸਤੀ ਲਈ ਪੂਰਾ ਯਤਨ ਕਰੇਗੀ, ਸਰਕਾਰੀ ਕਰਮਚਾਰੀਆਂ ਦੀਆਂ ਵਰਦੀਆਂ ਖੱਦਰ ਦੀਆਂ ਹੋਣਗੀਆਂ । ਮੈਂ ਸਮਝਦਾ ਸਾਂ ਕਿ ਜਿਹੜੇ ਬੰਦੇ ਲੋਕ ਸਭਾ ਜਾਂ ਵਿਧਾਨ ਸਭਾਵਾਂ ਦੇ ਮੈਂਬਰ ਹੋਣਗੇ ਉਹ ਵੀ ਖੱਦਰ ਦਾ ਪ੍ਰਚਾਰ ਕਰਨਗੇ; ਪਰ ਇਹ ਨਾ ਹੋਇਆ ।

ਦੇਸ਼ ਦੀ ਸੁਤੰਤਰਤਾ ਦੀ ਪ੍ਰਾਪਤੀ ਦੇ ਪਿੱਛੋਂ ਦੇਸ਼ ਦੀ ਵਾਗ-ਡੋਰ ਪੰਡਿਤ ਜਵਾਹਰ ਲਾਲ ਨਹਿਰੂ ਦੇ ਹੱਥਾਂ ਵਿੱਚ ਆਈ । ਉਹ ਸੰਨ ੧੯੩੦ ਵਿੱਚ ਆਪਣੀ ਪਤਨੀ ਸ੍ਰੀਮਤੀ ਕਮਲਾ ਜਿਹੜੇ ਇੰਦਰਾ ਗਾਂਧੀ ਦੇ ਮਾਤਾ ਜੀ ਸਨ, ਨੂੰ ਤਪਦਿਕ ਰੋਗ ਦੇ ਇਲਾਜ ਲਈ ਸਵਿੱਟਜ਼ਰਲੈਂਡ ਦੇਸ਼ ਨੂੰ ਲੈ ਕੇ ਗਏ ਸਨ । ਉੱਥੋਂ ਉਹ ਰੂਸ ਦੇਸ਼ ਨੂੰ ਦੇਖਣ ਚਲੇ ਗਏ । ਰੂਸ ਵਿੱਚ ਕਮਿਊਨਿਸਟ ਸਰਕਾਰ ਸੰਨ ੧੯੧੮ ਵਿੱਚ ਪਹਿਲੀ ਵਾਰ ਸਥਾਪਿਤ ਹੋਈ ਸੀ । ਇਕ ਵੱਖਰੀ ਕਿਸਮ ਦੇ ਨਵੇਂ ਰਾਜ ਬਣਤਰ ਦੇ ਢੋਲ ਦੁਨੀਆਂ ਵਿੱਚ ਵੱਜਣੇ ਹੀ ਸਨ ।



ਫੇਰ ਹਰੇਕ ਸਰਕਾਰ ਬਾਹਰਲੇ ਦੇਸ਼ਾਂ ਤੋਂ ਆਉਣ ਵਾਲੇ ਬੰਦਿਆਂ ਨੂੰ ਆਪਣੇ ਦੇਸ਼ ਦੇ ਚੋਣਵੇਂ ਚੰਗੇ ਥਾਂ ਦਿਖਾਇਆ ਕਰਦੀ ਹੈ । ਭੈੜੇ ਥਾਂ ਲੁਕੇ ਲੁਕਾਏ ਰਹਿ ਜਾਇਆ ਕਰਦੇ ਹਨ । ਪੰਡਿਤ ਜਵਾਹਰ ਲਾਲ ਦੇ ਹਿਰਦੇ 'ਤੇ ਕਮਿਊਨਿਸਟ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਚੰਗਾ ਪ੍ਰਭਾਵ ਪੈ ਗਿਆ ਸੀ । ਪੰਡਿਤ ਜੀ ਨੂੰ ਦੇਸ਼ ਉਸਾਰੀ ਦਾ ਚਾਉ ਸੀ, ਇਸ ਲਈ ਉਨ੍ਹਾਂ ਨੇ ਰੂਸ ਦੀ ਕਮਿਊਨਿਸਟ ਸਰਕਾਰ ਵਾਂਗ ਕਾਰਖ਼ਾਨੇ ਲਾਉਣ 'ਤੇ ਜ਼ੋਰ ਦਿੱਤਾ । ਕਾਰਖ਼ਾਨਿਆਂ ਦੇ ਲਾਉਣ ਨਾਲ ਦੇਸ਼ ਵਿੱਚ ਖ਼ਾਸ ਤੌਰ 'ਤੇ ਪਿੰਡਾਂ ਵਿੱਚ ਬੇਕਾਰੀ ਫੈਲਣੀ ਹੀ ਸੀ । ਫੇਰ ਕਾਰਖ਼ਾਨਿਆਂ ਦੇ ਮਾਲਕ ਹਿੱਸੇਦਾਰ ਬੰਦੇ ਅਮੀਰ ਬਣਦੇ ਗਏ । ਬੜੇ-ਬੜੇ ਅਫ਼ਸਰ ਅਤੇ ਸਰਕਾਰੀ ਕਰਮਚਾਰੀਆਂ ਦੀ ਗਿਣਤੀ ਵਧਦੀ ਗਈ । ਪੰਡਿਤ ਜੀ ਨੇ ਆਪਣੀ ਮੌਤ ਤੋਂ ਦੋ ਦਿਨ ਪਹਿਲਾਂ ਪਾਰਲੀਮੈਂਟ ਵਿੱਚ ਬਿਆਨ ਦਿੱਤਾ ਸੀ ਕਿ ਮੈਂ ਆਪਣਾ ਧਿਆਨ ਬੜੇ-ਬੜੇ ਕਾਰਖ਼ਾਨੇ ਲਾਉਣ ਵੱਲ ਦਿੱਤਾ ਹੈ । ਇਹ ਮੇਰੀ ਗ਼ਲਤੀ ਸੀ । ਮੈਨੂੰ ਬਹੁਤਾ ਧਿਆਨ ਪਿੰਡਾਂ ਦੀ ਘਰੇਲੂ ਦਸਤਾਕਾਰੀ ਦੀ ਉੱਨਤੀ ਵੱਲ ਦੇਣਾ ਚਾਹੀਦਾ ਸੀ । ਪੰਡਿਤ ਜੀ ਦੇ ਇਹ ਵਿਚਾਰ ਸੁਣ ਕੇ ਦੇਸ਼ ਦੇ ਮਹਾਨ ਵਿਦਵਾਨ ਤੇ ਸੁਤੰਤਰਤਾ ਅੰਦੋਲਨ ਦੇ ਮਹਾਨ ਨੇਤਾ ਚੱਕਰਵਤੀ ਰਾਜ ਗੋਪਾਲਚਾਰੀਆ ਨੇ ਕਿਹਾ ਸੀ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਵੱਡੇ-ਵੱਡੇ ਕਾਰਖ਼ਾਨਿਆਂ ਦੇ ਮੁਕਾਬਲੇ ਵਿੱਚ ਦਿਹਾਤੀ ਦਸਤਾਕਾਰੀ ਨੂੰ ਪਹਿਲ ਦੇਣ ਦਾ ਖ਼ਿਆਲ ਕੁਵੇਲੇ ਸੁੱਝਿਆ ਕਿਉਂਕਿ ਉਹ ਲੋਕਾਂ ਨੂੰ ਜਿਸ ਪਾਸੇ ਲਾ ਗਏ ਹਨ ਉਸ ਪਾਸੇ ਤੋਂ ਲੋਕਾਂ ਨੂੰ ਹਟਾਵੇ ਕੌਣ; ਕਿਉਂਕਿ ਲੋਕ ਉਨ੍ਹਾਂ ਦੀ ਗੱਲ ਮੰਨਦੇ ਸਨ । ਉਹ ਇਹ ਗੱਲ ਕਹਿ ਕੇ ਆਪ ਚਲੇ ਗਏ ਹਨ । ਮਹਾਤਮਾ ਗਾਂਧੀ ਦੀ ਮੌਤ ਪਿੱਛੋਂ ਜੇਕਰ ਕੋਈ ਆਗੂ ਦੇਸ਼ ਦੀ ਜਨਤਾ ਦਾ ਹਰਮਨ ਪਿਆਰਾ ਹੋਇਆ ਸੀ ਉਹ ਪੰਡਿਤ ਜਵਾਹਰ ਲਾਲ ਜੀ ਸਨ । ਮਹਾਤਮਾ ਗਾਂਧੀ ਜੀ ਦੇ ਸ਼ਬਦ ਸਨ:-

ਮੌਤ ਹੀ ਗ਼ਰੀਬ ਤੇ ਬੇਆਸਰੇ ਰੋਗੀ ਨੂੰ ਰੋਗ ਦੇ ਦੁੱਖ ਤੋਂ ਛੁਟਕਾਰਾ ਦਿਵਾਉਂਦੀ ਹੈ, ਇਲਾਜ ਤੇ ਸੰਭਾਲ ਉਸ ਨੂੰ ਪ੍ਰਾਪਤ ਨਹੀਂ ਹੁੰਦੇ । ਅਮੀਰਾਂ ਦੇ ਘਰਾਂ ਵਿੱਚ ਰੋਗ ਆ ਜਾਵੇ ਤਾਂ ਉਹਨਾਂ ਦੇ ਘਰਾਂ ਵਿੱਚ ਖ਼ਬਰਸਾਰ ਲੈਣ ਆਉਣ ਵਾਲੇ ਬੰਦਿਆਂ ਦੀ ਰੌਣਕ ਮੇਲੇ ਦੀ ਲੀਲ੍ਹਾ ਰਚਾ ਛੱਡਦੀ ਹੈ । ਅਨੇਕਾਂ ਬੰਦੇ ਆ ਕੇ ਅਮੀਰ ਨੂੰ ਪੁੱਛਣ ਲੱਗ ਪੈਂਦੇ ਹਨ ਦੱਸੋ ਜੀ ਕੀ ਹਾਲ ਹੈ, ਅਸੀਂ ਕੀ ਸੇਵਾ ਕਰੀਏ? ਸਾਨੂੰ ਵੀ ਕੋਈ ਸੇਵਾ ਬਖ਼ਸ਼ੋ । ਬਿਮਾਰੀ ਸਗੋਂ ਅਮੀਰਾਂ ਦੇ ਘਰਾਂ ਵਿੱਚ ਵਿਆਹ-ਸ਼ਾਦੀ ਦੀਆਂ ਰੌਣਕਾਂ ਖੜ੍ਹੀਆਂ ਕਰ ਦਿੰਦੀ ਹੈ ।

ਦੀਵਾਨ ਚਮਨ ਲਾਲ ਬੈਰਿਸਟਰ ਦੇਸ਼ ਦੇ ਸੁਤੰਤਰਤਾ ਅੰਦੋਲਨ

ਲਹਿਰ ਦਾ ਇਕ ਰਾਜਸੀ ਆਗੂ ਸੀ । ਉਸ ਨੇ ਅੰਗਰੇਜ਼ੀ ਰਾਜ ਦੇ ਸਮੇਂ ਕੇਂਦਰੀ ਕਾਨੂੰਨ ਘੜਣੀ ਅਸੈਂਬਲੀ ਵਿੱਚ ਇਹ ਗੱਲ ਕਹੀ ਸੀ ਕਿ ਭਾਰਤ ਵਿੱਚ ਜੇ ਕੋਈ ਗ਼ਰੀਬ ਤੇ ਲਾਵਾਰਸ ਬੰਦਾ ਮਰ ਜਾਵੇ ਤਾਂ ਉਸ ਦੀ ਲਾਸ਼ ਨੂੰ ਸਾੜਨ ਲਈ ਤਾਂ ਪੈਸੇ ਸਰਕਾਰ ਤੋਂ ਮਿਲ ਜਾਂਦੇ ਹਨ ਪਰ ਉਸ ਦੇ ਇਲਾਜ ਤੇ ਸੇਵਾ-ਸੰਭਾਲ ਦਾ ਪ੍ਰਬੰਧ ਸਰਕਾਰ ਵੱਲੋਂ ਨਹੀਂ ਹੁੰਦਾ । ਸੁਤੰਤਰਤਾ ਦੇ ਅੰਦੋਲਨ ਵੇਲੇ ਮੈਂ ਇਹ ਸਭ ਗੱਲਾਂ ਪੜ੍ਹਦਾ ਸਾਂ ਤੇ ਜਿਹੜੇ ਲੈਕਚਰ ਆਗੂਆਂ—ਡਾਕਟਰ ਗੋਪੀ ਚੰਦ, ਡਾਕਟਰ ਸਤਪਾਲ, ਕੇਦਾਰ ਨਾਥ ਸਹਿਗਲ, ਬਾਬੂ ਪਰਸ਼ੋਤਮ ਦਾਸ ਟੰਡਨ, ਲਾਲਾ ਲਾਜਪਤ ਰਾਏ ਦੇ ਹੋਇਆ ਕਰਦੇ ਸਨ, ਉਨ੍ਹਾਂ ਲੈਕਚਰਾਂ ਨੂੰ ਮੈਂ ਸੁਣਦਾ ਰਹਿੰਦਾ ਸਾਂ । ਪੰਡਤ ਮਦਨ ਮੋਹਨ ਮਾਲਵੀਆ, ਵਿਪਨ ਚੰਦਨ ਪਾਲ ਸਭਨਾਂ ਦੇ ਮੈਂ ਲੈਕਚਰ ਸੁਣੇ ਸਨ—ਤੇ ਮੈਂ ਦਿਨ-ਰਾਤ ਦੇਸ਼ ਦੇ ਹਾਲਾਤ ਨੂੰ ਅਖ਼ਬਾਰਾਂ ਵਿੱਚ ਪੜ੍ਹਦਾ ਸਾਂ ਤੇ ਤੱਕਦਾ ਸਾਂ ਕਿ ਦੇਸ਼ ਦੇ ਹਾਲਾਤ ਕਿਸ ਤਰ੍ਹਾਂ ਠੀਕ ਹੋ ਸਕਦੇ ਹਨ ।

## ਪਰਜਾ-ਤੰਤਰ ਅਤੇ ਧਰਮ

ਪੁਸਤਕ ਪਰੀਚਯ **This nation under God**

ਰਚਿਤ ਆਰਥਰ ਈ ਹੌਲਟ ।

ਸ਼ਿਕਾਗੋ, ਵਿਲੇਟ ਕਲਾਕਾਰ ਐਂਡ ਕੰਪਨੀ ੧੯੩੯, (ਪੰਨੇ ੨੦੩)

ਇਸ ਪੁਸਤਕ ਵਿੱਚ ਡਾਕਟਰ ਹੌਲਟ ਦੇ ਉਹ ਵਿਖਿਆਨ ਛਪੇ ਹਨ ਜਿਹੜੇ ਉਨ੍ਹਾਂ ਨੇ ਰਾਸਚਨਬਸ ਫਾਊਂਡੇਸ਼ਨ ਅਧੀਨ ਸੰਨ ੧੯੩੩ ਵਿੱਚ ਰਾਚਸਟਰ ਡਿਵਿਨਿਟੀ ਸਕੂਲ ਵਿੱਚ ਦਿੱਤੇ। ਲੇਖਕ ਨੇ ਪੁਸਤਕ ਵਿੱਚ ਪਰਜਾ-ਤੰਤਰ ਦੇ ਹੱਕ ਵਿੱਚ ਪੂਰੇ ਜ਼ੋਰ ਨਾਲ ਦਲੀਲਾਂ ਦਿੱਤੀਆਂ ਹਨ; ਭਾਵੇਂ ਕਿ ਵਿਸ਼ਵ ਜੰਗ ਤੋਂ ਪਰਜਾ-ਤੰਤਰ ਨੂੰ ਢਾਹ ਲੱਗਦੀ ਆ ਰਹੀ ਹੈ । ਪਰਜਾ-ਤੰਤਰ ਵਿੱਚ ਲੇਖਕ ਦਾ ਦ੍ਰਿੜ੍ਹ ਵਿਸ਼ਵਾਸ ਉਸ ਦੇ ਮਨੁੱਖੀ ਸੁਭਾਉ ਦੀ ਬਣਤਰ ਦੇ ਗਿਆਨ ਤੋਂ ਉਪਜਿਆ ਹੈ ਅਤੇ ਰੱਬ ਨੇ ਸ੍ਰਿਸ਼ਟੀ ਦੀ ਰਚਨਾ ਜਿਸ ਉਦੇਸ਼ ਨਾਲ ਕੀਤੀ ਉਹ ਉਦੇਸ਼ ਉਸ ਦੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਦਾ ਹੈ । ਲੇਖਕ ਦਾ ਨਿਸ਼ਚਾ ਹੈ ਕਿ ਜਦ ਮਨੁੱਖੀ ਸੁਭਾਉ ਬਾਰੇ ਲੋਕਾਂ ਦੇ ਹਿਰਦਿਆਂ ਵਿੱਚ ਵੱਧ ਤੋਂ ਵੱਧ ਤੰਗ-ਨਜ਼ਰੀ ਪੈਦਾ ਹੋ ਜਾਂਦੀ ਹੈ ਤਾਂ ਸਿੱਟੇ ਵਜੋਂ ਅਜਿਹੀਆਂ ਸਰਕਾਰਾਂ ਜਨਮ ਲੈਂਦੀਆਂ ਹਨ ਜਿਹੜੀਆਂ ਸੁਤੰਤਰਤਾ ਦੀ ਥਾਂ ਬੰਦਸ਼ਾਂ (ਰੋਕਾਂ) ਨੂੰ ਵਧੇਰੇ ਚੰਗਾ ਗਿਣਨ ਵਾਲੀਆਂ ਹੁੰਦੀਆਂ ਹਨ । ਇਹ ਸਰਕਾਰਾਂ ਫਾਸਿਜ਼ਮ ਤੇ ਕਮਿਊਨਿਜ਼ਮ ਸਰਕਾਰਾਂ ਹੁੰਦੀਆਂ ਹਨ । ਇਹੋ ਕਾਰਨ ਹੈ ਕਿ



ਫਾਸਿਜ਼ਮ ਤੇ ਕਮਿਊਨਿਜ਼ਮ ਦੇ ਰਾਜਸੀ ਦ੍ਰਿਸ਼ਟੀਕੋਣ ਮਨੁੱਖੀ ਕਦਰਾਂ-ਕੀਮਤਾਂ ਤੇ ਮਨੁੱਖੀ ਗੌਰਵ ਨੂੰ ਅੱਖੋਂ ਓਹਲੇ ਕਰ ਦਿੰਦੇ ਹਨ ਅਤੇ 'ਸਟੇਟ' ਸਰਕਾਰ ਨੂੰ ਵਡਿਆਉਂਦੇ ਹਨ । 'ਮਨੁੱਖ (ਅਰਥਾਤ ਮਨੁੱਖ ਦੇ ਸੁਭਾਅ ਦਾ ਇਹ ਗੁਣ ਹੈ) ਹੈ ਕਿ ਉਹ ਹਰ ਪ੍ਰਕਾਰ ਦੇ ਹਾਲਾਤ ਵਿੱਚ ਆਪਣਾ ਜੀਵਨ ਨਿਰਬਾਹ ਕਰ ਲੈਂਦਾ ਹੈ ਅਤੇ ਭਿੰਨ-ਭਿੰਨ ਸਮਾਜਿਕ ਪ੍ਰਬੰਧਾਂ ਅੰਦਰ ਆਪਣਾ ਸਥਾਨ ਬਣਾ ਲੈਂਦਾ ਹੈ, ਪਰ ਇਸ ਦਾ ਭਾਵ ਇਹ ਨਹੀਂ ਕਿ ਅਜਿਹੀ ਸਥਿਤੀ ਵਿੱਚ ਉਹ ਆਪਣੇ ਆਪ ਨੂੰ ਪੂਰਨ ਤੌਰ 'ਤੇ ਸੰਤੁਸ਼ਟ ਸਮਝਦਾ ਹੈ । ਕੁਝ ਵੀ ਹੋਵੇ, ਇਹ ਮੰਨਣਾ ਪਵੇਗਾ ਕਿ ਕਿਸੇ ਵੀ ਸਮਾਜ ਦੀ ਸਿਰਜਣਾ ਕਦੇ ਵੀ ਮਨੁੱਖੀ ਸੁਭਾਉ ਦੇ ਵਾਸਤਵਿਕ ਅਨੁਭਵ ਨਾਲ ਨਹੀਂ ਕੀਤੀ ਗਈ । ਪ੍ਰੋਫ਼ੈਸਰ ਹੌਲਟ ਕਹਿੰਦੇ ਹਨ ਕਿ ਪਰਜਾ-ਤੰਤਰ ਦੇ ਅਧੀਨ ਅਜਿਹੇ ਸੁਖਾਵੇਂ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ । ਪ੍ਰੋਫ਼ੈਸਰ ਹੌਲਟ ਦਾ ਕਥਨ ਹੈ ਕਿ ਵਰਤਮਾਨ ਸਥਿਤੀ ਅਨੁਸਾਰ ਇਉਂ ਪ੍ਰਤੀਤ ਹੁੰਦਾ ਹੈ ਕਿ ਪਰਜਾ-ਤੰਤਰੀ ਸਮਾਜ ਰੱਬ ਅਤੇ ਸੁਤੰਤਰਤਾ ਦੇ ਵਧੇਰੇ ਨੇੜੇ ਹੁੰਦਾ ਜਾ ਰਿਹਾ ਹੈ ਪਰ ਆਪਣੀਆਂ ਜ਼ਿੰਮੇਵਾਰੀਆਂ ਅਤੇ ਆਮ ਜਨਤਾ ਦੀ ਭਲਾਈ ਦੇ ਕੰਮਾਂ ਤੋਂ ਅਵੇਸਲਾ ਹੋ ਰਿਹਾ ਹੈ । ਪਰ ਜਿਹੜੀਆਂ ਸਰਕਾਰਾਂ ਤਾਨਾਸ਼ਾਹੀ ਸਰਕਾਰਾਂ ਹਨ ਤੇ ਜਿਨ੍ਹਾਂ 'ਤੇ ਇਕੋ ਰਾਜਸੀ ਟੋਲੇ ਦਾ ਰਾਜਾ ਹੈ ਉਹ ਆਪਣੀਆਂ ਜ਼ਿੰਮੇਵਾਰੀਆਂ ਦਾ ਤਾਂ ਅਹਿਸਾਸ ਕਰਦੀਆਂ ਹਨ ਪਰ ਉਹ ਰੱਬ ਅਤੇ ਸੁਤੰਤਰਤਾ ਨੂੰ ਭੁਲਾ ਬੈਠੀਆਂ ਹਨ । ਜੇ ਅਸੀਂ ਪਰਜਾ-ਤੰਤਰੀ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਲੋਚਦੇ ਹਾਂ ਤਾਂ ਡਾ. ਹੌਲਟ ਦਾ ਨਿਸ਼ਚਾ ਹੈ ਕਿ ਧਰਮ ਨੂੰ ਅਜਿਹਾ ਵਾਤਾਵਰਣ ਪੈਦਾ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਜਿਸ ਵਿੱਚ ਪਰਜਾ-ਤੰਤਰ ਦੇ ਵਿਚਾਰਾਂ ਵਾਲੇ ਮਨੁੱਖ ਪੈਦਾ ਹੋ ਸਕਣ। ਅਮਰੀਕਨਾਂ ਦੀ ਪਰਿਭਾਸ਼ਾ ਵਿੱਚ ਪਰਜਾ-ਤੰਤਰ ਪ੍ਰੋਟੈਸਟੇਟਇਜ਼ਮ ਨਾਲ ਜੁੜਿਆ ਹੋਇਆ ਹੈ; ਇਸ ਲਈ ਡਾ: ਹੌਲਟ ਆਪਣੀ ਪੁਸਤਕ ਵਿੱਚ ਵਧੇਰੇ ਕਰਕੇ ਈਸਾਈ ਧਰਮ ਦੇ ਸਥਾਨ ਅਤੇ ਉਸ ਦੇ ਕੰਮਾਂ 'ਤੇ ਹੀ ਬਹਿਸ ਕਰਦੇ ਹਨ । ਉਹ ਈਸਾਈ ਧਰਮ ਵਿੱਚ ਧਾਰਮਿਕ ਸੰਸਥਾਵਾਂ ਦੀ ਸੰਸਥਾ ਦਾ ਚਰਚਾ ਕਰਦਾ ਹੈ, ਕਿਉਂਕਿ ਇਸ ਅਨੁਸਾਰ ਇਹ ਦੋਵੇਂ ਵਸਤਾਂ ਇਕ ਪਰਜਾ-ਤੰਤਰੀ ਸਮਾਜਿਕ ਸਥਿਤੀ ਪੈਦਾ ਕਰਦੀਆਂ ਹਨ ।

ਜਨਤਾ ਦੀ ਭਲਾਈ ਵਿੱਚ ਵਿਸ਼ਵਾਸ ਰੱਖਣ ਵਾਲੇ ਮਨੁੱਖਾਂ ਦੇ ਇਕ ਸੰਯੁਕਤ ਸਮਾਜ ਦੀ ਸਿਰਜਣਾ ਲਈ ਲੇਖਕ ਲੜੀਵਾਰ ਕੀਮਤਾਂ ਬਾਰੇ ਦੱਸਦਾ ਹੈ ਜਿਨ੍ਹਾਂ ਦੁਆਰਾ ਮਨੁੱਖ ਦੇ ਅੰਤਰੀਵ ਜੀਵਨ ਵਿੱਚ ਏਕਤਾ ਦੀ ਸੰਪੂਰਨਤਾ

ਤੇ ਗੌਰਵ ਦਾ ਅਹਿਸਾਸ ਪੈਦਾ ਹੋਵੇਗਾ । ਡਾਕਟਰ ਹੌਲਟ ਅਨੁਸਾਰ ਇਹ ਕਾਰਜ ਮੁੱਖ ਰੂਪ ਵਿੱਚ ਇਕ ਅਜਿਹੇ ਖੇਤਰ ਵਿੱਚ ਨੇਪਰੇ ਚੜ੍ਹਦਾ ਹੈ ਜਿਸ ਵਿੱਚ ਧਰਮ ਆਪਣਾ ਕਾਰਜ ਕਰਦਾ ਹੈ । ਇਸ ਨੁਕਤੇ ਤੇ ਪਰਜਾ-ਤੰਤਰ ਤੇ ਧਰਮ ਇਕ ਦੂਜੇ ਨਾਲ ਜੁੜਦੇ ਹਨ ਅਤੇ ਪਰਜਾ-ਤੰਤਰ ਦੀ ਅਸਲੀ ਨੀਂਹ ਵੀ ਤਾਂ ਸਦਾਚਾਰਿਕ ਕਦਰਾਂ 'ਤੇ ਹੀ ਰੱਖੀ ਜਾਂਦੀ ਹੈ । ਕੇਵਲ ਓਹੀ ਮਨੁੱਖ ਜ਼ਿੰਮੇਵਾਰੀ ਨਾਲ ਕੰਮ ਕਰ ਸਕਦੇ ਹਨ ਜਿਹੜੇ ਇਕ ਦੂਜੇ 'ਤੇ ਵਿਸ਼ਵਾਸ ਰੱਖਦੇ ਹੋਣ ਅਤੇ ਆਪਣੇ ਲਈ ਉਹੀ ਹੱਕ ਮੰਗਣ ਜੋ ਉਹ ਦੂਸਰਿਆਂ ਨੂੰ ਦੇਣ ਲਈ ਤਿਆਰ ਹੋਣ । ਪਰ ਸਰਕਾਰ ਦਾ ਸੁਭਾਉ ਅਜਿਹਾ ਹੈ ਕਿ ਉਹ ਸਦਾਚਾਰਿਕ ਕਦਰਾਂ ਦੀ ਸਿੱਖਿਆ ਦੇਣ ਵਾਲੀ ਨਹੀਂ ਬਣ ਸਕਦੀ । ਇਹ ਕੰਮ ਧਰਮ ਦਾ ਹੈ ਕਿ ਉਹ ਆਪਣੇ ਅਨੁਯਾਈਆਂ ਨੂੰ ਰੂਹਾਨੀ ਤੌਰ 'ਤੇ ਸੁਘੜਤਾ ਪ੍ਰਦਾਨ ਕਰੇ ਅਤੇ ਹੋਰਨਾਂ ਦੇ ਸੁੱਖਾਂ ਲਈ ਜ਼ਿੰਮੇਵਾਰ ਜੀਵਨ ਬਤੀਤ ਕਰਨ ਲਈ ਯੋਗਤਾ ਪ੍ਰਦਾਨ ਕਰੇ । ਧਾਰਮਿਕ ਸੰਸਥਾਵਾਂ ਦਾ ਇਹ ਕਰਤੱਵ ਵੀ ਹੁੰਦਾ ਹੈ ਕਿ ਉਹ ਸਰਕਾਰਾਂ ਦੀਆਂ ਗ਼ਲਤੀਆਂ ਜਾਂ ਵਧੀਕੀਆਂ ਦੀ ਅਲੋਚਨਾ ਕਰਨ ਤੇ ਉਨ੍ਹਾਂ ਗ਼ਲਤੀਆਂ ਜਾਂ ਵਧੀਕੀਆਂ ਨੂੰ ਜਨਤਾ ਅੱਗੇ ਲਿਆਉਣ । ਬਦਕਿਸਮਤੀ ਨਾਲ ਇਹ ਕਹਿਣਾ ਪਏਗਾ ਕਿ ਧਾਰਮਿਕ ਸੰਸਥਾਵਾਂ ਤੇ ਧਾਰਮਿਕ ਸਿੱਖਿਆ ਦੇਣ ਵਾਲੇ ਸਕੂਲਾਂ ਨੇ ਸਵਾਰਥੀ ਲੋਕਾਂ ਨੂੰ ਆਪਣੇ ਉੱਤੇ ਕਬਜ਼ਾ ਕਰਨ ਦੀ ਆਗਿਆ ਦਿੱਤੀ ਹੋਈ ਹੈ । ਇਨ੍ਹਾਂ ਦੋਹਾਂ ਸੰਸਥਾਵਾਂ ਦਾ ਕਰਤੱਵ ਹੁੰਦਾ ਹੈ ਕਿ ਉਹ ਲੋਕਾਂ ਨੂੰ ਅਜਿਹੀ ਸਿੱਖਿਆ ਦੇਣ ਕਿ ਉਹ ਸਮਾਜਿਕ ਸਥਿਤੀਆਂ ਬਾਰੇ ਨਿਰਣਾ ਕਰ ਸਕਣ ਤੇ ਇਤਨੀ ਦਲੇਰੀ ਕਰਨ ਕਿ ਉਹ ਪੁਰਾਣੇ ਤੌਰ ਤਰੀਕਿਆਂ ਦੇ ਸੰਬੰਧ ਵਿੱਚ ਲੋਕਾਂ ਨੂੰ ਚੁਣੌਤੀ ਦੇ ਸਕਣ ਅਤੇ ਅੱਤਿਆਚਾਰਾਂ ਦੇ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਦੀ ਹਿੰਮਤ ਰੱਖਦੇ ਹੋਣ । ਇਨ੍ਹਾਂ ਦੋਹਾਂ ਸੰਸਥਾਵਾਂ ਦਾ ਇਹ ਕਰਤੱਵ ਵੀ ਹੁੰਦਾ ਹੈ ਕਿ ਉਹ ਮਨੁੱਖਾਂ ਨੂੰ ਆਪਣੇ ਕਰਤੱਵ ਪੂਰੇ ਕਰਨ ਲਈ ਜ਼ੋਰ ਦੇਣ ਅਤੇ ਵਫ਼ਾਦਾਰੀ ਤੇ ਸਾਹਸ ਪੈਦਾ ਕਰਨ । ਜ਼ਿੰਮੇਵਾਰ ਲੋਕੀਂ ਸਮਾਜ ਲਈ ਆਪਣੇ ਕਰਤੱਵਾਂ ਨੂੰ ਆਪਣੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਉਸੇ ਸੂਰਤ ਵਿੱਚ ਤਿਆਰ ਹੋਣਗੇ ਜਦ ਧਾਰਮਿਕ ਸੰਸਥਾਵਾਂ ਅਤੇ ਧਾਰਮਿਕ ਸਕੂਲ ਦੋਵੇਂ ਸੰਸਥਾਵਾਂ ਮਿਲ ਕੇ ਮਨੁੱਖੀ ਮਨ ਨੂੰ ਇਨ੍ਹਾਂ ਦੋਹਾਂ ਲੀਹਾਂ 'ਤੇ ਸਿੱਖਿਆ ਦੇਣ ਬਾਰੇ ਗੰਭੀਰ ਹੋ ਕੇ ਸੋਚਣਗੇ । ਧਾਰਮਿਕ ਸੰਸਥਾਵਾਂ ਤੇ ਧਾਰਮਿਕ ਸਿੱਖਿਆ ਦੇਣ ਵਾਲੇ ਸਕੂਲ ਸਮਾਜ ਨੂੰ ਉਚੇਰੇ ਮੰਤਵਾਂ ਦੀ ਜਾਣਕਾਰੀ ਬਖ਼ਸ਼ਣ ਜਿਹੜੇ ਈਸਾਈ ਧਰਮ



ਵਿੱਚੋਂ ਉਮਡ-ਉਮਡ ਕੇ ਉਪਜਦੇ ਹਨ ਤੇ ਜੋ ਲੋਕਾਂ ਨੂੰ ਲੋਕ-ਭਲਾਈ ਦੀਆਂ ਲੀਹਾਂ 'ਤੇ ਤੋਰਦੇ ਹਨ । ਧਾਰਮਿਕ ਸੰਸਥਾਵਾਂ ਇਸ ਤਰ੍ਹਾਂ ਆਪਣੇ ਕਰਤੱਵ ਨਿਭਾਉਣ ਕਿ ਪਰਜਾ-ਤੰਤਰ ਦੇ ਪਸਾਰ ਲਈ ਪਰਜਾ-ਤੰਤਰ ਦੀਆਂ ਜੜ੍ਹਾਂ ਮਜ਼ਬੂਤ ਬਣਾਉਣ ਲਈ ਮਿਹਨਤ ਦੀ ਲੋੜ ਹੈ ਤੇ ਇਕ ਵਧੇਰੇ ਸੱਚੇ ਮਨੁੱਖੀ ਆਚਰਣ ਦੀ ਜ਼ਰੂਰਤ ਹੈ ਅਤੇ ਇਹੀ ਚੀਜ਼ਾਂ ਈਸਾਈ ਮਤ ਦੇ ਸਿਧਾਂਤਾਂ ਵਿੱਚ ਸਾਨੂੰ ਲੱਭਦੀਆਂ ਹਨ ।

ਬੰਬਈ ਵਿੱਚ ਛਪਣ ਵਾਲੇ 'ਇੰਡੀਅਨ ਜਨਰਲ ਆਫ਼ ਸੋਸ਼ਲ ਵਰਕ' ਜੂਨ ੧੯੪੦ ਜਿਲਦ ਪਹਿਲੀ ਨੰਬਰ ੧ ਵਿੱਚੋਂ ਲਿਆ ਗਿਆ ।

ਬੁੱਧੀ, ਅਣਖ ਤੇ ਧਰਮ ਨਾਲ ਦੇਸ਼ ਤੇ ਸਮਾਜ ਦੇ ਬੰਦਿਆਂ ਨਾਲ
ਦਿਨ-ਪ੍ਰਤੀ-ਦਿਨ ਦਾ ਵਿਹਾਰ ਕਰਨ ਤੇ ਕੌਮੀ ਅਣਖ ਤੇ
ਸੱਚਾਈ ਲਈ ਲੜਨ ਵਾਲੇ ਬੰਦਿਆਂ ਲਈ ਜ਼ਿੰਮੇਵਾਰੀ
ਸਮੇਤ ਹਰ ਇਕ ਨਾਗਰਿਕ ਦੀਆਂ

# ਸਮਾਜਿਕ ਜ਼ਿੰਮੇਵਾਰੀਆਂ

ਲੇਖਕ ਪ੍ਰੋਫ਼ੈਸਰ ਐਲ. ਜੇ. ਐਫ. ਬ੍ਰਿੰਬਲ

## PUBLIC RESPONSIBILITIES

The proper fulfilment of the rights and duties of citizenship is a very important feature of patriotism. The patriotism of a peaceful citizen may appear to be very commonplace beside that of a sailor, soldier or airman, but by the faithful discharge of his daily duties, by the moral support of a good example, by the support of those who are fighting the battle of national honour and truth and by conscientiously fulfiling the duties of voting, he can show his patriotism as truly any one. Intelligence, honour and virtue are essential to the welfare of the family, true patriotism is necessary for the best type of

national life. Public responsibilities are duties as much as personal obligations. No one has the right to expect just legislation and impartial administration unless he tries intelligently to understand his civic rights and duties and strives to do his utmost for the general good of the State. Hence the need for an active interest in the main problems of the day, for studying them sufficiently to be able to order his life aright; for reading the newspapers with intelligence, for regarding his vote as a civics trust, and for rendering service to the community. Thus the Christians view that the good citizen must make some personal sacrifice to help his fellowmen enriches the Greek ideal that he should play his part in civic affairs.

—From the book Social Studies and World Citizenship by L.J.F. Brimble, Manchestar, England.

ਨਾਗਰਿਕਤਾ ਦੇ ਅਧਿਕਾਰਾਂ ਅਤੇ ਕਰਤੱਵਾਂ ਦੀ ਪੂਰੀ-ਪੂਰਣਤਾ ਕਰਨਾ ਦੇਸ਼ ਭਗਤੀ ਦਾ ਇਕ ਭਾਰੀ ਮਹੱਤਤਾ ਭਰਿਆ ਲੱਛਣ ਹੈ । ਇਕ ਸਮੁੰਦਰੀ ਫੌਜ ਦੇ, ਅਥਵਾ ਮੈਦਾਨੀ ਫੌਜ ਦੇ, ਅਥਵਾ ਹਵਾਈ ਫੌਜ ਦੇ ਸਿਪਾਹੀ ਦੇ ਮੁਕਾਬਲੇ ਵਿੱਚ ਇਕ ਸਾਧਾਰਣ ਅਤੇ ਸ਼ਾਂਤੀ ਨਾਲ ਆਪਣੇ ਦਿਨ ਪੂਰੇ ਕਰਨ ਵਾਲੇ ਸ਼ਹਿਰੀ ਬੰਦੇ ਦੀ ਦੇਸ਼ ਭਗਤੀ ਨੂੰ ਭਾਵੇਂ ਕਿੰਨੀ ਵੀ ਸਾਧਾਰਣ ਦੇਸ਼-ਭਗਤੀ ਕਿਉਂ ਨਾ ਗਿਣਿਆ ਜਾਵੇ, ਪਰ ਆਪਣੇ ਦਿਨ-ਪ੍ਰਤੀ-ਦਿਨ ਦੇ ਸਾਧਾਰਣ ਕਰਤੱਵਾਂ ਨੂੰ ਇਮਾਨਦਾਰੀ ਅਤੇ ਭਗਤੀ ਭਾਵ ਨਾਲ ਪੂਰਾ ਕਰਨ ਨਾਲ ਉਹਨਾਂ ਲੋਕਾਂ ਦੀ ਆਪਣੇ ਹਿਰਦੇ ਤੋਂ ਸਹਾਇਤਾ ਕਰਨ ਨਾਲ ਜਿਹੜੇ ਸਚਾਈ ਅਤੇ ਕੌਮੀ ਅਣਖ ਦੀ ਜੰਗ ਲੜ ਰਹੇ ਹੋਣ ਅਤੇ ਆਪਣੇ ਦੇਸ਼ ਦੀਆਂ ਰਾਜਸੀ ਚੋਣਾਂ ਵਿੱਚ ਆਪਣੇ ਵੋਟ ਪਾਉਣ ਦੇ ਕਰਤੱਵ ਨੂੰ ਆਪਣੀ ਆਤਮਾ ਦੀ ਜਾਗਰਿਤੀ ਨਾਲ ਪੂਰਾ ਕਰਨ ਨਾਲ ਏਨੇ ਸਾਧਾਰਣ ਜਿਹੇ ਦਿਸਣ ਵਾਲੇ ਕੰਮਾਂ ਨਾਲ ਉਹ ਸਧਾਰਣ ਸ਼ਹਿਰੀ ਵੀ ਉਤਨੀ ਹੀ ਸੱਚੀ ਦੇਸ਼-ਭਗਤੀ ਨੂੰ ਪ੍ਰਗਟ ਕਰ ਸਕਦਾ ਹੈ ਜਿਤਨੀ ਦੇਸ਼-ਭਗਤੀ ਨੂੰ ਕੋਈ ਵੀ ਵੱਡੇ ਪੇਸ਼ੇ ਵਾਲਾ ਆਦਮੀ ਅਰਥਾਤ ਕਿਸੇ ਫੌਜ ਵਿੱਚ ਸ਼ਾਮਲ ਹੋ ਕੇ ਜੰਗ ਵਿੱਚ ਲੜਨ ਵਾਲਾ



ਸਿਪਾਹੀ ਪ੍ਰਗਟ ਕਰ ਸਕਦਾ ਹੈ । ਬੁੱਧੀ, ਅਣਖ, ਅਤੇ ਧਰਮ ਇਹ ਤਿੰਨੇ ਗੱਲਾਂ ਹਨ ਜਿਹੜੀਆਂ ਕਿ ਕਿਸੇ ਟੱਬਰ ਦੀ ਭਲਾਈ ਲਈ ਜ਼ਰੂਰੀ ਹੁੰਦੀਆਂ ਹਨ । ਇਸੇ ਤਰ੍ਹਾਂ ਨਾਲ ਵਧੀਆ ਕਿਸਮ ਦੀ ਕੌਮੀ ਜ਼ਿੰਦਗੀ ਲਈ ਕਿਸੇ ਕੌਮ ਦੇ ਬੰਦਿਆਂ ਦੇ ਹਿਰਦਿਆਂ ਅੰਦਰ ਸੱਚੀ ਦੇਸ਼-ਭਗਤੀ ਦਾ ਜਜ਼ਬਾ ਹੋਣਾ ਜ਼ਰੂਰੀ ਹੈ ਅਰਥਾਤ ਕਿਸੇ ਦੇਸ਼ ਦੇ ਬੰਦਿਆਂ ਨੂੰ ਆਪਣੇ ਦਿਨ-ਪ੍ਰਤੀ-ਦਿਨ ਦੇ ਆਪਸ ਵਿੱਚ ਦੇ ਸੰਬੰਧਾਂ ਵਿੱਚ ਇਨ੍ਹਾਂ ਤਿੰਨਾਂ ਗੁਣਾਂ ਨੂੰ ਹੀ ਸਦਾ ਆਪਣੇ ਸਨਮੁੱਖ ਰੱਖਣਾ ਚਾਹੀਦਾ ਹੈ । ਸਮਾਜਿਕ ਜ਼ਿੰਮੇਵਾਰੀਆਂ ਵੀ ਕਿਸੇ ਮਨੁੱਖ ਲਈ ਉਤਨੀਆਂ ਹੀ ਜ਼ਰੂਰੀ ਹੁੰਦੀਆਂ ਹਨ ਜਿੰਨੇ ਕਿ ਉਸ ਲਈ ਉਸ ਦੇ ਆਪਣੇ ਨਿੱਜੀ ਕੰਮ-ਕਾਜ ਪੂਰੇ ਕਰਨੇ ਜ਼ਰੂਰੀ ਹੁੰਦੇ ਹਨ । ਆਪਣੇ ਸਮਾਜ ਅਥਵਾ ਦੇਸ਼ ਅੰਦਰ ਸੱਚੇ ਕਨੂੰਨਾਂ ਦੀ ਘਾੜਤ ਅਤੇ ਨਿਰਪੱਖ ਹਕੂਮਤ ਦੀ ਕਾਰਗੁਜ਼ਾਰੀ ਦੀ ਕੋਈ ਬੰਦਾ ਉਦੋਂ ਤਕ ਆਸ ਨਹੀਂ ਕਰ ਸਕਦਾ ਜਦੋਂ ਤਕ ਕਿ ਉਹ ਆਪਣੀ ਬੁੱਧੀ ਦਾ ਤਾਣ ਲਾ ਕੇ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਨੂੰ ਸਮਝਣ ਦਾ ਯਤਨ ਨਾ ਕਰੇ ਅਤੇ ਆਪਣੇ ਤਨ, ਮਨ ਅਤੇ ਧਨ ਦਾ ਪੂਰਾ ਤਾਣ ਲਾ ਕੇ ਉਹ ਆਪਣੇ ਦੇਸ਼ ਦੀ ਆਮ ਭਲਾਈ ਲਈ ਆਪਣਾ ਯਤਨ ਨਾ ਕਰੇ । ਇਸ ਲਈ ਕਿਸੇ ਦੇਸ਼ ਦੇ ਹਰ ਇਕ ਬੰਦੇ ਲਈ ਇਹ ਗੱਲ ਬੜੀ ਜ਼ਰੂਰੀ ਹੁੰਦੀ ਹੈ ਕਿ ਉਹ ਆਪਣੇ ਦੇਸ਼ ਦੇ ਵੱਡੇ-ਵੱਡੇ ਮਸਲਿਆਂ ਨੂੰ ਨਜਿੱਠਣ ਲਈ ਆਪਣੇ ਤਨ, ਮਨ ਅਤੇ ਧਨ ਨਾਲ ਪੂਰੀ ਲਗਨ ਨਾਲ ਦਿਲਚਸਪੀ ਲਵੇ । ਉਹ ਆਪਣੇ ਦੇਸ਼ ਦੇ ਵਰਤਮਾਨ ਕਾਲ ਦੇ ਮਸਲਿਆਂ ਦੀ ਬੜੇ ਗਹੁ ਨਾਲ ਜਾਣਕਾਰੀ ਪ੍ਰਾਪਤ ਕਰੇ, ਤਾਂ ਕਿ ਉਹ ਉਨ੍ਹਾਂ ਮਸਲਿਆਂ ਦੇ ਚਾਨਣ ਵਿੱਚ ਆਪਣੇ ਜੀਵਨ ਨੂੰ ਅਜਿਹਾ ਨਿਯਮ-ਬੱਧ ਕਰ ਸਕੇ ਕਿ ਉਹ ਆਪਣੇ ਜੀਵਨ ਦੇ ਉਸ ਢੰਗ ਨਾਲ ਆਪਣੇ ਦੇਸ਼ ਦੇ ਉਨ੍ਹਾਂ ਮਸਲਿਆਂ ਨੂੰ ਨਜਿੱਠਣ ਲਈ ਵੱਧ ਤੋਂ ਵੱਧ ਸਹਾਇਤਾ ਦੇ ਸਕੇ । ਇਸ ਸਿਲਸਿਲੇ ਵਿੱਚ ਕਿਸੇ ਸਮਾਜ ਦੇ ਹਰ ਬੰਦੇ ਨੂੰ ਹਰ ਰੋਜ਼ ਆਪਣੀ ਬੁੱਧੀ ਦੀ ਪੂਰੀ ਚੇਤਨਤਾ ਨਾਲ ਅਖ਼ਬਾਰਾਂ ਪੜ੍ਹਣੀਆਂ ਚਾਹੀਦੀਆਂ ਹਨ ਅਤੇ ਆਪਣੀ ਰਾਜਸੀ ਚੋਣਾਂ ਦੀ ਪਰਚੀ (ਵੋਟ) ਨੂੰ ਆਪਣੀ ਪਵਿੱਤਰ ਸ਼ਹਿਰੀ (ਸ਼ਹਿਰ ਦੀ ਜਾਂ ਦੇਸ਼ ਦੀ) ਅਮਾਨਤ ਗਿਣਨਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਈਸਾਈ ਧਰਮ ਦਾ ਇਹ ਆਦਰਸ਼ ਹੈ ਕਿ ਹਰ ਨੇਕ ਸ਼ਹਿਰੀ ਨੂੰ ਆਪਣੇ ਦੂਜੇ ਮਨੁੱਖ ਸਾਥੀਆਂ ਦੀ ਸਹਾਇਤਾ ਕਰਨ ਲਈ ਕੋਈ ਨਿੱਜੀ ਕੁਰਬਾਨੀ ਕਰਨੀ ਚਾਹੀਦੀ ਹੈ, ਯੂਨਾਨ ਦੇਸ਼ ਦੇ ਇਸ ਰਾਜਸੀ ਆਦਰਸ਼ ਦੀ ਪ੍ਰੋੜ੍ਹਤਾ ਕਰਦਾ ਹੈ ਅਤੇ ਉਸ ਦਾ ਇੱਜ਼ਤ-ਸਤਿਕਾਰ

ਵਧਾਉਂਦਾ ਹੈ ਕਿ ਹਰ ਸ਼ਹਿਰੀ ਨੂੰ ਆਪਣੇ ਦੇਸ਼ ਦੇ ਸ਼ਹਿਰੀ ਮਸਲੇ ਹੱਲ ਕਰਨ ਲਈ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ । (ਇੰਗਲੈਂਡ ਦੇਸ਼ ਵਿੱਚ ਪ੍ਰਕਾਸ਼ਤ ਹੋਈ ਪੁਸਤਕ ਸੋਸ਼ਲ ਸਟੱਡੀਜ਼ ਐਂਡ ਵਰਲਡ ਸਿਟੀਜ਼ਨਸ਼ਿਪ ।

ਲੇਖਕ—ਐਲ. ਜੇ. ਐਫ. ਬ੍ਰਿੰਬਲ, ਮੇਨਚੈਸਟਰ, ਇੰਗਲੈਂਡ ਵਿੱਚੋਂ)

ਸੰਨ ੧੯੫੦ ਦੇ ਲਾਗੇ ਸੰਸਾਰ-ਪ੍ਰਸਿੱਧ ਰੋਟਰੀ ਸਭਾ ਦੀ ਜਿਹੜੀ ਕੌਮਾਂਤਰੀ ਕਾਨਫ਼ਰੰਸ ਅਮਰੀਕਾ ਦੇਸ਼ ਵਿੱਚ ਹੋਈ, ਉਸ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਲਈ ਉੱਤਰੀ ਭਾਰਤ ਦੀ ਰੋਟਰੀ ਸਭਾ ਵੱਲੋਂ ਸ਼੍ਰੀ ਪੀ.ਸੀ. ਭੰਡਾਰੀ ਅਮਰੀਕਾ ਗਏ । ਭੰਡਾਰੀ ਸਾਹਿਬ ਅੰਮ੍ਰਿਤਸਰ ਮਿਊਂਸਿਪਲ ਕਮੇਟੀ ਦੇ ਅਗਜ਼ੈਕਟਿਵ ਅਫ਼ਸਰ ਸਨ । ਅਮਰੀਕਾ ਤੋਂ ਮੁੜਦਿਆਂ ਹੋਇਆਂ ਉਹ ਇੰਗਲੈਂਡ ਦੇਸ਼ ਵਿੱਚ ਦੀ ਹੋ ਕੇ ਭਾਰਤ ਨੂੰ ਆਏ । ਇੰਗਲੈਂਡ ਵਿੱਚੋਂ ਦੀ ਲੰਘਦਿਆਂ ਹੋਇਆਂ ਉਨ੍ਹਾਂ ਨੇ ਲੰਦਨ ਸ਼ਹਿਰ ਵਿੱਚ ਵਿਖਿਆਨ ਦਿੱਤਾ । ਆਪ ਦੇ ਵਿਖਿਆਨ ਉੱਤੇ ਰੋਟਰੀ ਸਭਾ ਵਾਲਿਆਂ ਨੇ ਆਪ ਨੂੰ ਕਿਹਾ ਕਿ ਭੰਡਾਰੀ ਸਾਹਿਬ ਆਪ ਦੇ ਦੇਸ਼ ਦੇ ਬੰਦਿਆਂ ਨੂੰ ਰੋਟਰੀ ਸਭਾ ਦੇ ਅਸੂਲਾਂ ਦੀ ਕੋਈ ਕਦਰ ਨਹੀਂ, ਕਿਉਂਕਿ ਜੇ ਅਜਿਹਾ ਹੁੰਦਾ ਤਾਂ ਸਾਨੂੰ ਭਾਰਤ ਦੀਆਂ ਸੜਕਾਂ ਦੇ ਕੰਢਿਆਂ ਉੱਤੇ ਬਜ਼ਾਰਾਂ ਵਿੱਚ ਰੋਗੀ ਤੇ ਅਪਾਹਿਜ ਬੰਦੇ ਭੀਖ ਮੰਗਦੇ ਤੇ ਬੁਰੇ ਹਾਲੀਂ ਆਪਣੇ ਦਿਨ ਕੱਟਦੇ ਨਜ਼ਰ ਨਾ ਆਉਂਦੇ । ਉਹਨਾਂ ਹੋਰ ਕਿਹਾ ਕਿ ਸਾਡੇ ਦੇਸ਼ ਵਿੱਚ ਜਿੱਥੇ ਅਪਾਹਿਜਾਂ ਲਈ ਅਪਾਹਿਜ-ਖ਼ਾਨੇ, ਰੋਗੀਆਂ ਲਈ ਹਸਪਤਾਲ ਬਣੇ ਹਨ ਉੱਥੇ ਅਸੀਂ ਗ਼ਰੀਬ ਤੇ ਬੇਆਸਰੇ ਅਪਾਹਿਜਾਂ ਤੇ ਰੋਗੀਆਂ ਲਈ ਇਕ ਹੋਰ ਗੱਲ ਵੀ ਕਰਦੇ ਹਾਂ ਤੇ ਉਹ ਗੱਲ ਇਹ ਹੈ ਕਿ ਅਸੀਂ ਅਪਾਹਿਜ-ਖ਼ਾਨਿਆਂ ਤੇ ਹਸਪਤਾਲਾਂ ਵਿੱਚ ਜਾਂਦੇ ਹਾਂ ਤੇ ਉੱਥੇ ਪੁੱਜ ਕੇ ਉਨ੍ਹਾਂ ਅਪਾਹਿਜਾਂ ਤੇ ਰੋਗੀਆਂ ਦਾ ਪਤਾ ਕਰਦੇ ਹਾਂ ਜਿਨ੍ਹਾਂ ਦਾ ਕੋਈ ਅਜਿਹਾ ਨਿੱਜੀ ਸੰਬੰਧੀ ਨਹੀਂ ਹੁੰਦਾ ਜਿਹੜਾ ਉਨ੍ਹਾਂ ਨੂੰ ਮਿਲਣ ਲਈ ਆਉਂਦਾ ਹੋਵੇ । ਅਜਿਹੇ ਅਪਾਹਿਜਾਂ ਤੇ ਰੋਗੀਆਂ ਲਈ ਅਸੀਂ ਆਪਣੇ ਨਾਲ ਫਲ ਜਾਂ ਮਿਠਿਆਈ ਲੈ ਜਾਂਦੇ ਹਾਂ, ਉਨ੍ਹਾਂ ਦੀ ਖ਼ਬਰ ਲੈਂਦੇ ਹਾਂ ਤੇ ਉਨ੍ਹਾਂ ਨੂੰ ਪਿਆਰ ਕਰਦੇ ਹਾਂ । ਉਹਨਾਂ ਪਾਸੋਂ ਮੁੜਣ ਲੱਗਿਆਂ ਅਸੀਂ ਉਹਨਾਂ ਨੂੰ ਕੋਈ ਅਗਲੀ ਤਾਰੀਖ਼ ਦੇ ਆਉਂਦੇ ਹਾਂ ਕਿ ਫ਼ਲਾਣੇ ਦਿਨ ਅਸੀਂ ਫਿਰ ਮਿਲਣ ਆਵਾਂਗੇ ਤਾਂ ਜੋ ਉਨ੍ਹਾਂ ਨੂੰ ਇਹ ਆਸ ਬੱਝੀ ਰਹੇ ਕਿ ਉਨ੍ਹਾਂ ਨੂੰ ਕੋਈ ਮਿਲਣ ਆਵੇਗਾ ਤੇ ਉਨ੍ਹਾਂ ਦਾ ਦੁੱਖ-ਸੁੱਖ ਪੁੱਛੇਗਾ । ਉੱਪਰ ਲਿਖੀ ਵਾਰਤਾ ਭੰਡਾਰੀ ਜੀ ਨੇ



ਅਮਰੀਕਾ ਤੋਂ ਵਾਪਸ ਅੰਮ੍ਰਿਤਸਰ ਪੁੱਜ ਕੇ ਅੰਮ੍ਰਿਤਸਰ ਦੇ ਰੋਟਰੀ ਕਲੱਬ ਦੀ ਇਕੱਤਰਤਾ ਵਿੱਚ ਬਿਆਨ ਕੀਤੀ, ਜਿਸ ਨੂੰ ਮੈਂ ਆਪਣੀ ਉਸ ਵੇਲੇ ਦੀ ਫ਼ਕੀਰਾਂ ਜੈਸੀ ਹਾਲਤ ਵਿੱਚ ਕਲੱਬ ਦੀਆਂ ਪੌੜੀਆਂ ਵਿੱਚ ਖੜ੍ਹੇ ਹੋ ਕੇ ਸੁਣਿਆ ।

ਜਿਹੜੀ ਗੱਲ ਲੰਦਨ ਸ਼ਹਿਰ ਦੀ ਰੋਟਰੀ ਸਭਾ ਵਾਲਿਆਂ ਨੇ ਸ੍ਰੀ ਪਦਮ ਚੰਦ ਭੰਡਾਰੀ ਨੂੰ ਕਹੀ ਉਹ ਭਾਰਤ-ਵਾਸੀਆਂ ਦੇ ਸਿਰ ਉੱਤੇ ਕਲੰਕ ਹੈ । ਉਸ ਗੱਲ ਦੇ ਸੰਬੰਧ ਵਿੱਚ ਕੇ. ਐਮ. ਪਨੀਕਰ ਦੇ ਹੇਠ ਲਿਖੇ ਬਚਨ ਉਨ੍ਹਾਂ ਦੀ ਅੰਗਰੇਜ਼ੀ ਪੁਸਤਕ—"**Essential Features of Indian Culture**" ਅਰਥਾਤ—"ਭਾਰਤੀ ਸੱਭਿਆਚਾਰ ਦੇ ਜ਼ਰੂਰੀ ਲੱਛਣ" ਵਿੱਚ ਨੋਟ ਕਰਨ ਵਾਲੇ ਹਨ । ਭਾਰਤ ਦੇ ਸੱਭਿਆਚਾਰ ਦੀ ਇਕ ਕਮਜ਼ੋਰੀ ਇਸ ਦਾ ਕੋਈ ਸਮਾਜਿਕ ਮਨੋਰਥ ਨਾ ਹੋਣਾ ਹੈ । ਭਾਰਤੀ ਜੀਵਨ ਵਿਅਕਤੀ ਤੇ ਟੱਬਰ ਦੇ ਆਲੇ-ਦੁਆਲੇ ਹੀ ਘੁੰਮਦਾ ਰਿਹਾ ਹੈ ਤੇ ਬੰਦੇ ਦੀ ਜਿਸ ਸੇਵਾ ਦਾ ਸੰਬੰਧ ਧਰਮ ਦੇ ਨਾਲ ਹੁੰਦਾ ਹੈ ਤੇ ਜਿਸ ਨੂੰ ਉਸ ਨੇ ਆਪਣੇ ਟੱਬਰ ਦੇ ਘੇਰੇ ਤੋਂ ਬਾਹਰ ਨਿਕਲ ਕੇ ਕਰਨਾ ਹੁੰਦਾ ਹੈ ਉਹ ਵੀ ਧਾਰਮਿਕ ਅਸਥਾਨਾਂ ਨਾਲ ਹੀ ਸੰਬੰਧਿਤ ਰਹਿੰਦੀ ਸੀ; ਜਿਵੇਂ ਮੰਦਿਰ, ਮੱਠ, ਧਰਮਸ਼ਾਲਾ ਆਦਿ । ਕਿਸੇ ਵਿਰਲੇ ਬੰਦੇ ਨੇ ਹੀ ਆਪਣਾ ਦਾਨ ਹਸਪਤਾਲਾਂ, ਬੱਚਿਆਂ ਦੇ ਸਕੂਲਾਂ, ਅਪਾਹਿਜ ਆਸ਼ਰਮਾਂ ਆਦਿ ਸਮਾਜ-ਕਲਿਆਣ ਦੇ ਕੰਮਾਂ ਉੱਤੇ ਖ਼ਰਚ ਕੀਤਾ ਹੈ । ਭਾਰਤ ਦੇਸ਼ ਤੋਂ ਬਿਨਾਂ ਕਿਸੇ ਹੋਰ ਦੇਸ਼ ਵਿੱਚ ਅੰਗਹੀਣ, ਰੋਗੀ, ਕੋਹੜੇ, ਭਿਆਨਕ ਰੋਗਾਂ ਦੇ ਰੋਗੀ, ਅੰਨ੍ਹੇ, ਬੋਲੇ, ਯਤੀਮ ਬੱਚੇ, ਬੁੱਢੀਆਂ ਮਾਈਆਂ ਆਦਿਕ ਸੜਕਾਂ, ਕੇਂਦਰੀ ਤੀਰਥ ਅਸਥਾਨਾਂ ਤੇ ਅਜਿਹੀਆਂ ਥਾਵਾਂ ਉੱਤੇ ਜਿੱਥੇ ਲੋਕੀਂ ਬਹੁਤ ਗਿਣਤੀ ਵਿੱਚ ਇਕੱਠੇ ਹੁੰਦੇ ਹੋਣ ਜਾਂ ਧਾਰਮਿਕ ਤਿਉਹਾਰਾਂ ਦੇ ਅਵਸਰਾਂ ਉੱਤੇ ਆਮ ਜਨਤਾ ਦੀਆਂ ਅੱਖਾਂ ਸਾਹਮਣੇ ਦੇਖਣ ਵਿੱਚ ਨਹੀਂ ਆਉਂਦੇ ਜਿਨ੍ਹਾਂ ਵੱਲ ਕਿਸੇ ਦਾ ਵੀ ਧਿਆਨ ਨਾ ਹੋਵੇ ਤੇ ਜਿਨ੍ਹਾਂ ਬਾਰੇ ਹਰ ਕੋਈ ਇਹੋ ਸਮਝਦਾ ਹੋਵੇ ਕਿ ਉਹਨਾਂ ਦੀ ਹੁਣ ਸਮਾਜ ਨੂੰ ਕੋਈ ਲੋੜ ਨਹੀਂ । ਪਨੀਕਰ ਨੇ ਲਿਖਿਆ ਹੈ ਕਿ ਜੇ ਕਿਤੇ ਭਾਰਤ ਦੇ ਸੱਭਿਆਚਾਰ ਵਿੱਚ ਦਇਆ ਜਾਂ ਸਮਾਜਿਕ ਆਤਮਾ ਦਾ ਅਹਿਸਾਸ ਵਧੇਰੇ ਹੁੰਦਾ ਤਾਂ ਭਾਰਤ ਦੇ ਬੰਦੇ ਉੱਪਰ ਲਿਖੀਆਂ ਸ਼੍ਰੇਣੀਆਂ ਦੇ ਤਰਸਯੋਗ ਪ੍ਰਾਣੀਆਂ ਨਾਲ ਐਡੀ ਵੱਡੀ ਨਿਰਦੈਤਾ ਦਾ ਸਲੂਕ ਨਾ ਕਰਦੇ । ਉਸ ਨੇ ਹੋਰ ਲਿਖਿਆ ਹੈ ਕਿ ਭਾਰਤ ਵਾਸੀਆਂ ਦੇ ਧਾਰਮਿਕ ਭਾਵਾਂ ਵਿੱਚ ਮਨੁੱਖੀ ਸੱਭਿਅਤਾ ਦੇ ਦ੍ਰਿਸ਼ਟੀਕੋਣ ਤੋਂ ਏਸੇ ਗੱਲ ਦੀ ਘਾਟ ਸੀ ਜਿਸ ਵੱਲ ਸਵਾਮੀ ਵਿਵੇਕਾਨੰਦ ਨੇ ਹੇਠ ਲਿਖੇ

ਸ਼ਬਦਾਂ ਵਿੱਚ ਇਸ਼ਾਰਾ ਕੀਤਾ—"ਮੈਂ ਅਜਿਹਾ ਮਜ਼ਹਬ ਨਹੀਂ ਚਾਹੁੰਦਾ ਜਿਹੜਾ ਵਿਧਵਾ ਦੀਆਂ ਗੱਲ੍ਹਾਂ ਤੋਂ ਹੰਝੂ ਨਾ ਪੂੰਝੇ ਤੇ ਜਿਹੜਾ ਕਿਸੇ ਯਤੀਮ ਬੱਚੇ ਦੇ ਮੂੰਹ ਵਿੱਚ ਪ੍ਰਸ਼ਾਦਾ ਨਾ ਪਾਵੇ । ਪਨੀਕਰ ਨੇ ਲਿਖਿਆ ਹੈ ਕਿ ਭਾਰਤ ਦੇ ਸੱਭਿਆਚਾਰ ਦੇ ਇਤਿਹਾਸ ਵਿੱਚ ਇਸ ਗੱਲ ਨੂੰ ਪ੍ਰਵਾਨ ਹੋਇਆਂ ਬਹੁਤਾ ਚਿਰ ਨਹੀਂ ਹੋਇਆ ਕਿ ਸਮਾਜਿਕ ਜ਼ਿੰਮੇਵਾਰੀਆਂ ਵੀ ਮਨੁੱਖੀ ਸੱਭਿਆਚਾਰ ਦਾ ਜ਼ਰੂਰੀ ਹਿੱਸਾ ਹੁੰਦੀਆਂ ਹਨ । ਭਾਰਤ ਦੇ ਸੱਭਿਆਚਾਰ ਦੀ ਇਸ ਘਾਟ ਦੇ ਪੂਰਾ ਹੋਣ ਦਾ ਕਾਰਣ ਵੀ ਇਸ ਦੇਸ਼ ਵਿੱਚ ਆਉਣ ਵਾਲੇ ਹੋਰਨਾਂ ਮਜ੍ਹਬਾਂ ਦੇ ਬੰਦਿਆਂ ਦਾ ਸੰਪਰਕ ਸੀ, ਜਿਨ੍ਹਾਂ ਨੂੰ ਗ਼ਰੀਬ ਬੇਆਸਰੇ ਰੋਗੀਆਂ ਤੇ ਅਪਾਹਿਜਾਂ ਦੀ ਸੇਵਾ-ਸੰਭਾਲ ਕਰਦਿਆਂ ਨੂੰ ਦੇਖ ਕੇ ਭਾਰਤ-ਵਾਸੀਆਂ ਨੂੰ ਵੀ ਆਪਣੇ ਸੱਭਿਆਚਾਰ ਨੂੰ ਉੱਚਾ ਕਰਨ ਦਾ ਖ਼ਿਆਲ ਆਇਆ । ਪਨੀਕਰ ਨੇ ਲਿਖਿਆ ਹੈ ਕਿ ਭਾਰਤ ਦੇ ਪੁਰਾਤਨ ਸੱਭਿਆਚਾਰ ਵਿੱਚ ਤਿੰਨ 'ਦੱਦੇ' ਹੀ ਮਨੁੱਖੀ ਧਰਮ ਦਾ ਜ਼ਰੂਰੀ ਹਿੱਸਾ ਮੰਨੇ ਗਏ ਹਨ:—**Compassion, Restraint and Charity**—'ਦ-ਦਇਆ। ਦ-ਦਮਨ। ਦ-ਦਾਨ'; ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਭਾਰਤ-ਵਾਸੀਆਂ ਦੀ ਦਿਨ-ਪ੍ਰਤੀ-ਦਿਨ ਦੀ ਵਰਤੋਂ ਵਿੱਚ ਇਨ੍ਹਾਂ ਤਿੰਨਾਂ ਗੁਣਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਸੀ । ਪਨੀਕਰ ਨੇ ਆਪਣੇ ਲੇਖ ਵਿੱਚ ਰੰਤੀ ਦੇਵ, ਯੁਧਿਸ਼ਟਰ, ਭਗਵਾਨ ਬੁੱਧ ਤੇ ਜੈਨ ਧਰਮ ਦੇ ਤੀਰ ਥੰਕਰਾਂ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਉਨ੍ਹਾਂ ਨੇ ਆਪਣੀ ਮਿਸਾਲ ਦੁਆਰਾ ਭਾਰਤ-ਵਾਸੀਆਂ ਨੂੰ ਦਇਆ ਦਾ ਉਹ ਸਰੂਪ ਦਰਸਾਇਆ ਸੀ ਜਿਸ ਨਾਲ ਦਇਆ ਦੇ ਗੁਣ ਨੂੰ ਇਕੱਲੇ-ਇਕੱਲੇ ਬੰਦੇ ਜਾਂ ਸਾਰੇ ਸਮਾਜ ਲਈ ਵਰਤਿਆ ਜਾ ਸਕਦਾ ਹੈ । ਭਾਰਤ ਦੇ ਪ੍ਰਸਿੱਧ ਮਾਸਿਕ-ਪੱਤਰ **"Modern Review"** ਵਿੱਚ ਬੁੱਧ ਧਰਮ ਬਾਰੇ ਅਜਿਹੇ ਲੇਖ ਨਿਕਲਿਆ ਕਰਦੇ ਸਨ ਕਿ ਬੁੱਧ ਧਰਮ ਦੇ ਅਸਰ ਹੇਠਾਂ ਆ ਕੇ ਅਸ਼ੋਕ ਵਰਗੇ ਰਾਜਿਆਂ ਨੇ ਰੋਗੀ ਤੇ ਅਪਾਹਿਜ ਬੰਦਿਆਂ ਲਈ ਹਸਪਤਾਲ ਤੇ ਅਪਾਹਿਜ-ਖ਼ਾਨੇ ਅਤੇ ਪਸ਼ੂਆਂ ਲਈ ਹਸਪਤਾਲ ਬਣਾਏ । ਪਨੀਕਰ ਨੇ ਜਿਹੜੀ ਵਡਿਆਈ ਆਪਣੇ ਇਸ ਲੇਖ ਵਿੱਚ ਈਸਾਈ ਧਰਮ, ਬੁੱਧ ਧਰਮ ਤੇ ਜੈਨ ਧਰਮ ਨੂੰ ਦਿੱਤੀ ਹੈ ਸਿੱਖ ਗੁਰੂ ਸਾਹਿਬਾਨ ਦਾ ਧਰਮ ਵੀ ਉਸ ਵਡਿਆਈ ਦਾ ਪੂਰੀ ਤਰ੍ਹਾਂ ਅਧਿਕਾਰੀ ਹੈ । ਸ੍ਰੀ ਦਰਬਾਰ ਸਾਹਿਬ ਦੀ ਗੋਲਕ ਤੇ ਲੰਗਰ ਦੀ ਮਰਯਾਦਾ ਵਿੱਚ ਜੋ ਪਹਿਲ ਬੇਆਸਰੇ ਰੋਗੀਆਂ ਤੇ ਅਪਾਹਿਜਾਂ



ਨੂੰ ਦਿੱਤੀ ਗਈ ਹੈ, ਉਹ ਇਸ ਗੱਲ ਦੀ ਪੁਸ਼ਟੀ ਕਰਦੀ ਹੈ ।

ਤਪਦਿਕ ਦੇ ੯੦ ਲੱਖ ਰੋਗੀਆਂ ਲਈ ਕੇਵਲ ੩੫,੦੦੦ ਤੇ ਪਾਗਲਪਨ ਦੇ ੫੦ ਲੱਖ ਰੋਗੀਆਂ ਲਈ ਕੇਵਲ ੨੨,੦੦੦ ਨੂੰ ਸੰਭਾਲਣ ਦਾ ਪ੍ਰਬੰਧ ਭਾਰਤ ਦੇ ਦਿਮਾਗ਼ੀ ਹਸਪਤਾਲਾਂ ਵਿੱਚ ਹੈ । ਰੋਗ ਦੇ ਵਧ ਜਾਣ ਨਾਲ ਬੇਇਲਾਜੇ ਹੋ ਚੁੱਕੇ ਰੋਗੀਆਂ ਨੂੰ ਹਸਪਤਾਲ ਦਾਖ਼ਲ ਹੀ ਨਹੀਂ ਕਰਦੇ । ਪਾਗਲਪਾਨ ਦੇ ਰੋਗੀਆਂ ਵਿੱਚੋਂ ਨੌਜਵਾਨ ਪਾਗਲ ਇਸਤਰੀਆਂ ਦਾ ਮਸਲਾ ਸਭ ਤੋਂ ਵਧੇਰੇ ਚਿੰਤਾ ਭਰਿਆ ਹੈ ਜਿਹੜੀਆਂ ਘਰਾਂ ਤੋਂ ਨਿਕਲ ਕੇ ਆਪਣੀਆਂ ਜਾਨਾਂ ਤੇ ਇੱਜ਼ਤਾਂ ਨੂੰ ਖ਼ਤਰੇ ਵਿੱਚ ਪਾਂਦੀਆਂ ਹਨ । ਇਸ ਕੰਮ ਨੂੰ ਮੈਂ ਇਕ ਨਿਰਧਨ ਬੰਦੇ ਦੇ ਤੌਰ 'ਤੇ ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ ਦੇ ਕੰਢਿਆਂ ਉੱਤੇ ਆਪਣੇ ਹੱਥਾਂ ਦੀ ਸੇਵਾ ਨਾਲ ਆਰੰਭ ਕੀਤਾ ਸੀ । ਦੇਸ਼ ਦੀ ਅਣਖ ਦੀ ਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਇਸ ਕੰਮ ਦੀ ਮਹੱਤਤਾ ਦਾ ਪਤਾ ਉਸ ਮਿਹਣੇ ਤੋਂ ਲੱਗਦਾ ਹੈ ਜਿਹੜਾ ਲੰਦਨ ਦੀ ਰੋਟਰੀ ਸਭਾ ਦੇ ਮੈਂਬਰਾਂ ਨੇ ਭੰਡਾਰੀ ਸਾਹਿਬ ਨੂੰ ਦਿੱਤਾ । ਇਸ ਕੰਮ ਦੀ ਸਫਲਤਾ ਲਈ ਮੇਰੀ ਆਸ ਗੁਰੂ ਕੀ ਨਗਰੀ ਹੈ ।

ਪਿੰਗਲਵਾੜਾ ਅੰਮ੍ਰਿਤਸਰ ਸ਼ਹਿਰ ਦੇ ਪੂਰੇ ਦਰਜੇ ਦੇ ਸਰਕਾਰੀ ਹਸਪਤਾਲ ਦੇ ਇਲਾਜ ਦੇ ਆਸਰੇ ਹੀ ਉਨ੍ਹਾਂ ੩੫੦ ਅਪਾਹਿਜਾਂ ਤੇ ਰੋਗੀਆਂ ਨੂੰ ਸੰਭਾਲ ਰਿਹਾ ਹੈ—ਜਿਹੜੇ ਇਲਾਜ ਦੇ ਯੋਗ ਜਾਂ ਬੇਇਲਾਜੇ ਹੋਣ ਦੇ ਬਾਵਜੂਦ ਆਪਣੇ ਇਲਾਜ ਤੇ ਸੇਵਾ-ਸੰਭਾਲ ਲਈ ਹਸਪਤਾਲ ਵਿੱਚ ਦਾਖ਼ਲ ਹੋਣ ਦੇ ਅਧਿਕਾਰੀ ਹੁੰਦੇ ਹਨ । ਤੀਹ ਹਜ਼ਾਰ ਰੁਪਏ ਰੋਜ਼ ਦਾ ਖ਼ਰਚ ਉਨ੍ਹਾਂ ਧਰਮੀ ਬੰਦਿਆਂ ਦੇ ਆਸਰੇ ਚੱਲ ਰਿਹਾ ਹੈ, ਜਿਹੜੇ ਧਰਮ ਦੇ ਕਾਰਜਾਂ ਲਈ ਦਸਵੰਧ ਕੱਢਣਾ ਜਾਂ ਵਿੱਤ ਅਨੁਸਾਰ ਦਾਨ ਕਰਨਾ ਆਪਣਾ ਮਨੁੱਖੀ ਕਰਤੱਵ ਗਿਣਦੇ ਹਨ । ਪਿੰਗਲਵਾੜੇ ਨੂੰ ਹੋਂਦ ਵਿੱਚ ਲਿਆਉਣ ਵਾਲੇ ਮੇਰੇ ਵਰਗੇ ਨਿਰਧਨ ਬੰਦੇ ਦੀ ਪੂੰਜੀ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਸ਼ਬਦ ਤੋਂ ਪ੍ਰੇਰਨਾ ਲੈਣ ਵਾਲੇ ਅਜਿਹੇ ਗੁਰਮੁਖ ਹੀ ਹਨ—

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ ਸੇਵਕ ਕਉ ਨਿਕਟੀ ਹੋਇ ਦਿਖਾਵੈ ॥ ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥੧॥ਰਹਾਉ॥ ਤਿਸੁ**

**ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ ਤਿਸ ਕੀ**
**ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥**

(ਆਸਾ ਮਹਲਾ ੫, ਅੰਗ ੪੦੩)

ਇਹ ਉਹ ਪੂੰਜੀ ਹੈ ਜਿਸ ਨੂੰ ਸਿੱਖ ਗੁਰੂ ਸਾਹਿਬਾਨ ਇਕੱਲੇ-ਇਕੱਲੇ ਦਸਵੰਧ ਕੱਢਣ ਵਾਲੇ ਗੁਰਸਿੱਖ ਦੀ ਜੇਬ ਦੇ ਬੈਂਕ ਵਿੱਚ ਜਮ੍ਹਾਂ ਕਰਾ ਗਏ ਹਨ ਤੇ ਇਸ ਸ਼ਬਦ ਦੇ ਚੈੱਕ ਦੁਆਰਾ ਮੇਰੇ ਜਿਹੇ ਨਿਰਧਨ ਬੰਦੇ ਧਰਮੀ ਬੰਦਿਆਂ ਦੀਆਂ ਜੇਬਾਂ ਵਿੱਚੋਂ ਲੋੜ ਅਨੁਸਾਰ ਮਾਇਆ ਦੇ ਗੱਫੇ ਲੈਂਦੇ ਰਹਿੰਦੇ ਹਨ । ੨੪ ਅਗਸਤ ੧੯੭੦ ਵਾਲੇ ਦਿਨ ਜੰਮੂ ਤੋਂ ਇਕ ਸਿੱਖ ਨੌਜਵਾਨ ਪਿੰਗਲਵਾੜੇ ਲਈ ਤੀਹ ਰੁਪਏ ਦਾਨ ਲੈ ਕੇ ਆਇਆ ਤੇ ਜਦ ਮੈਂ ਰਸੀਦ ਕੱਟਣ ਲਈ ਉਸ ਤੋਂ ਉਸ ਦਾ ਨਾਮ ਪੁੱਛਿਆ ਤਾਂ ਉਹ ਬੋਲਿਆ ਕਿ ਇਹ ਪੈਸੇ ਦਸਵੰਧ ਦੇ ਹਨ, ਇਨ੍ਹਾਂ ਦੀ ਰਸੀਦ ਸਾਡੇ ਨਾਉਂ ਦੀ ਨਹੀਂ ਕੱਟੀ ਜਾ ਸਕਦੀ ਕਿਉਂਕਿ ਦਸਵੰਧ ਦੇ ਪੈਸੇ ਗੁਰੂ ਦੇ ਪੈਸੇ ਹੁੰਦੇ ਹਨ । ਮੇਰੇ ਹਿਰਦੇ ਨੇ ਉਸ ਸਮੇਂ ਦਾਨੀ ਦੇ ਉੱਤਰ ਤੋਂ ਇਉਂ ਉਬਾਲਾ ਖਾਧਾ: "ਹੇ ਗੁਰੂ ਅਰਜਨ ਦੇਵ ਜੀ ! ਨਿਰਧਨ ਸੇਵਕਾਂ ਲਈ ਜਿਹੜੀ ਤੁਸੀਂ ਦਸਵੰਧ ਦੀ ਰੀਤ ਚਲਾ ਕੇ ਗੁਰਸਿੱਖਾਂ ਦੀਆਂ ਜੇਬਾਂ ਦੇ ਬੈਂਕਾਂ ਵਿੱਚ ਅਤੁੱਟ ਖ਼ਜ਼ਾਨੇ ਜਮ੍ਹਾਂ ਕਰਾ ਗਏ ਹੋ ਉਸ ਲਈ ਮੈਂ ਧੰਨਵਾਦ ਦੇ ਵਲਵਲਿਆਂ ਦੇ ਭਾਰ ਨਾਲ ਰੋਂਦਾ ਹੋਇਆ ਹੀ ਆਪ ਜੀ ਦਾ ਧੰਨਵਾਦ ਕਰ ਸਕਦਾ ਹਾਂ।"

**ਤੁਮ ਮਿਹਰਵਾਨ ਦਾਸ ਹਮ ਦੀਨਾ ॥**
**ਨਾਨਕ ਸਾਹਿਬੁ ਭਰਪੁਰਿ ਲੀਣਾ ॥** (ਅੰਗ ੫੬੨)

## ਆਤਮਾ ਦੀ ਸਭ ਤੋਂ ਗਹਿਰੀ ਲੋੜ

ਸਾਡੀਆਂ ਆਤਮਾਵਾਂ ਦੀ ਸਭ ਤੋਂ ਡੂੰਘੀ ਲੋੜ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਮਨੁੱਖ ਜਾਤੀ ਦਾ ਭਲਾ ਕਰਨ ਵਾਲੇ ਮਹਿਸੂਸ ਕਰੀਏ । ਜਦੋਂ ਅਸੀਂ ਮਨੁੱਖ ਜਾਤੀ ਦੇ ਉੱਚੇ-ਸੁੱਚੇ ਲਾਭਾਂ ਨਾਲ ਆਪਣੇ ਆਪ ਨੂੰ ਜੋੜਦੇ ਹਾਂ, ਕੇਵਲ ਉਦੋਂ ਹੀ ਅਸੀਂ ਆਪਣੇ ਸਮਾਜਿਕ ਅਤੇ ਇਸ ਲਈ ਆਪਣੇ ਪੂਰਨ ਮਨੋਰਥਾਂ ਵਾਲੇ ਹੋ ਕੇ ਹੀ ਸੰਸਾਰ ਵਿੱਚ ਵਿਚਰਦੇ ਹਾਂ, ਜਦੋਂ ਅਸੀਂ ਆਪਣੇ ਆਪ ਨੂੰ ਸੰਸਾਰ-ਭਲਾਈ ਦੇ ਵਸੀਲੇ ਬਣਾ ਲੈਂਦੇ ਹਾਂ । ਜੈਰੇਮੀਆਂ ਤੋਂ ਲੈ ਕੇ ਲਿੰਕਨ ਤਕ ਸੰਸਾਰ ਦੀ ਤਵਾਰੀਖ਼ ਦੇ ਸਭ ਤੋਂ ਵੱਧ ਉਸਾਰੂ ਪ੍ਰਤਿਭਾਸ਼ੀਲ



ਮਨੁੱਖ ਕੇਵਲ ਉਹੀ ਹੋਏ ਹਨ ਜਿਨ੍ਹਾਂ ਨੇ ਆਪਣੇ ਅੰਦਰ ਵਾਹਿਗੁਰੂ ਦੀ ਆਵਾਜ਼ ਨੂੰ ਸੁਣ ਕੇ ਆਪਣੇ ਆਪ ਨੂੰ ਮਨੁੱਖੀ ਨਸਲ ਦੀ ਸੇਵਾ ਲਈ ਤਨ, ਮਨ ਅਤੇ ਧਨ ਸਹਿਤ ਅਰਪਨ (ਗੋਲਾ ਮੁੱਲ ਖ਼ਰੀਦ) ਕਰ ਦਿੱਤਾ । ਉਹ ਸੰਸਾਰ ਵਿੱਚ ਹੋ ਚੁੱਕੇ ਉਹਨਾਂ ਅਣਗਿਣਤ ਕਰੋੜਾਂ ਗੁੰਮਨਾਮ ਬੰਦਿਆਂ ਵਿੱਚੋਂ ਹੀ ਚਮਕੇ ਹਨ ਜਿਨ੍ਹਾਂ ਦੇ ਅੰਦਰ ਵੀ ਰੱਬੀ ਅਗਨੀ ਜਲ ਰਹੀ ਸੀ, ਭਾਵੇਂ ਪਰਜੁਅਲਤ ਅਤੇ ਪ੍ਰਫੁੱਲਿਤ ਨਹੀਂ ਹੋਈ ਸੀ । ਜੇਕਰ ਸਾਡੇ ਆਪਣੇ ਅੰਦਰ ਵੀ ਭਰੋਸੇ ਭਰੀ ਐਸੀ ਕਲਪਨਾ ਹੋਵੇ ਤਾਂ ਅਸੀਂ ਆਪਣੇ ਨੌਜਵਾਨਾਂ ਦੀਆਂ ਕੋਮਲ ਅਤੇ ਜਿਧਰ ਨੂੰ ਮੋੜੋ ਮੁੜ ਜਾਣ ਵਾਲੀਆਂ ਆਤਮਾਵਾਂ ਵਿੱਚ ਸੰਸਾਰ ਦੀਆਂ ਭਲਾਈ ਦੀਆਂ ਮਹਾਨ ਅਚੰਭੇ ਵਾਲੀਆਂ ਸ਼ਕਤੀਆਂ ਭਰ ਦੇਈਏ । ਮਨੋਵਿਗਿਆਨੀਆਂ ਦੀ ਲੰਘ ਰਹੀ ਨਸਲ ਨੇ ਨੌਜਵਾਨਾਂ ਦੇ ਆਦਰਸ਼ਵਾਦ ਉੱਤੇ ਬੜੇ ਵਿਸਥਾਰ ਨਾਲ ਵਿਚਾਰ ਕੀਤਾ ਹੈ । ਪਰ ਸਾਡੇ ਅੱਜ ਦੇ ਹਾਈ ਸਕੂਲਾਂ ਨੇ ਇਸ ਉੱਤੇ ਨਾ ਕੋਈ ਗਹੁ ਕੀਤਾ ਹੈ ਅਤੇ ਨਾ ਹੀ ਇਸ ਨੂੰ ਸਮਾਜਿਕ ਲਾਭਾਂ ਲਈ ਵਰਤਣ ਦਾ ਕੋਈ ਯਤਨ ਕੀਤਾ ਹੈ । ਇਸ ਗੱਲ ਦਾ ਕਿਆਸ ਤਕ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਨੌਜਵਾਨਾਂ ਦੀਆਂ ਆਤਮਾਵਾਂ ਵਿੱਚ ਪਰਉਪਕਾਰ ਅਤੇ ਸੇਵਾ ਦੀਆਂ ਕਿੰਨੀਆਂ ਮਹਾਨ ਉੱਚੀਆਂ ਭਾਵਨਾਵਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ, ਜੇ ਉਹਨਾਂ ਦੇ ਹਿਰਦਿਆਂ ਨੂੰ ਸਾਡੀ ਵਿਸ਼ਵਾਸਹੀਣ, ਕਠੋਰ ਤੇ ਵਿਗੜੇ ਰੂਪ ਵਾਲੀ ਦੁਨੀਆਂ ਖ਼ਰਾਬ ਨਾ ਕਰੇ । ਜੇ ਮਨੋਵਿਗਿਆਨੀਆਂ ਦੇ ਦੱਸੇ ਇਸ ਭਾਈਚਾਰਿਕ ਆਦਰਸ਼ਵਾਦ ਨੂੰ ਪ੍ਰਫੁੱਲਿਤ ਕੀਤਾ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਉੱਤੇ ਵੀ ਸੰਸਾਰ ਦੀ ਉੱਨਤੀ ਦਾ ਓਨਾ ਹੀ ਨਿਰਭਾਰ ਹੈ ਜਿੰਨਾ ਕਿ ਸਾਇੰਸ ਦੀਆਂ ਨਵੀਆਂ ਖੋਜਾਂ ਉੱਤੇ । ਇਹ ਉਹ ਖਮੀਰ ਹੈ ਜਿਹੜਾ ਮਨੁੱਖੀ ਸਮਾਜ ਦੀਆਂ ਸੰਸਥਾਵਾਂ ਨੂੰ ਜ਼ੁਲਮਾਂ ਦਾ ਰੂਪ ਧਾਰਨ ਤੋਂ ਰੋਕਦਾ ਰਹਿੰਦਾ ਹੈ । ਅਰਥਾਤ ਜਿਵੇਂ ਖਮੀਰ ਆਟੇ ਵਿੱਚ ਪੈ ਕੇ ਉਸ ਨੂੰ ਕਾਠਾ ਹੋਣ ਤੋਂ ਰੋਕਦਾ ਹੈ, ਫੁਲਾਅ ਕੇ ਉਸ ਨੂੰ ਨਰਮ ਬਣਾ ਦਿੰਦਾ ਹੈ ਤਿਵੇਂ ਹੀ ਕਿਸੇ ਸੰਸਥਾ ਦੇ ਬੰਦਿਆਂ ਦੇ ਹਿਰਦਿਆਂ ਅੰਦਰ ਪ੍ਰਵੇਸ਼ ਕਰਕੇ ਇਹ ਗਿਆਨ ਉਨ੍ਹਾਂ ਨੂੰ ਨਰਮ ਹਿਰਦਿਆਂ ਵਾਲੇ ਦਇਆਵਾਨ ਬੰਦੇ ਬਣਾਈ ਰੱਖਦਾ ਹੇ । ਇੰਗਲੈਂਡ ਦੀ "ਸੋਸ਼ਲ ਸਟੱਡੀਜ਼ ਐਂਡ ਵਰਲਡ ਸਿਟੀਜਨਸ਼ਿਪ" ਪੁਸਤਕ ਵਿੱਚੋਂ ।

# ਭਗਤ ਪੂਰਨ ਸਿੰਘ ਪਿੰਗਲਵਾੜਾ ਦਾ ਭਾਸ਼ਨ

ਸਿੱਖ ਪਰਿਵਾਰਾਂ ਵਿੱਚ ਪ੍ਰਾਣੀ ਦੀ ਕਿਰਿਆ ਦੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੦੦੦ਵੇਂ ਪੰਨੇ ਦਾ "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਸ਼ਬਦ ਸਿੱਖਾਂ ਵੱਲੋਂ ਆਮ ਕਰਕੇ ਗਾਇਆ ਜਾਂਦਾ ਹੈ । ਇਸ ਸ਼ਬਦ ਵਿੱਚ ਜੀਵਨ ਦਾ ਉਹ ਮਾਰਗ ਦੱਸਿਆ ਗਿਆ ਹੈ ਜਿਸ 'ਤੇ ਚੱਲ ਕੇ ਬੰਦਾ ਪੂਰੀ ਤਸੱਲੀ ਨਾਲ ਆਪਣਾ ਜੀਵਨ ਸਫਲ ਬਣਾ ਸਕਦਾ ਹੈ । ਸੰਸਾਰ ਦਾ ਸਾਧਾਰਣ ਬੰਦਾ ਆਮ ਤੌਰ 'ਤੇ ਜੀਵਨ ਵਿੱਚ ਹੋਏ ਖੋਟੇ ਕਰਮਾਂ ਨੂੰ ਬੁਰਾਈ ਸਮਝਦਾ ਹੈ, ਪਰ ਉਸ ਨੂੰ ਪਤਾ ਨਹੀਂ ਕਿ ਦੁਨੀਆਂ ਵਿੱਚ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਨੂੰ ਸਮਾਜ ਦੇ ਭਲੇ ਲਈ ਨਾ ਵਰਤਣਾ ਵੀ ਇਕ ਬੁਰਾਈ ਹੀ ਹੈ । ਮਸਲਨ ਜਿਹੜਾ ਬੰਦਾ ਆਪਣੇ ਸਰੀਰ ਦੀ ਪੂਰੀ-ਪੂਰੀ ਕੰਮ ਕਰਨ ਦੀ ਸ਼ਕਤੀ ਰੱਖਦਾ ਹੋਇਆ ਵੀ ਕੇਵਲ ਇਸ ਲਈ ਨਕਰਮਣ ਰਹਿੰਦਾ ਹੈ ਕਿਉਂਕਿ ਉਸ ਪਾਸ ਆਪਣੇ ਜੀਵਨ ਨਿਰਬਾਹ ਦੇ ਸਾਧਨ ਮੌਜੂਦ ਹਨ, ਜਿਨ੍ਹਾਂ ਦੀ ਅਣਹੋਂਦ ਹੀ ਬੰਦੇ ਕੋਲੋਂ ਅਨੇਕ ਪ੍ਰਕਾਰ ਦੇ ਕੰਮ ਕਾਜ ਕਰਵਾਇਆ ਕਰਦੀ ਹੈ ਤਾਂ ਉਹ ਆਪਣੇ ਫ਼ਰਜ਼ ਤੋਂ ਖੁੰਝ ਗਿਆ ਹੈ । ਦੁਨੀਆਂ ਦੇ ਬੰਦੇ ਪੈਸੇ ਨਾਲ ਚੀਜ਼ਾਂ ਮੁੱਲ ਲੈ ਕੇ ਲੋੜ ਅਨੁਸਾਰ ਵਰਤਦੇ ਹਨ; ਪਰ ਪੈਸਾ ਤਾਂ ਕੇਵਲ ਸਮਾਜ ਦੇ ਕਾਰ-ਵਿਹਾਰਾਂ ਨੂੰ ਚਾਲੂ ਰੱਖਣ ਲਈ ਹੁੰਦਾ ਹੈ । ਇਹ ਮਨੁੱਖੀ ਪਦਾਰਥਾਂ ਨੂੰ ਕੇਵਲ ਕਾਨੂੰਨੀ ਤੌਰ 'ਤੇ ਵਰਤਣ ਦਾ ਅਧਿਕਾਰੀ ਬਣਾਉਂਦਾ ਹੈ, ਇਖ਼ਲਾਕੀ ਤੌਰ 'ਤੇ ਉਹਨਾਂ ਪਦਾਰਥਾਂ ਦੀ ਵਰਤੋਂ ਦਾ ਅਧਿਕਾਰੀ ਨਹੀਂ ਬਣਾਉਂਦਾ । ਉੱਥੇ ਤਾਂ ਕੇਵਲ ਇਕੋ ਪਰਖ ਹੈ, ਸੇਵਕ ਹੋਣਾ ਪੈਂਦਾ ਹੈ (੧) **"ਬੈ ਖਰੀਦ ਢਹਿ ਪਿਆ ਦੁਆਰੇ"** (੨) **"ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥"** (ਅੰ:੯੯੧)। ਉੱਪਰ ਲਿਖੇ ਦੋਵੇਂ ਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਨ ।

**ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ ।**
**ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ ।**
**ਗੋਲਾ ਮੁਲ ਖਰੀਦੁ ਕਾਰੇ ਜੋਵਣਾ ।**
**ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ ।**

(ਭਾਈ ਗੁਰਦਾਸ ਦੀ ਵਾਰ)

ਉੱਪਰ ਲਿਖਿਆ ਵਾਕ ਭਾਈ ਗੁਰਦਾਸ ਜੀ ਦਾ ਹੈ । ਜੀਵਨ ਅੰਦਰ ਕਰਨ ਵਾਲੇ ਕੰਮ ਐਸੇ ਬੇਅੰਤ ਹੁੰਦੇ ਹਨ ਕਿ ਕਰਨ ਵਾਲੇ ਨੂੰ ਇਕ ਪਲ ਵੀ



ਵਿਹਲ ਨਹੀਂ ਮਿਲ ਸਕਦਾ । ਇਕ ਵਿਦਵਾਨ ਨੇ ਠੀਕ ਕਿਹਾ ਹੈ:

**"There is not a moment without a duty."**

ਪਰ ਅਜਿਹਾ ਤਦੇ ਹੋ ਸਕਦਾ ਹੈ ਜੇ ਮਨੁੱਖ ਸਾਰੇ ਸੰਸਾਰ ਨੂੰ ਹੀ ਆਪਣਾ ਟੱਬਰ ਸਮਝੇ । ਇਕ ਟੱਬਰ ਇਹਨਾਂ ਤਿੰਨਾਂ ਗੁਣਾਂ ਨਾਲ ਚਲਾਇਆ ਜਾਂਦਾ ਹੈ—ਬੁੱਧੀ, ਅਣਖ ਤੇ ਧਰਮ । ਜਦੋਂ ਬੰਦਾ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਬਣਾ ਲਵੇ ਤਾਂ ਉਸ ਦਾ ਹਰ ਪਾਸੀਂ ਵਿਕਾਸ ਹੋ ਗਿਆ ਹੁੰਦਾ ਹੈ । ਫਿਰ ਉਸ ਨੂੰ ਸਭ ਲੋੜੀਂਦੇ ਕੰਮਾਂ ਨੂੰ ਕਰਨ ਦੀ ਇੱਛਿਆ ਪੈਦਾ ਹੋ ਜਾਂਦੀ ਹੈ । ਉਹਨਾਂ ਦੀ ਖ਼ਾਤਰ ਉਹ ਬੜੇ ਚਾਵ੍ਹਾਂ ਤੇ ਚਿੰਤਾਵਾਂ ਨਾਲ ਭੱਜਦਾ ਰਹਿੰਦਾ ਹੁੰਦਾ ਹੈ, ਨਾ ਭੁੱਖ ਦੀ ਪਰਵਾਹ ਕਰਦਾ ਹੁੰਦਾ ਹੈ ਅਤੇ ਨਾ ਤਰੇਹ ਦੀ ।

ਭਾਰਤ ਦਾ ਰਚਨਾਤਮਿਕ ਢਾਂਚਾ ਪਰਜਾ-ਤੰਤਰ ਦਾ ਹੈ । ਜਿਹੜੇ ਬੰਦੇ ਚਾਹੁੰਦੇ ਹਨ ਕਿ ਭਾਰਤ ਵਿੱਚ ਪਰਜਾ-ਤੰਤਰ ਦਾ ਢਾਂਚਾ ਸਫਲ ਹੋਵੇ ਉਹਨਾਂ ਨੂੰ ਉਹਨਾਂ ਗੁਣਾਂ ਨੂੰ ਆਪਣੇ ਹਿਰਦੇ ਵਿੱਚ ਵਸਾ ਕੇ ਰੱਖਣਾ ਚਾਹੀਦਾ ਹੈ ਜਿਹੜੇ "ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਸ਼ਬਦ ਵਿੱਚ ਦਰਸਾਏ ਗਏ ਹਨ ।

—ਭਗਤ ਪੂਰਨ ਸਿੰਘ

# ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ

ਦੇ ਇਤਿਹਾਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ।

ਸ੍ਰੀ ਅਨੰਦਪੁਰ ਸਾਹਿਬ ਵਿੱਚ ਮਨੁੱਖੀ ਆਤਮਾ ਦੀ ਖ਼ੁਸ਼ੀਆਂ ਭਰੀ ਸ਼ਕਤੀ ਕਈ ਵੱਖ-ਵੱਖ ਰੂਪਾਂ ਵਿੱਚ ਪ੍ਰਗਟ ਹੁੰਦੀ ਸੀ । ਹਰ ਨਵੇਂ ਦਿਨ ਨਵੇਂ ਖ਼ਿਆਲ ਵਾਯੂ-ਮੰਡਲ ਵਿੱਚ ਫੈਲ ਜਾਂਦੇ ਸਨ ਅਤੇ ਖ਼ਾਲਸਾ ਪੰਥ ਨਵਿਆਂ ਰੰਗਾਂ ਵਿੱਚ ਰੰਗਿਆ ਜਾਂਦਾ ਸੀ । ਸੇਵਾ-ਪੰਥੀ, ਨਿਰਮਲੇ ਤੇ ਸਹਿਜਧਾਰੀ ਨਵੇਂ-ਨਵੇਂ ਉੱਚੇ ਤੇ ਚਮਕੀਲੇ ਫ਼ੈਸਲੇ ਕਰਦੇ ਸਨ ਅਤੇ ਇਹਨਾਂ ਸਾਰਿਆਂ ਤੋਂ ਪਿਛਲੇਰੇ ਤੇ ਉਚੇਰੇ ਸਨ ਅਕਾਲੀ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਧਰਤੀ ਦੀ ਮਲ ਮੈਲ ਤੋਂ ਸਾਫ਼ ਕਰ ਲਿਆ ਸੀ ਅਤੇ ਉਹ ਸੰਸਾਰ ਦੇ ਇਸ ਮਾਇਆ ਰੂਪੀ ਜਾਲ ਤੋਂ ਬਿਲਕੁਲ ਸੁਤੰਤਰ ਹੋ ਕੇ ਗੁਰੂ ਦੇ ਸੁਪਨਿਆਂ ਨਾਲ ਇਕਮਿਕ ਹੋ ਗਏ ਸਨ । ਸੇਵਾ-ਪੰਥੀਆਂ ਨੇ ਸੇਵਾ ਦੇ ਕਰਤੱਵਾਂ ਲਈ ਆਪਣੇ ਆਪ ਨੂੰ ਅਰਪਣ ਕੀਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰੈੱਡ-ਕਰਾਸ (ਸੁਰਖ਼ ਸਲੀਬ) ਦੀ ਨੀਂਹ ਰੱਖੀ ਜਿਸ ਨੇ ਮਿੱਤਰਾਂ ਤੇ ਵੈਰੀਆਂ ਦੀ ਇਕੋ ਜਿਹੀ ਸੇਵਾ ਕੀਤੀ । ਉਹ ਜੰਗ ਦੇ ਮੈਦਾਨ ਵਿੱਚ ਆਪਣੀ ਪਿੱਠ 'ਤੇ ਪਾਣੀ ਚੁੱਕ ਕੇ ਲੈ ਜਾਂਦੇ ਸਨ ਅਤੇ ਜ਼ਖ਼ਮਾਂ ਤੇ ਪਿਆਸ ਨਾਲ ਮਰ ਰਹੇ ਬੰਦਿਆਂ ਦੇ ਬੁੱਲ੍ਹਾਂ ਨਾਲ ਪਾਣੀ ਦਾ ਰਹਿਮ ਵਾਲਾ ਬਾਟਾ ਲਾਉਂਦੇ ਸਨ ।

ਜੰਗ ਦੇ ਮੈਦਾਨ ਨੂੰ ਪਾਣੀ ਪਿਲਾਉਣ ਲਈ ਜਾਂਦੇ ਹੋਏ ਉਹ ਮੁੱਢਲੀ ਮਲ੍ਹਮ ਪੱਟੀ ਦਾ ਸਾਮਾਨ ਵੀ ਆਪਣੇ ਨਾਲ ਲੈ ਜਾਂਦੇ ਸਨ ਅਤੇ ਜੱਰਾਹੀ (ਚੀਰ-ਫਾੜ ਕਰਨ) ਤੇ ਔਸ਼ਧੀ (ਦਵਾਈ) ਦੇ ਇਲਮ (ਇਲਾਜ) ਵੀ ਉਹ ਸਿੱਖਦੇ ਸਨ। ਨਿਰਮਲਿਆਂ ਨੇ ਆਪਣੇ ਆਪ ਨੂੰ ਵਿੱਦਿਆ ਪ੍ਰਾਪਤ ਕਰਨ 'ਤੇ ਲਗਾ ਦਿੱਤਾ। ਉਨ੍ਹਾਂ ਸੰਸਕ੍ਰਿਤ ਤੇ ਵੇਦਾਂਤ ਪੜ੍ਹਿਆ ਅਤੇ ਦੇਸ਼ ਭਰ ਵਿੱਚ ਵਿੱਦਿਆ ਫੈਲਾਣ ਅਤੇ ਉਸ ਸਾਹਿਤ ਨੂੰ ਪਹੁੰਚਾਉਣ ਲਈ ਤੁਰ ਪਏ ਜੋ ਸ੍ਰੀ ਅਨੰਦਪੁਰ ਸਾਹਿਬ ਵਿੱਚ ਰਚਿਆ ਗਿਆ ਸੀ। ਪ੍ਰੋਫ਼ੈਸਰ ਪੂਰਨ ਸਿੰਘ ਜੀ ਦੀ ਅੰਗਰੇਜ਼ੀ ਪੁਸਤਕ "ਦਸ ਗੁਰੂ ਸਾਹਿਬਾਨ ਵਿੱਚੋਂ।"

ਅਫ਼ਸੋਸ ਹੈ ਕਿ ਸਿੱਖਾਂ ਅੰਦਰ ਹੁਣ ਇਹ ਜਜ਼ਬਾ ਕਮਜ਼ੋਰ ਹੁੰਦਾ ਜਾ ਰਿਹਾ ਹੈ, ਸਗੋਂ ਸਾਰੇ ਭਾਰਤ ਅੰਦਰ ਹੀ ਇਸ ਦੀ ਘਾਟ ਦਿਖਾਈ ਦਿੰਦੀ ਹੈ। ਮਹਿਰਿਸ਼ੀ ਰਾਬਿੰਦਰ ਨਾਥ ਟੈਗੋਰ ਜੀ ਨੇ ਇਸ ਘਾਟ ਦਾ ਜ਼ਿਕਰ ਆਪਣੀ ਅੰਗਰੇਜ਼ੀ ਪੁਸਤਕ **Creative Unity** (ਰਚਨਾਤਮਿਕ ਏਕਤਾ) ਦੇ **An Eastern University** (ਪੂਰਬੀ ਮਹਾਂ ਵਿਦਿਆਲਾ) ਅਧਿਆਇ ਵਿੱਚ ਇਉਂ ਕੀਤਾ ਹੈ:—

"ਕਿਸੇ ਸਮੇਂ ਭਾਰਤ ਵਿੱਚ ਸਾਡੇ ਭਾਰਤੀਆਂ ਪਾਸ ਇਕ ਐਸੀ ਚੀਜ਼ ਹੁੰਦੀ ਸੀ ਜਿਸ ਨੂੰ ਅਸੀਂ ਆਪਣਾ ਨਿਵੇਕਲਾ ਮਨ ਕਹਿ ਸਕਦੇ ਸਾਂ। ਤਦੋਂ ਇਹ ਮਨ ਜਿਊਂਦਾ ਜਾਗਦਾ ਸੀ। ਇਹ ਸੋਚਦਾ ਸੀ, ਇਹ ਆਪਣਾ ਆਪ ਪ੍ਰਗਟਾਉਂਦਾ ਵੀ ਸੀ। ਇਹ ਬਾਹਰੋਂ ਪ੍ਰਭਾਵ ਕਬੂਲਦਾ ਸੀ ਤੇ ਨਾਲ ਹੀ ਉਸਾਰੂ ਹੋ ਜਾਂਦਾ ਸੀ। ਇਹ ਗੱਲ ਕਿ ਸਾਡੇ ਮਨ ਦਾ ਕੋਈ ਲਾਭ ਹੈ, ਸਾਡੀ ਵਿੱਦਿਆ ਪ੍ਰਾਪਤੀ ਦੇ ਦੌਰਾਨ ਜਾਂ ਇਸ ਦੇ ਅੰਤ 'ਤੇ, ਸਾਡੇ ਮੌਜੂਦਾ (ਆਧੁਨਿਕ) ਵਿੱਦਿਅਕ ਪ੍ਰਬੰਧ ਵਿੱਚ ਅੱਖੋਂ ਓਹਲੇ ਕਰ ਦਿੱਤੀ ਹੋਈ ਹੈ। ਸਾਡੀਆਂ ਇਮਾਰਤਾਂ ਹਨ, ਪੁਸਤਕਾਂ ਹਨ ਅਤੇ ਕਈ ਹੋਰ ਸ਼ਾਨਦਾਰ ਅਡੰਬਰ ਹਨ ਜੋ ਸਾਡੇ ਮਨ ਨੂੰ ਕੇਵਲ ਦਬਾਣ ਦਾ ਹੀ ਕੰਮ ਕਰਦੇ ਹਨ। ਇਸ ਮਨ ਨੂੰ ਤਾਂ ਹੁਣ ਇਉਂ ਸਮਝਿਆ ਜਾਂਦਾ ਹੈ ਕਿ ਮਾਨੋ ਲਾਇਬ੍ਰੇਰੀ ਦੀ ਇਕ ਲੱਕੜੀ ਦੀ ਅਲਮਾਰੀ ਹੈ ਜਿਸ ਵਿੱਚ ਚਮੜਾ ਜਿਲਦ-ਸੈਂਚੀਆਂ ਸਾਨੂੰ ਬਾਸੀ ਜਿਹੀ ਜਾਣਕਾਰੀ ਦੇਣ ਲਈ ਰੱਖੀਆਂ ਜਾਣੀਆਂ ਹਨ। ਸਿੱਟਾ ਇਹ ਹੋਇਆ ਕਿ ਇਸ ਮਨ ਦੀ ਰੂਪ-ਰੇਖਾ ਤੇ ਇਸ ਦੇ ਰੰਗ ਹੀ ਉੱਡ ਗਏ ਹਨ। ਇਸ ਨੇ ਮਾਨੋ, ਕਿਸੇ ਰੰਗ ਸਾਜ਼ ਦੀ ਦੁਕਾਨ ਤੋਂ ਮਾਂਗਵਾਂ ਪਾਲਿਸ਼ ਲੈ ਆਂਦਾ ਹੋਇਆ ਹੈ। ਇਸ ਸਾਰੇ ਵਿਦਿਅਕ ਅਡੰਬਰ ਉੱਤੇ ਅਸਾਂ ਧਨ ਗਵਾਇਆ ਹੈ ਅਤੇ ਨਾਲ ਹੀ ਆਪਣੇ ਸੂਖ਼ਮ ਖ਼ਿਆਲ, ਇਸ ਤੋਂ ਜੋ ਦਿਮਾਗ਼ੀ ਖਲਾਅ ਉਪਜਿਆ



ਹੈ ਉਸ ਨੂੰ ਅਸੀਂ ਭਰਿਆ ਹੈ ਐਸੀ ਚੀਜ਼ ਨਾਲ ਜਿਸ ਨੂੰ ਸਰਕਾਰੀ ਰਿਪੋਰਟਾਂ ਵਿੱਚ ਵਿੱਦਿਆ ਆਖਿਆ ਜਾਂਦਾ ਹੈ। ਸੱਚੀ ਗੱਲ ਇਹ ਹੈ ਕਿ ਅਸੀਂ ਮਾਨੋ ਆਪਣੀਆਂ ਅੱਖਾਂ ਦੇ ਕੇ ਐਨਕਾਂ ਖ਼ਰੀਦੀਆਂ ਹਨ। 'ਰਚਨਾਤਮਿਕ ਏਕਤਾ' ਪੁਸਤਕ ਵਿੱਚੋਂ।

ਭਾਰਤੀਆਂ ਦਾ ਆਪਣਾ ਨਿਵੇਕਲਾ ਮਨ ਕਿਵੇਂ ਬਣਦਾ ਸੀ, ਇਸ ਨੂੰ ਟੈਗੋਰ ਜੀ ਨੇ ਇਉਂ ਵੀ ਸਮਝਾਇਆ ਹੈ—

## ਜੰਗਲ ਵਾਸੀਆਂ ਦਾ ਧਰਮ

ਇਸ ਵੱਡੀ ਦੁਨੀਆਂ ਦੇ ਸਨਮੁਖ ਅਸੀਂ ਖੜ੍ਹੇ ਹਾਂ। ਸਾਡੇ ਜੀਵਨ ਦੀ ਸੱਚਾਈ ਕੀ ਹੈ? ਇਸ ਦੇ ਉੱਤਰ ਦਾ ਨਿਰਭਰ ਸਾਡੇ ਆਪਣੇ ਹੀ ਮਨ ਦੇ ਇਸ ਵੱਲ ਵਰਤਾਓ ਤੋਂ ਮਿਲੇਗਾ। ਉਹ ਵਰਤਾਉ ਜੋ ਉਪਜਦਾ ਹੈ ਸਾਡੇ ਇਸ ਵੱਲ ਵਰਤਾਓ ਦੀ ਆਦਤ ਤੋਂ ਜਿਹੜਾ ਕਿ ਸਾਡੇ ਆਲੇ-ਦੁਆਲੇ ਦੇ ਖ਼ਾਸ ਹਾਲਾਤ ਅਤੇ ਸਾਡੇ ਸੁਭਾਵਾਂ ਅਨੁਸਾਰ ਹੀ ਹੁੰਦਾ ਹੈ। ਇਹੋ ਸਾਡੇ ਯਤਨਾਂ ਦੀ ਅਗਵਾਈ ਕਰਦਾ ਹੈ ਕਿ ਅਸੀਂ ਸੰਸਾਰ ਨਾਲ ਆਪਣੇ ਸੰਬੰਧ ਸੰਸਾਰ ਨੂੰ ਆਪਣੇ ਅਧੀਨ ਕਰਨ ਲਈ ਬਣਾਉਂਦੇ ਹਾਂ ਜਾਂ ਇਸ ਨਾਲ ਏਕਤਾ ਦੀ ਸਾਂਝ ਪਾਉਣ ਲਈ ਅਰਥਾਤ ਇਸ ਉੱਤੇ ਆਪਣੀ ਤਾਕਤ ਖੜ੍ਹੀ ਕਰਨ ਲਈ ਜਾਂ ਇਸ ਨਾਲ ਹਮਦਰਦੀ ਬਣਾਉਣ ਲਈ ਅਤੇ ਇਸ ਤਰ੍ਹਾਂ ਆਪਣੀ ਜੀਵਨ-ਹੋਂਦ ਦੀ ਸੱਚਾਈ ਪ੍ਰਾਪਤ ਕਰਦਿਆਂ, ਅਸੀਂ ਜਾਂ ਤਾਂ ਦਵੈਤ ਦੇ ਨਿਯਮ 'ਤੇ ਜ਼ੋਰ ਦੇ ਰਹੇ ਹੁੰਦੇ ਹਾਂ ਜਾਂ ਏਕਤਾ ਦੇ ਨਿਯਮ 'ਤੇ। ਭਾਰਤ ਦੇ ਦਾਨਿਆਂ ਨੇ ਉਪਨਿਸ਼ਦਾਂ ਵਿੱਚ ਫ਼ੈਸਲਾ ਦਿੱਤਾ ਹੈ ਕਿ ਸਾਡੀ ਆਤਮਾ ਦੀ ਕਲਿਆਣ ਇਸ ਦੀ ਏਕਤਾ ਦੀ ਅੰਤਮ ਸੱਚਾਈ ਪ੍ਰਾਪਤ ਕਰਨ ਵਿੱਚ ਹੈ। ਉਹ ਇਉਂ ਕਹਿੰਦੇ ਸਨ:—"ਭਰਾਵੋ! ਇਹ ਗੱਲ ਮੰਨ ਲਵੋ ਕਿ ਇਸ ਚਲਦੀ ਦੁਨੀਆਂ ਵਿੱਚ ਜੋ ਵੀ ਚੱਲ ਰਿਹਾ ਹੈ, ਹੁਕਮ ਅੰਦਰ ਹੀ ਹੈ ਅਤੇ ਤੁਸੀਂ ਤਿਆਗ ਰਾਹੀਂ ਅਨੰਦ ਪ੍ਰਾਪਤ ਕਰੋ, ਮਾਲਕੀ ਦੀ ਭੁੱਖ ਰਾਹੀਂ ਨਹੀਂ।" ਮਹਿਰਿਸ਼ੀ ਰਾਬਿੰਦਰਾ ਨਾਥ ਟੈਗੋਰ ਦੀ ਅੰਗਰੇਜ਼ੀ ਪੁਸਤਕ **CREATIVE UNITY** ਰਚਨਾਤਮਿਕ ਏਕਤਾ ਪੁਸਤਕ ਵਿੱਚੋਂ)।

ਟੈਗੋਰ ਜੀ ਦਾ ਭਾਵ ਇਹ ਹੈ ਕਿ ਭਾਰਤ ਦੀ ਧਾਰਮਿਕ ਵਿੱਦਿਆ ਦਾ ਅਸਰ ਇਹ ਸੀ ਕਿ ਉਨ੍ਹਾਂ ਦੀ ਨਿਗ੍ਹਾ ਏਕਤਾ ਵਾਲੀ ਹੋ ਜਾਂਦੀ ਸੀ। ਸਾਰਾ ਸੰਸਾਰ ਉਨ੍ਹਾਂ ਦਾ ਆਪਣਾ ਟੱਬਰ ਬਣ ਜਾਂਦਾ ਸੀ ਤੇ ਸੰਸਾਰ ਸੇਵਾ ਜੀਵਨ ਆਦਰਸ਼। ਜਿਸ ਗੱਭਰੂ ਦੇ ਸਿਰ ਉੱਤੇ ਮਾਂ-ਬਾਪ ਤੇ ਭੈਣਾਂ-ਭਰਾਵਾਂ ਦੀ

ਪਾਲਣਾ ਦੀ ਜ਼ਿੰਮੇਵਾਰੀ ਹੋਵੇ ਉਹ ਆਪਣੇ ਵੱਲੋਂ ਵੱਧ ਤੋਂ ਵੱਧ ਉੱਦਮ ਕਰਦਾ ਹੈ, ਨਹੀਂ ਤਾਂ ਉਹ ਅਵੇਸਲਾ ਹੋ ਸਕਦਾ ਹੈ ਤੇ ਉਸ ਦੀਆਂ ਸ਼ਕਤੀਆਂ ਉਸ ਦੇ ਅੰਦਰ ਹੀ ਲੁਕੀਆਂ ਰਹਿ ਸਕਦੀਆਂ ਹਨ । ਇਸ ਦਾ ਅਰਥ ਇਹ ਹੋਇਆ ਕਿ ਸੰਸਾਰ ਦੇ ਜੀਵਾਂ ਦਾ ਜਿੰਨਾ ਵੀ ਭਾਰ ਕੋਈ ਬੰਦਾ ਆਪਣੇ ਸਿਰ 'ਤੇ ਚੁੱਕਦਾ ਹੈ ਓਨਾ ਹੀ ਉਸ ਦੀਆਂ ਸ਼ਕਤੀਆਂ ਦਾ ਵਿਕਾਸ ਹੋਣਾ ਚਾਹੀਦਾ ਹੈ ਤੇ ਉਸ ਨੂੰ ਰਚਨਾਤਮਿਕਤਾ ਦੇ ਰਾਹ 'ਤੇ ਤੁਰਨਾ ਚਾਹੀਦਾ ਹੈ । ਈਸ਼ੋਪਨਿਸ਼ਦ ਦਾ ਉੱਤੇ ਆਇਆ ਸਲੋਕ ਬੰਦੇ ਦੀ ਸੰਸਾਰ ਦੇ ਸਾਰੇ ਜੀਵਾਂ ਨਾਲ ਦੁੱਖ-ਸੁੱਖ ਦੀ ਸਾਂਝ ਪਾ ਕੇ ਉਸ ਨੂੰ ਰਚਨਾਤਮਿਕਤਾ ਦੇ ਰਾਹ 'ਤੇ ਤੋਰਦਾ ਹੈ ਤੇ ਇਸ ਤਰ੍ਹਾਂ ਇਸ ਦੀਆਂ ਮਨ, ਬੁੱਧੀ ਤੇ ਸਰੀਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਕਾਰਨ ਬਣਦਾ ਹੈ ।

ਅਸੀਂ ਜੀਵਨ ਦੇ ਅੰਦਰ ਖ਼ਾਸ-ਖ਼ਾਸ ਤੇ ਨਾ ਛੱਡੇ ਜਾਣ ਵਾਲੇ ਕੰਮ ਨੂੰ ਕਰਨ ਵਾਲੇ ਬਣੇ ਰਹਿੰਦੇ ਹਾਂ । ਅਸੀਂ ਖਾਂਦੇ ਹਾਂ, ਪੀਂਦੇ ਹਾਂ, ਸੌਂਦੇ ਹਾਂ, ਕੰਮਾਂ ਵਿੱਚ ਲੱਗਦੇ ਹਾਂ ਅਤੇ ਬੱਚੇ ਜੰਮਦੇ ਹਾਂ, ਅਸੀਂ ਕਰਮ ਕਰਦੇ ਹਾਂ ਅਤੇ ਪ੍ਰਤੀਕਰਮ ਕਬੂਲਦੇ ਹਾਂ, ਅਸੀਂ ਆਪਣੀ ਜ਼ਿੰਦ ਤੋਂ ਉਪਜੇ ਸ਼ੱਕਾਂ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਾਂ, ਅਸੀਂ ਸੁੱਖ ਭਾਲਦੇ ਹਾਂ ਅਤੇ ਦੁੱਖਾਂ ਤੋਂ ਬਚਣਾ ਚਾਹੁੰਦੇ ਹਾਂ । ਇਸ ਤੋਂ ਛੁੱਟ ਸਾਡੇ ਸਰੀਰਕ, ਜਜ਼ਬਾਤੀ ਅਤੇ ਮਾਨਸਿਕ ਜੀਵਨ ਦੇ ਸਾਰੇ ਕਾਰਜ ਬਾਰ-ਬਾਰ ਦੁਹਰਾਏ ਜਾਂਦੇ ਹਨ । ਸੱਚੀ ਗੱਲ ਇਹ ਹੈ ਕਿ ਸਾਡੀ ਸਾਰੀ ਕਾਰਗੁਜ਼ਾਰੀ ਇਕ ਬੱਝਵੇਂ ਮਾਨਸਿਕ ਢਾਂਚੇ ਤੋਂ ਆਪਣਾ ਰੁਖ਼ ਲੈਂਦੀ ਹੈ ਤੇ ਇਕ ਖ਼ਾਸ ਨਮੂਨੇ ਦੀ ਹੋ ਕੇ ਚੱਲਦੀ ਹੈ । ਕੰਮਾਂ ਦੇ ਬਾਰ-ਬਾਰ ਦੁਹਰਾਣ ਨਾਲ ਸਾਡਾ ਜੀਵਨ ਆਖ਼ਿਰਕਾਰ ਇਕੋ ਤਰ੍ਹਾਂ ਦਾ ਅਤੇ ਮਸ਼ੀਨ ਵਾਂਗ ਆਪ ਮੁਹਾਰਾ ਚੱਲਣ ਵਾਲਾ ਬਣ ਜਾਂਦਾ ਹੈ । ਛੇਤੀ ਜਾਂ ਦੇਰ ਨਾਲ ਅਸੀਂ ਨਿਰੀ ਮਜਬੂਰੀ ਦੀ ਭਾਲ ਹੇਠ ਆਪਣੇ ਆਪ ਨੂੰ ਲੰਮਾ ਪਾ ਦੇਂਦੇ ਹਾਂ, ਭਾਵੇਂ ਇਹ ਸਮਾਜਿਕ, ਦਿਮਾਗ਼ੀ ਜਾਂ ਆਰਥਿਕ ਹੋਵੇ ਤੇ ਭਾਵੇਂ ਜ਼ਿੰਦ ਦੇ ਕਾਰਨ ।

ਪਰ ਰਚਨਾਤਮਿਕ ਜੀਵਨ ਉੱਤਲੇ ਨਮੂਨੇ ਦੇ ਜੀਵਨ ਤੋਂ ਨਿਰਸੰਦੇਹ ਵੱਖਰਾ ਹੋ ਕੇ ਚੱਲਦਾ ਹੈ । ਇਹ ਮਜਬੂਰੀ ਦੀ ਚਾਲ ਤੋਂ ਉਤਾਂਹ ਹੋ ਕੇ ਰਹਿੰਦਾ ਹੈ । ਇਹ ਜੀਵਨ ਦੇ ਅੰਦਰ ਅਚਨਚੇਤ ਵਾਪਰਦੇ ਵਾਕਿਆਤ ਤੋਂ ਬਣਦਾ ਹੈ ਜਿਵੇਂ ਕਈ ਬੇਮਿਸਾਲ ਸਮਿਆਂ ਦਾ ਸਾਡੇ ਮਨਾਂ 'ਤੇ ਪਿਆ ਪ੍ਰਭਾਵ ਅਣਪਛਾਤਿਆਂ ਦੇ ਮੇਲ ਜਾਂ ਅਚਾਨਕ ਹੋਏ ਅੰਤਰ ਆਤਮ ਇਲਹਾਮ । ਇਹ ਗੱਲਾਂ ਹਨ ਕੁਝ ਦੇਣ ਦੀਆਂ ਤੇ ਕੁਝ ਲੈਣ ਦੀਆਂ, ਸਾਡੇ ਮਨਾਂ ਦੀਆਂ



ਡੂੰਘਿਆਈਆਂ ਵਿੱਚ ਜੋ ਭਾਰਾ ਭੰਡਾਰ ਵੱਧ ਪਿਆ ਹੁੰਦਾ ਹੈ ਇਹ ਉਸ ਨੂੰ ਬਾਹਰ ਉਛਾਲਦਾ ਹੈ । ਰਚਨਾਤਮਿਕਤਾ ਕੁਝ ਅਜਿਹੀ ਵਸਤ ਹੈ ਜਿਸ ਦੀ ਤਸ਼ਰੀਹ ਜਾਂ ਵਿਆਖਿਆ ਤਾਂ ਨਹੀਂ ਕੀਤੀ ਜਾ ਸਕਦੀ ਪਰ ਇਹ ਜੀਵਨ ਨੂੰ ਸ਼ੋਭਾ, ਖ਼ੂਬਸੂਰਤੀ ਤੇ ਬਾਂਕਾਪਨ ਦਿੰਦੀ ਹੈ । ਰਚਨਾਤਮਿਕ ਜੀਵਨ ਤੋਂ ਹੀ ਜੀਵਨ ਦੀਆਂ ਸਾਰੀਆਂ ਉਸਾਰੂ ਕੀਮਤਾਂ ਉਪਜਦੀਆਂ ਹਨ । ਇਸ ਦੁਆਰਾ ਹੀ ਅਸੀਂ ਆਪਣੀ ਹੋਂਦ ਦੀਆਂ ਅਤੇ ਆਪਣੇ ਆਲੇ-ਦੁਆਲੇ ਦੇ ਬਹੁਰੰਗੀ ਬ੍ਰਹਿਮੰਡਾਂ ਦੀਆਂ ਬਹੁ-ਪੱਖੀ ਸ਼ਕਤੀਆਂ ਨੂੰ ਪ੍ਰਾਪਤ ਕਰ ਸਕਦੇ ਹਾਂ ਤੇ ਉਨ੍ਹਾਂ ਤੋਂ ਆਨੰਦ ਕੱਢ ਸਕਦੇ ਹਾਂ: **ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣ ਪਾਈਐ ॥ (ਅੰਗ ੨੬)** ਦਇਆ ਦੇ ਭਾਵ ਦਾ ਮਨੁੱਖੀ ਹਿਰਦੇ ਨਾਲ ਕੀ ਸੰਬੰਧ ਹੈ ਤੇ ਇਸ ਨੂੰ ਮਨੁੱਖੀ ਹਿਰਦੇ ਵਿੱਚ ਪ੍ਰਫੁੱਲਿਤ ਕਰਨ ਲਈ ਸਿੱਖ ਸੱਭਿਆਚਾਰ ਆਪਣੇ ਅੰਦਰ ਕੀ ਕੁਝ ਰੱਖਦਾ ਹੈ, ਇਸ ਨੂੰ ਦੱਸਣ ਲਈ ਮੈਂ ਇਕ ਵੱਖਰਾ ਟਰੈਕਟ ਛਾਪ ਰਿਹਾ ਹਾਂ । ਜਿਸ ਵਿੱਚ ਸ੍ਰੀ ਗੁਰੂ ਰਾਮ ਦਾਸ ਜੀ ਦੇ ਸ਼ਬਦ 'ਗੁਰ ਸਤਿਗੁਰ ਕਾ ਜੋ ਸਿਖ ਅਖਾਏ 'ਤੇ ਭਾਈ ਗੁਰਦਾਸ ਜੀ ਦੀ ਵਾਰ ਦੀ ਪਉੜੀ 'ਗੁਰ ਸਿੱਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨਾਵੰਦਾ' ਦੀ ਵਿਆਖਿਆ ਹੋਵੇਗੀ । ਇਸ ਤੋਂ ਛੁੱਟ ਇਸ ਕਿਤਾਬਚੇ ਵਿੱਚ ਦਿੱਤੇ ਗਏ ਟੈਗੋਰ ਜੀ ਦੇ ਲੇਖਾਂ ਵਰਗੇ ਕਈ ਅੰਗਰੇਜ਼ੀ ਹਵਾਲੇ ਸਮੇਤ ਪੰਜਾਬੀ ਤਰਜਮਿਆਂ ਦੇ, ਵਿੱਚ ਦਿੱਤੇ ਜਾ ਰਹੇ ਹਨ । —ਭਗਤ ਪੂਰਨ ਸਿੰਘ

ਨੋਟ: ਪਰਉਪਕਾਰੀ ਦਾ ਜੀਵਨ ਬਤੀਤ ਕਰਨ ਨਾਲ ਮਨੁੱਖ ਦੇ ਜੀਵਨ ਦਾ ਵਿਕਾਸ ਕਿਸ ਹੱਦ ਤਕ ਹੋ ਸਕਦਾ ਹੈ ਇਸ ਗੱਲ ਦਾ ਪਤਾ ਇਕ ਅੰਗਰੇਜ਼ ਵਿਦਵਾਨ ਬ੍ਰਿੰਬਲ ਦੇ 'ਆਤਮਾ ਦੀ ਸਭ ਤੋਂ ਗਹਿਰੀ ਲੋੜ' ਸਿਰਲੇਖ ਹੇਠ ਪੰਨਾ ੬੩ 'ਤੇ ਛਪੇ ਹੋਏ ਲੇਖ ਤੋਂ ਲੱਗਦਾ ਹੈ ।

—ਭਗਤ ਪੂਰਨ ਸਿੰਘ

ੴ ਸਤਿਗੁਰ ਪ੍ਰਸਾਦਿ॥

## ਸਲੋਕ ਮਹਲਾ ੧ ॥

੧. ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
੨. ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
੩. ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥
੪. ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥
੫. ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥

੬. ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥
੭. ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
੮. ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥
੯. ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥
੧੦. ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥
੧੧. ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
੧੨. ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥

(ਅੰਗ ੪੬੮)

## ਸਲੋਕ ਮਹਲਾ ੧

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥
ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥
ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥
ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥

(ਅੰਗ ੧੨੪੫)

## ਭੈਰਉ ਮਹਲਾ ੫

ਸਤਿਗੁਰਿ ਮੋ ਕਉ ਕੀਨੋ ਦਾਨੁ ॥
ਅਮੋਲ ਰਤਨੁ ਹਰਿ ਦੀਨੋ ਨਾਮੁ ॥
ਸਹਜ ਬਿਨੋਦ ਚੋਜ ਆਨੰਤਾ ॥
ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ॥੧॥
ਕਹੁ ਨਾਨਕ ਕੀਰਤਿ ਹਰਿ ਸਾਚੀ ॥
ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ॥੧॥ਰਹਾਉ॥
ਅਚਿੰਤ ਹਮਾਰੈ ਭੋਜਨ ਭਾਉ ॥
ਅਚਿੰਤ ਹਮਾਰੈ ਲੀਚੈ ਨਾਉ ॥
ਅਚਿੰਤ ਹਮਾਰੈ ਸ਼ਬਦਿ ਉਧਾਰ ॥
ਅਚਿੰਤ ਹਮਾਰੈ ਭਰੇ ਭੰਡਾਰ॥੨॥
ਅਚਿੰਤ ਹਮਾਰੈ ਕਾਰਜ ਪੂਰੇ ॥



ਅਚਿੰਤ ਹਮਾਰੈ ਲਥੇ ਵਿਸੂਰੇ ॥
ਅਚਿੰਤ ਹਮਾਰੈ ਬੈਰੀ ਮੀਤਾ ॥
ਅਚਿੰਤੋ ਹੀ ਇਹੁ ਮਨੁ ਵਸਿ ਕੀਤਾ॥੩॥
ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥
ਅਚਿੰਤ ਹਮਾਰੀ ਪੂਰਨ ਆਸਾ ॥
ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥
ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ॥੪॥
ਅਚਿੰਤ ਹਮਾਰੇ ਬਿਨਸੇ ਬੈਰ ॥
ਅਚਿੰਤ ਹਮਾਰੇ ਮਿਟੇ ਅੰਧੇਰ ॥
ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥
ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ॥੫॥
ਅਚਿੰਤ ਮਿਟਿਓ ਹੈ ਸਗਲੋ ਭਰਮਾ ॥
ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ ॥
ਅਚਿੰਤ ਹਮਾਰੈ ਅਨਹਤ ਵਾਜੈ ॥
ਅਚਿੰਤ ਹਮਾਰੈ ਗੋਬਿੰਦੁ ਗਾਜੈ॥੬॥
ਅਚਿੰਤ ਹਮਾਰੈ ਮਨੁ ਪਤੀਆਨਾ ॥
ਨਿਹਚਲ ਧਨੀ ਅਚਿੰਤੁ ਪਛਾਨਾ ॥
ਅਚਿੰਤੋ ਉਪਜਿਓ ਸਗਲ ਬਿਬੇਕਾ ॥
ਅਚਿੰਤ ਚਰੀ ਹਥਿ ਹਰਿ ਹਰਿ ਟੇਕਾ ॥੭॥
ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥
ਅਚਿੰਤ ਮਿਲਿਓ ਪ੍ਰਭੁ ਠਾਕੁਰੁ ਏਕੁ ॥
ਚਿੰਤ ਅਚਿੰਤਾ ਸਗਲੀ ਗਈ ॥
ਪ੍ਰਭ ਨਾਨਕ ਨਾਨਕ ਨਾਨਕ ਮਈ॥੮॥

(ਅੰਗ ੧੧੫੭)

## ਆਸਾ ਮਹਲਾ ੫॥

ਅਨਿਕ ਭਾਂਤਿ ਕਰਿ ਸੇਵਾ ਕਰੀਐ ॥
ਜੀਉ ਪ੍ਰਾਨ ਧਨੁ ਆਗੈ ਧਰੀਐ ॥
ਪਾਨੀ ਪਖਾ ਕਰਉ ਤਜਿ ਅਭਿਮਾਨੁ ॥
ਅਨਿਕ ਬਾਰ ਜਾਈਐ ਕੁਰਬਾਨੁ॥੧॥

ਸਾਈ ਸੁਹਾਗਣਿ ਜੋ ਪ੍ਰਭ ਭਾਈ ॥
ਤਿਸੁ ਕੈ ਸੰਗਿ ਮਿਲਉ ਮੇਰੀ ਮਾਈ॥੧॥ਰਹਾਉ॥
ਦਾਸਨਿ ਦਾਸੀ ਕੀ ਪਨਿਹਾਰਿ ॥
ਉਨ੍ ਕੀ ਰੇਣੁ ਬਸੈ ਜੀਅ ਨਾਲਿ ॥
ਮਾਥੈ ਭਾਗੁ ਤ ਪਾਵਉ ਸੰਗੁ ॥
ਮਿਲੈ ਸੁਆਮੀ ਅਪੁਨੈ ਰੰਗਿ ॥੨॥
ਜਾਪ ਤਾਪ ਦੇਵਉ ਸਭ ਨੇਮਾ ॥
ਕਰਮ ਧਰਮ ਅਰਪਉ ਸਭ ਹੋਮਾ ॥
ਗਰਬੁ ਮੋਹੁ ਤਜਿ ਹੋਵਉ ਰੇਨ ॥
ਉਨ੍ ਕੈ ਸੰਗ ਦੇਖਉ ਪ੍ਰਭੁ ਨੈਨ ॥੩॥
ਨਿਮਖ ਨਿਮਖ ਏਹੀ ਆਰਾਧਉ ॥
ਦਿਨਸੁ ਰੈਣਿ ਏਹ ਸੇਵਾ ਸਾਧਉ ॥
ਭਏ ਕ੍ਰਿਪਾਲ ਗੁਪਾਲ ਗੋਬਿੰਦ ॥
ਸਾਧਸੰਗਿ ਨਾਨਕ ਬਖਸਿੰਦ ॥੪॥੩੩॥

(ਅੰਗ ੩੯੧)

## ਸੂਹੀ ਮਹਲਾ ੫॥

ਤੂੰ ਜੀਵਨੁ ਤੂੰ ਪ੍ਰਾਨ ਆਧਾਰਾ ॥
ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥੧॥
ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥
ਚਿਤਹਿ ਨ ਬਿਸਰਹਿ ਕਾਹੂ ਬੇਰਾ॥੧॥ਰਹਾਉ॥
ਬੈ ਖਰੀਦੁ ਹਉ ਦਾਸਰੋ ਤੇਰਾ ॥
ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥
ਕੋਟਿ ਦਾਸ ਜਾ ਕੈ ਦਰਬਾਰੇ ॥
ਨਿਮਖ ਨਿਮਖ ਵਸੈ ਤਿਨ੍ ਨਾਲੇ ॥੩॥
ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥
ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥

(ਅੰਗ ੭੩੯)

ਸਰੀਰ, ਦਿਮਾਗ਼ ਤੇ ਹਿਰਦੇ ਦੀਆਂ ਪਹਿਲੇ ਦਰਜੇ ਦੀਆਂ ਸ਼ਕਤੀਆਂ ਵਾਲੀ ਵੀਹਾਂ ਸਾਲਾਂ ਦੀ ਉਮਰ ਵਿੱਚ ਮੈਨੂੰ ਗੁਰਦਵਾਰਾ ਡੇਹਰਾ ਸਾਹਿਬ ਸ੍ਰੀ ਗੁਰੂ



ਅਰਜਨ ਦੇਵ ਜੀ ਲਾਹੌਰ ਦੇ ਮਹੰਤ ਸਾਹਿਬ ਭਾਈ ਸਾਹਿਬ ਭਾਈ ਤੇਜਾ ਸਿੰਘ ਜੀ ਨੇ ਆਪਣੇ ਗੁਰਦੁਆਰੇ ਦੀ ਛਤਰ-ਛਾਇਆ ਹੇਠ ਪ੍ਰਾਣੀ-ਮਾਤਰ ਦੀ ਸੇਵਾ ਲਈ ਸੰਨ ੧੯੨੪ ਵਿੱਚ ਭਰਤੀ ਕੀਤਾ । ਸਿੱਖ ਗੁਰਦਵਾਰੇ ਮਨੁੱਖਤਾ ਦੀ ਘਾੜਤ ਦੇ ਕਾਰਖ਼ਾਨੇ ਹੁੰਦੇ ਹਨ। ਇਕ ਪਿੰਡ ਦੇ ਜੱਟ ਕਿਸਾਨ ਜ਼ਿੰਮੀਦਾਰ ਦੀ ਧੀ ਮੇਰੀ ਮਾਂ ਸੀ ਜਿਸ ਨੂੰ ਸਰੀਰ, ਬੁੱਧੀ ਤੇ ਹਿਰਦੇ ਦੀਆਂ ਅਦੁੱਤੀ ਸ਼ਕਤੀਆਂ ਆਪਣੀ ਪਾਲਣਾ ਵਿੱਚ ਮਿਲੀਆਂ ਸਨ । ਮੇਰੇ ਜਨਮ ਦੇ ਸਮੇਂ ਮੇਰਾ ਪਿਤਾ ਇਕ ਪਿੰਡ ਵਿੱਚ ਸ਼ਾਹੂਕਾਰ ਸੀ । ਖੁੱਲ੍ਹਾ ਮਕਾਨ, ਦੁੱਧ, ਘਿਓ, ਗੰਨਾ, ਮਕੱਈ ਦੀ ਛੱਲੀ, ਮੂਲੀ, ਗਾਜਰ, ਬੇਰ, ਸਰ੍ਹੋਂ ਦਾ ਸਾਗ, ਹਰ ਵਸਤ ਉਸਦੇ ਦੇਸੀ ਰੂਪ ਵਿੱਚ ਮੈਨੂੰ ਰੱਜਵੀਂ ਮਿਲਦੀ ਸੀ । ਇਸ ਤਰ੍ਹਾਂ ਮੈਂ ਆਪਣੀਆਂ ਸਰੀਰ, ਬੁੱਧੀ ਤੇ ਹਿਰਦੇ ਦੀਆਂ ਸ਼ਕਤੀਆਂ ਵੱਲੋਂ ਪੰਜਾਬ ਦਾ ਪਹਿਲੇ ਨੰਬਰ ਦਾ ਮੁੰਡਾ ਸਾਂ । ਮੇਰਾ ਚੇਤਾ-ਸ਼ਕਤੀ ਦੇਖ ਕੇ ਮੇਰਾ ਹੈੱਡ-ਮਾਸਟਰ ਹੈਰਾਨ ਰਹਿ ਗਿਆ ਸੀ । ਦੁੱਧ-ਘਿਉ ਸਾਡੇ ਘਰ ਵਿੱਚ ਪਾਣੀ ਦੇ ਬਰਾਬਰ ਸਨ । ਦਸਵੀਂ ਜਮਾਤ ਦਾ ਇਮਤਿਹਾਨ ਦੇਣ ਤੋਂ ਪਿੱਛੋਂ ਜਿਹੜਾ ਮੇਰਾ ਡੇਢ ਮਹੀਨੇ ਦਾ ਸਮਾਂ ਨਤੀਜੇ ਨੂੰ ਉਡੀਕਣ ਵਿੱਚ ਲੰਘਣਾ ਸੀ ਉਸ ਦੀ ਵਰਤੋਂ ਲਈ ਮੈਨੂੰ ਸ: ਹਰਨਾਮ ਸਿੰਘ ਜੀ ਆਟੇ ਵਾਲੇ ਨੇ ਉਪਦੇਸ਼ ਦਿੱਤਾ ਸੀ ਕਿ ਕਾਕਾ ਤੂੰ ਅੱਜਕੱਲ੍ਹ ਵਿਹਲਾ ਰਹਿੰਦਾ ਹੈਂ, ਤੂੰ ਇਸ ਵਿਹਲ ਦੇ ਸਮੇਂ ਗੁਰਦਵਾਰਾ ਡੇਹਰਾ ਸਾਹਿਬ ਜਾ ਕੇ ਸੇਵਾ ਕਰਕੇ ਗੁਜ਼ਾਰਿਆ ਕਰ ਤੇ ਰਾਤ ਨੂੰ ਘਰ ਮੁੜ ਆਇਆ ਕਰ । ਮੇਰੀ ਮਾਂ ਉਨ੍ਹਾਂ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰਦੀ ਸੀ । ਸ੍ਰ. ਹਰਨਾਮ ਸਿੰਘ ਜੀ ਨੇ ਮੈਨੂੰ ਕਿਹਾ ਕਿ ਕਾਕਾ ਜ਼ਿੰਦਗੀ ਵਿੱਚ ਜੋ ਕੁਝ ਕਿਸੇ ਨੂੰ ਮਿਲਦਾ ਹੈ ਉਹ ਗੁਰੂ ਘਰ ਤੋਂ ਹੀ ਮਿਲਦਾ ਹੈ । ਆਪਣੇ ਬਾਰੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਆਟਾ ਛਾਣਨ ਦੀ ਨੌਕਰੀ ਮੈਂ ਪੰਜ ਰੁਪਏ ਮਹੀਨੇ 'ਤੇ ਕਰਦਾ ਸਾਂ, ਅੱਜ ਮੈਂ ਅਮੀਰ ਆਦਮੀ ਹਾਂ ਤੇ ਵੱਡੀ ਰਕਮ ਦਾ ਆਮਦਨ ਟੈਕਸ ਦਿੰਦਾ ਹਾਂ । ਲੜਕਪਨ ਵੇਲੇ ਤੋਂ ਹੀ ਮੈਂ ਜਪੁ ਜੀ ਸਾਹਿਬ, ਸੁਖਮਨੀ ਸਾਹਿਬ ਜੈਸੀਆਂ ਬਾਣੀਆਂ ਦਾ ਪਾਠ ਕਰਿਆ ਕਰਦਾ ਸਾਂ ।

ਸਾਡੇ ਆਪਣੇ ਦੇਸ਼ ਵਿੱਚ ਧਰਮ ਦੀ ਗ਼ਲਤ ਪ੍ਰਚਾਰੀ ਜਾਂਦੀ ਤਾਲੀਮ ਦਾ ਇਹ ਸਿੱਟਾ ਸੀ ਕਿ ਜੋ ਲੋਕ ਰੂਹਾਨੀ ਜੀਵਨ ਦੇ ਢੁੰਡਾਊ ਹੁੰਦੇ ਸਨ, ਉਹ ਜਗਤ ਦੀਆਂ ਜ਼ਿੰਮੇਵਾਰੀਆਂ ਨੂੰ ਕੁਝ ਘਟੀਆ ਜਿਹੀ ਚੀਜ਼ ਸਮਝ ਕੇ ਲਾਂਭੇ ਹੋ ਜਾਂਦੇ ਸਨ । ਉਹ ਕਹਿੰਦੇ ਸਨ ਕਿ ਦੁਨੀਆਂ ਤਾਂ ਦੁੱਖਾਂ ਦਾ ਚਿੱਕੜ ਹੈ, ਜੋ ਇਸ ਵਿੱਚ ਪੈਂਦਾ ਹੈ ਉਹ ਆਪਣੇ ਆਪ ਨੂੰ ਬਰਬਾਦੀ ਦੇ ਰਾਹ 'ਤੇ ਤੋਰਦਾ

ਹੈ । ਉਨ੍ਹਾਂ ਦਾ ਖ਼ਿਆਲ ਹੈ ਕਿ ਆਪਣੀ ਕਲਿਆਣ ਲਈ ਕੀਤੇ ਜਪ, ਤਪ ਆਦਿਕ ਸਾਧਨ ਪਹਾੜਾਂ, ਜੰਗਲਾਂ ਤੇ ਕੰਦਰਾਂ ਆਦਿਕ ਥਾਵਾਂ ਤੋਂ ਲਾਂਭੇ ਰਹਿ ਕੇ ਹੀ ਨੇਪਰੇ ਚੜ੍ਹਦੇ ਹਨ ਅਤੇ ਸਫਲ ਜੀਵਨ ਦਾ ਸਭ ਤੋਂ ਚੰਗਾ ਰਾਹ ਇਹੋ ਹੀ ਹੈ, ਬਾਕੀ ਸਭ ਹਨੇਰਾ ਤੇ ਭੁਲੇਖਾ ਹੈ । ਗੁਰੂ ਸਾਹਿਬ ਇਸ ਤਾਲੀਮ ਨੂੰ ਮੂਲੋਂ ਹੀ ਗ਼ਲਤ ਸਮਝਦੇ ਸਨ । ਉਹਨਾਂ ਦੀ ਨਜ਼ਰ ਵਿੱਚ ਇਹ ਇਕ ਤਰ੍ਹਾਂ ਦੀ ਖ਼ੁਦਗਰਜ਼ੀ ਸੀ, ਭਾਵੇਂ ਨੀਵੀਂ ਤਰ੍ਹਾਂ ਦੀ ਖ਼ੁਦਗ਼ਰਜ਼ੀ ਨਹੀਂ ਸੀ ਕਿ ਮਨੁੱਖ ਕੇਵਲ ਆਪਣੀ ਉੱਨਤੀ ਦੇ ਫ਼ਿਕਰ ਵਿੱਚ ਦੁਨੀਆਂ ਅੰਦਰ ਵਰਤ ਰਹੇ ਹਾਲਾਤ ਤੇ ਇਸ ਵਿੱਚ ਕਈ ਤਰ੍ਹਾਂ ਦੇ ਹੋ ਰਹੇ ਧੱਕੇ ਤੇ ਜ਼ੋਰ ਜ਼ੁਲਮ ਵੇਖਦਾ ਹੋਇਆ ਉਹਨਾਂ ਵੱਲੋਂ ਅੱਖਾਂ ਮੀਟ ਲਵੇ । ਇਹ ਗੱਲ ਸਮਝ ਵਿੱਚ ਹੀ ਨਹੀਂ ਆਉਂਦੀ ਕਿ ਇਸ ਤਰ੍ਹਾਂ ਦਾ ਕੋਈ ਮਨੁੱਖ ਕਦੇ ਸਹੀ ਅਰਥਾਂ ਵਿੱਚ ਆਤਮਿਕ ਉੱਨਤੀ ਕਰ ਵੀ ਸਕਦਾ ਹੈ ? ਉਹ ਪੁਰਸ਼ ਤਾਂ ਨਿਰਾ ਠਰਿਆ ਹੋਇਆ ਹੈ ਤੇ ਨਿਰਜ਼ਿੰਦ ਹੈ ਜੋ ਦੂਜਿਆਂ ਦੀ ਪੀੜ ਆਪਣੀ ਪੀੜ ਨਹੀਂ ਸਮਝਦਾ । ਇਹ ਗੱਲ ਅਜੇ ਸਮਝ ਵਿੱਚ ਆ ਸਕਦੀ ਹੈ ਤੇ ਕਿਸੇ ਹੱਦ ਤਕ ਸ਼ਾਇਦ ਜ਼ਰੂਰੀ ਵੀ ਹੈ ਕਿ ਆਤਮ ਬਲ ਪ੍ਰਾਪਤ ਕਰਨ ਲਈ ਜਾਂ ਆਪਣੇ ਮਨ ਦੀ ਸ਼ਾਂਤੀ, ਸੁੱਖ ਤੇ ਕਲਿਆਣ ਲਈ ਕੁਝ ਸਮੇਂ ਲਈ ਕੋਈ ਲਾਂਭੇ ਹੋ ਕੇ ਜਪ ਤਪ ਦੀ ਸਾਧਨਾ ਕਰੇ । ਪਰ ਇਸ ਜਪ ਤਪ ਦਾ ਅਵੱਸ਼ ਸਿੱਟਾ ਸੇਵਾ ਵਿੱਚ ਨਿਕਲਣਾ ਚਾਹੀਦਾ ਹੈ ।

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**

ਅੰਗ ੩੮੧ (ਵਾਰ ਆਸਾ ਮਹਲਾ ੫)

ਅਰਥਾਤ—'ਜੋ ਪਹਿਲਾਂ ਆਪਣੇ ਮਨ ਨੂੰ ਸਮਝਾਉਂਦਾ ਹੈ ਉਹ ਇਸ ਗੱਲ ਦੇ ਯੋਗ ਹੋ ਜਾਂਦਾ ਹੈ ਕਿ ਉਹ ਦੂਜਿਆਂ ਨੂੰ ਸਮਝਾ ਕੇ ਉਹਨਾਂ ਦੀ ਤਸੱਲੀ ਕਰੇ ।'

ਪਰ ਦੁਨੀਆਂ ਤੋਂ ਹਟ ਜਾਣ ਨੂੰ ਬਾਕਾਇਦਾ ਤੇ ਹਰ ਸਮੇਂ ਲਈ ਇਕ ਅਟੱਲ ਧਾਰਮਿਕ ਨਿਸ਼ਚਾ ਬਣਾ ਲੈਣਾ ਤੇ ਸੇਵਾ ਦੇ ਮੈਦਾਨ ਆਣਾ ਹੀ ਨਾ, ਇਕ ਬੁਨਿਆਦੀ ਭੁਲੇਖਾ ਹੈ । ਸਹੀ ਅਰਥਾਂ ਵਿੱਚ ਧਾਰਮਿਕ ਉਹੋ ਹੁੰਦਾ ਹੈ ਅਤੇ ਉਸੇ ਦੀ ਆਤਮਾ ਪ੍ਰਫੁੱਲਿਤ ਹੁੰਦੀ ਹੈ ਜੋ ਸੇਵਾ ਦੇ ਮੈਦਾਨ ਵਿੱਚ ਆਉਂਦਾ ਹੈ । ਆਤਮਿਕ ਜੀਵਨ ਦੀ ਪਕਿਆਈ, ਪਰਖ ਤੇ ਸੋਧ ਲਈ ਦੁਨੀਆਂ ਦੇ ਸੇਵਾ-ਖੇਤਰ ਵਿੱਚ ਆਉਣਾ ਜ਼ਰੂਰੀ ਹੈ ਤੇ ਭਾਵੇਂ ਇਹ ਉਪਕਾਰ ਵੀ ਹੈ, ਪਰ ਆਪਣੀ ਉੱਨਤੀ ਲਈ ਵੀ ਇਹ ਜ਼ਰੂਰੀ ਹੈ । ਮਹਾਰਾਜ ਗੁਰੂ ਨਾਨਕ ਦੇਵ



ਜੀ ਦੇਸ਼ ਦੇ ਨੇਤਾਵਾਂ ਨੂੰ ਉਹਨਾਂ ਦੇ ਟਿਕਾਣਿਆਂ ਤੇ ਲੱਭ-ਲੱਭ ਕੇ ਮਿਲੇ ਤੇ ਉਹਨਾਂ ਨੂੰ ਸਮਝਾਇਆ ਕਿ ਤਿਆਗ ਦੀ ਇਹ ਵਿਚਾਰਧਾਰਾ ਠੀਕ ਨਹੀਂ! ਸੁਮੇਰ ਪਰਬਤ 'ਤੇ ਸਿੱਧਾਂ ਨਾਲ ਹੋਈ ਗੋਸ਼ਟੀ ਸਮੇਂ ਉਹਨਾਂ ਦੇ ਦਿਲ ਦੀ ਤੜਪ ਇਉਂ ਪ੍ਰਗਟ ਹੋਈ:

**"ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ । ਜੋਗੀ ਗਿਆਨ ਵਿਹੂਣਿਆ ਨਿਸ ਦਿਨ ਅੰਗਿ ਲਗਾਏ ਛਾਰਾ । ਬਾਝੁ ਗੁਰੂ ਡੁਬਾ ਜਗੁ ਸਾਰਾ ॥"**

(ਭਾਈ ਗੁਰਦਾਸ ਦੀ ਵਾਰ ਨੰ: ੧, ਪਉੜੀ ੨੯)

ਅਰਥਾਤ—"ਜਦ ਸਿਧ ਲੋਕ (ਕਮਾਈ ਵਾਲੇ ਲੋਕ) ਪਰਬਤਾਂ ਵਿੱਚ ਲੁਕ ਬੈਠੇ ਤਾਂ ਜਗਤ ਦਾ ਬਚਾਉ ਕਿਵੇਂ ਹੋਵੇਗਾ? ਇਹ ਅਖੌਤੀ ਗਿਆਨੀ ਪੁਰਸ਼ ਅਸਲ ਗਿਆਨ ਤੋਂ ਸੱਖਣੇ ਹਨ ਤੇ ਦਿਨ-ਰਾਤ ਸਰੀਰ ਤੇ ਸੁਆਹ ਮਲੀ ਫਿਰਦੇ ਹਨ । (ਇਸੇ ਨੂੰ ਧਰਮ) ਸਮਝੀ ਬੈਠੇ ਹਨ । ਨਿਰਸੰਦੇਹ, ਗੁਰੂ (ਸਹੀ-ਆਗੂ) ਤੋਂ ਬਿਨਾਂ ਜਗਤ ਡੁੱਬ ਰਿਹਾ ਹੈ।" ਗੁਰੂ ਸਾਹਿਬ ਦੀ ਨਜ਼ਰ ਵਿੱਚ ਧਰਮੀ ਉਹ ਹੈ:

**"ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥"** (ਗਉੜੀ ਮਹਲਾ ੫)

ਉਹ ਖ਼ੁਦ ਆਪ ਸਭ ਜਗਤ ਦੀ ਤੜਪ ਆਪਣੇ ਦਿਲ ਅੰਦਰ ਲਈ ਬੈਠੇ ਸਨ ਕਿਉਂਕਿ ਸਾਰਾ ਸੰਸਾਰ ਉਹਨਾਂ ਨੂੰ ਆਪਣਾ ਹੋ ਕੇ ਦਿੱਸਦਾ ਸੀ । ਘਰ ਬਾਹਰ ਤਿਆਗ ਕੇ ਉਹ ਦੇਸ਼-ਪ੍ਰਦੇਸ਼ ਪੈਦਲ ਚੱਲ ਪਏ ਸਨ । ਜ਼ਾਲਮਾਂ, ਮੁਤਅੱਸਬੀ ਪੁਰਸ਼ਾਂ, ਠੱਗਾਂ, ਪੰਡਤਾਂ, ਯੋਗੀਆਂ, ਵਿਦਵਾਨਾਂ, ਸਭ ਨੂੰ ਮਿਲ ਕੇ ਸਹੀ ਰਾਹ ਵਿਖਾਇਆ ਸੀ । ਥਾਂ-ਥਾਂ ਬਣੀਆਂ ਗੱਦੀਆਂ ਤੇ ਅੱਡੇ ਉਹਨਾਂ ਢਾਹੇ ਅਤੇ ਭਾਰੀਆਂ ਵਿਰੋਧਤਾਈਆਂ ਦੇ ਟਾਕਰੇ ਕੀਤੇ ਸਨ । ਬਗ਼ਦਾਦ ਦੇ ਵੱਡੇ ਪੀਰ ਨੇ ਉਹਨਾਂ ਨੂੰ ਸੰਗਸਾਰ (ਪੱਥਰਾਂ ਨਾਲ ਮਾਰੇ ਜਾਣ) ਕੀਤੇ ਜਾਣ ਦਾ ਫਤਵਾ ਵੀ ਦਿੱਤਾ ਸੀ, ਪਰ ਉਹ ਸਭ ਔਕੜਾਂ ਦੇ ਬਾਵਜੂਦ ਘਰ ਵਿੱਚ ਕਿਵੇਂ ਬੈਠ ਸਕਦੇ ਸਨ, ਜਦ ਸਾਰੀ ਦੁਨੀਆਂ ਉਹਨਾਂ ਦਾ ਘਰ ਹੋ ਗਿਆ ਸੀ । ਜਿੰਨਾ ਚਿਰ ਦੁਨੀਆਂ ਵਿੱਚ ਗ਼ਰੀਬੀ, ਬਿਮਾਰੀ, ਦੁੱਖ, ਰਾਜਸੀ ਧੱਕੇ, ਨਸਲੀ ਤੇ ਸਮਾਜਿਕ ਵਿਤਕਰੇ ਮੌਜੂਦ ਹਨ, ਕੋਈ ਨੇਕ ਤੇ ਸੱਚਾ ਮਨੁੱਖ ਚੈਨ ਨਾਲ ਕਿਵੇਂ ਬੈਠ ਸਕਦਾ ਹੈ? ਥੋਰੋ ਇਕ ਅਮਰੀਕਨ ਮਹਾਂਪੁਰਸ਼ ਹੋਇਆ ਹੈ ਜਿਸ ਨੂੰ ਸਰਕਾਰੀ ਟੈਕਸਾਂ ਵਿਰੁੱਧ ਆਵਾਜ਼ ਉਠਾਣ ਦੇ ਕਾਰਨ ਜੇਲ੍ਹ ਵਿੱਚ

ਸੁੱਟਿਆ ਗਿਆ ਸੀ । ਉਸ ਦਾ ਇਕ ਦੋਸਤ ਉਸ ਨੂੰ ਜੇਲ੍ਹ ਵਿੱਚ ਵੇਖ ਕੇ ਹੈਰਾਨ ਹੋ ਗਿਆ ਤੇ ਪੁੱਛਣ ਲੱਗਾ, "ਥੋਰੋ, ਤੂੰ ਜੇਲ੍ਹ ਵਿੱਚ ਕਿਉਂ ਹੈਂ?" ਥੋਰੋ ਨੇ ਉੱਤਰ ਦਿੱਤਾ, "ਭਰਾਵਾ, ਤੂੰ ਜੇਹਲੋਂ ਬਾਹਰ ਕਿਉਂ ਹੈਂ? ਥੋਰੋ ਦਾ ਮਤਲਬ ਇਹ ਸੀ ਕਿ ਜ਼ੋਰ ਜ਼ੁਲਮ ਦੀ ਮੌਜੂਦਗੀ ਵਿੱਚ ਕੋਈ ਨੇਕ ਆਦਮੀ ਚੁੱਪ ਕਿਵੇਂ ਰਹਿ ਸਕਦਾ ਹੈ? ਜੋ ਮਨੁੱਖ ਰੱਬ ਦੀ ਹਜ਼ੂਰੀ ਵਿੱਚ ਰਹਿਣਾ ਚਾਹੁੰਦਾ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਰੱਬ ਹਰ ਮਨੁੱਖ-ਮਾਤਰ ਦੇ ਅੰਦਰ ਵੱਸਦਾ ਹੈ, ਉਸ ਲਈ ਫਿਰ ਰੱਬ ਦੀ ਪੂਜਾ ਤੇ ਰੱਬ ਦੀ ਸੇਵਾ, ਮਨੁੱਖ-ਮਾਤਰ ਦੀ ਪੂਜਾ ਹੋ ਜਾਂਦੀ ਹੈ । ਜੋ ਲੋਕ ਮੂੰਹੋਂ ਤਾਂ ਰੱਬ-ਰੱਬ ਕਰੀ ਜਾਂਦੇ ਹਨ, ਪਰ ਰੱਬ ਦੇ ਬੰਦਿਆਂ ਦੀ ਸੇਵਾ ਨੂੰ ਜ਼ਰੂਰੀ ਨਹੀਂ ਸਮਝਦੇ ਉਹਨਾਂ ਦੀ ਸਹੀ ਸੋਚਣੀ ਹੀ ਗ਼ਲਤ ਹੈ ਤੇ ਉਹਨਾਂ ਦਾ ਰੱਬ-ਰੱਬ ਕੂਕਣਾ ਵੀ ਵਿਅਰਥ ਹੈ । ਉਹਨਾਂ ਅੰਦਰ ਅਣਦਿਸੇ ਰੱਬ ਦਾ ਪਿਆਰ ਕਿਵੇਂ ਉਤਪੰਨ ਹੋ ਸਕਦਾ ਹੈ ਜੇ ਉਹ ਦਿਸਦੇ ਉਹਦੇ ਬੰਦਿਆਂ ਨੂੰ ਪਿਆਰ ਨਹੀਂ ਕਰਦੇ? ਜਿਨ੍ਹਾਂ ਬੰਦਿਆਂ ਨੂੰ ਉਹ ਰੋਜ਼ ਵੇਖਦੇ ਹਨ, ਉਹਨਾਂ ਅੰਦਰ ਵੱਸਦੇ ਰੱਬ ਨੂੰ ਵੀ ਉਹ ਹਰ ਸਮੇਂ ਵੇਖ ਸਕਦੇ ਹਨ ਜੇ ਉਹਨਾਂ ਦੀ ਸੁਰਤੀ ਠੀਕ ਹੋਵੇ । ਇਸ ਵਿਚਾਰ ਦਾ ਨਿਚੋੜ ਇਹ ਹੈ ਕਿ ਧਾਰਮਿਕ ਜੀਵਨ ਲਈ ਸੇਵਾ ਜ਼ਰੂਰੀ ਹੈ, ਪਰ ਮੁੱਖ ਗੱਲ ਹੈ ਧਾਰਮਿਕ ਜੀਵਨ । ਇਹੋ ਕਾਰਨ ਹੈ ਕਿ ਮਹਾਰਾਜ ਸੇਵਾ 'ਤੇ ਏਨਾ ਜ਼ੋਰ ਦੇ ਕੇ ਵੀ ਉਸ ਸੇਵਾ ਦਾ ਕੋਈ ਮੁੱਲ ਨਹੀਂ ਸਮਝਦੇ ਜਿਸ ਦੀ ਬੁਨਿਆਦ ਅੰਦਰੂਨੀ ਧਾਰਮਿਕ ਜੀਵਨ ਨਹੀਂ ਜਾਂ ਜੋ ਉਸ ਜੀਵਨ ਦਾ ਸੂਚਕ ਨਹੀਂ । ਸੇਵਕ ਦੀ ਵਿਆਖਿਆ ਇਉਂ ਕਰਦੇ ਹਨ:-

**"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥"**

(ਅੰਗ ੪੬੬)

ਪਰਜਾ-ਤੰਤਰ ਦਾ ਰਾਜਸੀ ਢਾਂਚਾ ਤਾਂ ਹੀ ਸਫਲਤਾ ਨਾਲ ਚੱਲ ਸਕਦਾ ਹੈ ਜੇ ਇਸ ਢਾਂਚੇ ਦੇ ਅਧੀਨ ਰਹਿਣ ਵਾਲਾ ਹਰੇਕ ਬੰਦਾ ਹਰ ਜੀਵਨ ਵਿੱਚ ਰੱਬ ਵੱਸਦਾ ਵੇਖੇ ਤੇ ਰੱਬ ਤੋਂ ਡਰਦਾ ਹੋਇਆ ਹਰ ਜੀਵ ਦੇ ਦੁੱਖ ਨੂੰ ਆਪਣਾ ਦੁੱਖ ਸਮਝੇ ਤੇ ਹਰ ਜੀਵ ਦੇ ਦੁੱਖਾਂ ਨੂੰ ਦੂਰ ਕਰਨ ਲਈ ਓਨਾ ਹੀ ਉੱਦਮ ਕਰੇ ਜਿੰਨਾ ਉੱਦਮ ਉਹ ਆਪਣੇ ਦੁੱਖਾਂ ਨੂੰ ਦੂਰ ਕਰਨ ਲਈ ਕਰ ਸਕਦਾ ਹੋਵੇ । ਜੇ ਇਹ ਭਾਵਨਾ ਉਸ ਢਾਂਚੇ ਦੇ ਅਧੀਨ ਰਹਿਣ ਵਾਲੇ ਲੋਕਾਂ ਦੇ



ਦਿਲਾਂ ਵਿੱਚੋਂ ਦੂਰ ਹੋ ਜਾਵੇ ਤਾਂ ਉਹ ਢਾਂਚਾ ਹਾਰ ਜਾਇਆ ਕਰਦਾ ਹੈ ਤੇ ਉਸ ਦੀ ਥਾਂ 'ਤੇ ਦੇਸ਼ ਵਿੱਚ ਤਾਨਾਸ਼ਾਹੀ ਹਕੂਮਤ ਪੈਦਾ ਹੋ ਜਾਇਆ ਕਰਦੀ ਹੈ । ਮੈਂ ਇਸ ਪੁਸਤਕ ਵਿੱਚ **ਪੰਜ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ** ਜੀ ਦੇ ਦਿੱਤੇ ਹਨ । ਇਹ ਸ਼ਬਦ ਪਰਜਾ-ਤੰਤਰ ਦੇ ਰਾਜਸੀ ਢਾਂਚੇ ਨੂੰ ਸਫਲ ਕਰਾਉਣ ਵਾਲੇ ਹਨ ਤੇ ਮਨੁੱਖ ਨੂੰ ਆਲਸ ਦੀਆਂ ਗਿਰਾਵਟਾਂ ਤੋਂ ਉਠਾ ਕੇ ਤਿਆਰ-ਬਰ-ਤਿਆਰ ਤੇ ਸੰਸਾਰ ਦੇ ਭਲੇ ਲਈ ਦਿਨ ਰਾਤ ਨੱਠਣ-ਭੱਜਣ ਵਾਲੇ ਬਣਾਉਣ ਵਾਲੇ ਹਨ । ਮੈਂ ਇਸ ਸੰਬੰਧ ਵਿੱਚ ਕੁਝ ਹੋਰ ਸ਼ਬਦ ਲਿਖਣਾ ਚਾਹੁੰਦਾ ਸੀ ਪਰ ਸਮੇਂ ਦੀ ਘਾਟ ਕਾਰਨ ਮੈਂ ਅਜਿਹਾ ਨਹੀਂ ਕਰ ਸਕਿਆ ਕਿਉਂਕਿ ਮੈਨੂੰ ਹੋਰ ਅਨੇਕਾਂ ਲੇਖ ਲਿਖਣੇ ਤੇ ਪੜ੍ਹਨੇ ਪੈ ਰਹੇ ਹਨ । ਸਮਾਂ ਮਿਲਿਆ ਤਾਂ ਅਗਲੇ ਸੰਸਕਰਣ ਵਿੱਚ ਹੋਰ ਲਿਖ ਸਕਾਂਗਾ । ਜਿਹੜੇ ਲੇਖ ਮੈਂ ਪੜ੍ਹਦਾ ਰਹਿੰਦਾ ਹਾਂ ਉਹਨਾਂ ਵਿੱਚੋਂ ਕੁਝ ਮੈਂ ਇਸ ਪੁਸਤਕ ਵਿੱਚ ਦਿੱਤੇ ਹਨ । ਜਿਹੜੇ ਸੱਜਣ ਚਾਹੁੰਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਨੂੰ ਆਉਣ ਵਾਲੇ ਯਾਤਰੂਆਂ ਨੂੰ ਅਜਿਹੀਆਂ ਪੁਸਤਕਾਂ ਬਿਨਾਂ ਤੋਟ ਤੋਂ ਮੁਫ਼ਤ ਮਿਲਦੀਆਂ ਰਹਿਣ ਉਹ ਦਸਵੰਧ ਕੱਢਣ ਦੀ ਆਦਤ ਪਾਉਣ ਤਾਂ ਹੀ ਸਿੱਖੀ ਵਧੇ ਫੁੱਲੇਗੀ, ਸਿੱਖੀ ਦਾ ਪ੍ਰਚਾਰ ਹੋਵੇਗਾ ਤੇ ਗੁਰੂ ਘਰ ਦਾ ਜੱਸ ਸੰਸਾਰ ਵਿੱਚ ਫੈਲੇਗਾ ।

—o—

## DEMOCRACY AND RELIGION

Book Review-"This Nation Under God" By Arthur E. Holt. Chicago: Willett, Clark and Company, 1939

This volume contains the series of lectures delivered by Dr. Holt under the Rauschenbusch Foundation at the Colgeate Rochester Divinity School in 1938. In the book the author makes a strong case for democracy which, as a form of government, has been at a discount since the last World War. His faith in democracy seems to be rooted in his conception of human nature and of the purpose of God in the Universe. When the dominating conception of human nature is

too narrow, it gives rise to forms of government which are more restrictive than liberating. As a result, such political theories as Fascism and Communism, glorify the State and ignore the worth and dignity of the individual. Nevertheless man, because of his infinite capacity to adapt himself, finds his place in a variety of social arrangements. But this is not the same thing as saying that they are completely satisfying.

All the same, it must be admitted that in no instance has society been built up from a truly adequate conception of human nature. However, Prof. Holt believes that under democracy some such results can be obtained. "As things stand," he says, "Democracy seems to be holding on to God and freedom, and neglecting responsibility and common welfare, while totalitarian States are holding on to responsibility and common welfare, and rejecting God and freedom." If democracy is to be saved and if democratic ends are to be achieved, Dr. Holt maintains, religion must play its part in creating an environment which can produce democratic men. Since democracy in its American expression has been closely associated with Protestantism , he devotes the major portion of the book to a discussion of the place and function of Christianity, and of its institutional form, the Church, in the creation of a democratic social order.

The building of a unified society of public-minded individuals pre-supposes, so the author tells us, the discovery of a heirarchy of values which will give



to the inner life of man a sense of unity, wholeness and dignity. This, Dr. Holt points out, is primarily a problem in the realm in which religion operates. It is at this point that democracy makes its contact with religion, for the real basis of democracy is moral. Only men who trust one another and demand for others the same rights that they demand for themselves, are capable of acting responsibly.

But the State , by its very nature, cannot be the final teacher of morals. It is the business of religion to make its members spiritually mature and to fit them for responsible living; it is also the function of the Church to be the critic of the State. Unfortunately, however, the Church as also the School, has allowed itself to be controlled by vested interests. Both of these institutions, the author declares, should "train men in social judgement, courageous to challenge old systems and rise in rebellion against tyrannies," and "emphasize duty, loyalty, faith, belief and courage for social adventuring." Only when training of the men along these lines is seriously taken up by the Church and the School will it be possible to generate responsible living. The Church should supply the school and society with the great motives which come welling up out of Christianity and direct them into the channels of public-mindedness. The Church should function in this way to nourish the roots of democracy, for democracy needs a more strenuous and more truly human ethic, and this is found in the "consonants" of

Christianity.

From the 'Indian Journal of Society Work, Bombay June, 1940, Volume I, Number 1, Bombay.

## The democratic ideal

In his Greak Political Theory, Professor Earnest Barker expresses the vital postulates of democracy. "Democracy", he says, in itself is government *"by the world"* and all things are thrown for settlement into an arena in which "one shrewd thought devours another".

Democracy can not exist on inherited unexplained traditions. It lives in the free air of nimble thought and the discussion of policies. It implies all the moving forces which inspire and control political action for public good. It studies man who is a 'semi-gregarious animal' and the waters of human nature and tries to understand the deep springs of human action with reference to public good.

The democratic ideal implies a society of men and women possessing equal rights in all departments of civilized life–protection against arbitrary rule, a violence, reasonable standard of life, and the free play of all intrinsic abilities. It places implicit faith in the common man's contribution to the social good of the community. It believes in the intelligent and co-ordinated efforts of men and women imbued with a spontaneous community feeling for the achievement of conditions implying civilized existence. It aims at producing good citizens who can "contribute" their instructed judgement to the public good. It outlaws war as an instrument of national policy, and is wedded to conciliation and peace.



## DEMOCRACY

*An extract from an address of Jawahar Lal Nehru to UNESCO-The Concept of Man*

*Symposium held in New Delhi, December 1951.*

We are dealing with and talking a great deal about democracy and I have little doubt that democracy is the best of all the various methods available to us for the governance of human beings. At the same time, we are seeing today–by today I mean last two decades or so–the emergence of democracy in a somewhat uncontrolled form. When we think of democracy, we normally think of it in the rather limited sense of the 19th century or the early 20th century use of the term. Owing to the remarkable technological growth, something has happened since then and meanwhile democracy has also spread. The result is that we have vast masses of human beings brought up by industrial revolution, who are not encouraged or given an opportunity to think much. They live a life which, from the point of view of physical comfort, is incomparably better than it has been in any previous generation but they seldom have a chance to think. And yet in a demo-

cratic system, it is this vast mass of human beings that will ultimately govern or elect those who govern.

Are they likely to elect more or less the sort of persons they need? That becomes a little doubtful and I think it may be said without offence and I certainly can say without offence for I belong to that tribe of politicians–that quality of men who are selected by this modern democratic method of adult sufferage gradually deteriorates. There are outstanding individuals, no doubt, but their quality does deteriorate because of this lack of thinking and because of the applications of modern methods of propaganda. All the noise and din and the machinery of advertisement prevent men from thinking. They react to this din and noise by producing a dictator or a dumb politician, who is insensitive, who can stand all the din and noise in the world and yet remain standing on his two feet. He gets elected while his rival collapses because he cannot stand all this din. It is an extraordinary state of affairs. It is all very well for us to praise the growth of democracy and I am all for it. The point that I wish to make is not in regard to democracy but rather in regard to the fact that modern life does not encourage the life of the mind. If the life of the mind is not encouraged then inevitably civilization deteriorates, the race deteriorates and ultimately both collapse in some big cataclysm or just fade away and become as other races and civilizations have become.



## ਲੂਲ੍ਹੇ ਨੂੰ ਮੈਂ ਉਸੇ ਪਿਆਰ ਨਾਲ ਪਾਲਿਆ ਹੈ

ਜਿਸ ਪਿਆਰ ਨਾਲ ਮੇਰੀ ਮਾਂ ਨੇ ਮੈਨੂੰ ਪਾਲਿਆ ਸੀ । ਜਿਨ੍ਹਾਂ ਦਿਨਾਂ ਵਿੱਚ ਲੂਲ੍ਹਾ ਗੁਰਦੁਆਰਾ ਡੇਹਰਾ ਸਾਹਿਬ ਅੱਗੇ ਛੱਡਿਆ ਗਿਆ ਸੀ ਉਨ੍ਹਾਂ ਦਿਨਾਂ ਵਿੱਚ ਮੈਂ ਇਕ ਅੰਗਰੇਜ਼ੀ ਦੀ ਪੁਸਤਕ ਪੜ੍ਹ ਰਿਹਾ ਸੀ, ਜਿਸ ਦਾ ਨਾਂ **Seekers of God** ਸੀ ਅਰਥਾਤ ਰੱਬ ਦੀ ਤਲਾਸ਼ ਕਰਨ ਵਾਲੇ ਬੰਦੇ । ਉਹ ਪੁਸਤਕ ਯੂਨਾਨ ਦੇਸ਼ ਦੇ ਤਿੰਨ ਫ਼ਿਲਾਸਫ਼ਰਾਂ ਦੀ ਜੀਵਨੀ ਤੇ ਫ਼ਿਲਾਸਫ਼ੀ ਬਾਰੇ ਸੀ । ਉਨ੍ਹਾਂ ਫ਼ਿਲਾਸਫ਼ਰਾਂ ਵਿੱਚੋਂ ਮੈਨੂੰ ਦੋਹਾਂ ਦਾ ਨਾਮ ਯਾਦ ਰਹਿ ਗਿਆ ਹੈ । ਇਕ ਫ਼ਿਲਾਸਫ਼ਰ ਦਾ ਨਾਂ **Marcus Aurelius** ਸੀ ਅਤੇ ਦੂਜੇ ਦਾ ਨਾਂ **Epicititus** ਸੀ ਤੇ ਤੀਜੇ ਦਾ ਨਾਮ ਮੈਨੂੰ ਯਾਦ ਨਹੀਂ ਰਿਹਾ । ਹੋ ਸਕਦਾ ਹੈ ਤੀਜੇ ਫ਼ਿਲਾਸਫ਼ਰ ਦਾ ਨਾਮ **Hera Clitus** ਹੋਵੇ । ਇਹ ਤਿੰਨੇ ਫ਼ਿਲਾਸਫ਼ਰ ਯੂਨਾਨ ਦੇਸ਼ ਦੇ ਸਿਰਕੱਢ ਫ਼ਿਲਾਸਫ਼ਰ ਹੋਏ ਹਨ । ਉਨ੍ਹਾਂ ਫ਼ਿਲਾਸਫ਼ਰਾਂ ਵਿੱਚੋਂ ਇਕ ਫ਼ਿਲਾਸਫ਼ਰ ਬਾਰੇ ਉਸ ਪੁਸਤਕ ਵਿੱਚ ਪੜ੍ਹਿਆ ਸੀ ਕਿ ਉਹ ਝੁੱਗੀ ਵਿੱਚ ਰਹਿੰਦਾ ਹੁੰਦਾ ਸੀ ਅਤੇ ਉਸ ਦੀ ਝੁੱਗੀ ਵਿੱਚ ਇਕ ਲਾਵਾਰਸ ਬੱਚਾ ਛੱਡ ਦਿੱਤਾ ਗਿਆ ਸੀ ਜਿਹੜਾ ਉਸ ਨੂੰ ਪਾਲਣਾ ਪਿਆ ਸੀ । ਮੈਨੂੰ ਯਾਦ ਨਹੀਂ ਰਿਹਾ ਕਿ ਉਹ ਬੱਚਾ ਲੂਲ੍ਹਾ ਸੀ ਜਾਂ ਨਹੀਂ; ਪਰ ਮੈਨੂੰ ਉਸ ਕਹਾਣੀ ਤੋਂ ਲੂਲ੍ਹੇ ਨੂੰ ਸਾਂਭਣ ਲਈ ਹੌਂਸਲਾ ਵਧਾਊ ਪ੍ਰੇਰਨਾ ਮਿਲੀ ਸੀ ।

## THE REMEMBERANCE

The remembrance of beauty, the beauty of a thing, or of personal relationships, or of a country, has always seemed to me the chief end of life. The present cannot be held; it slips through our grasping fingers, becomes immediately the past. The future may be neither beautiful nor worth remembering; certainly its beauty will be accompanied by ugliness and tragedy. But what has happened is ours and cannot be taken away from us; and the mind, like the gauze screen through which gold is run, transmutes in retrospect almost everything into loveliness. Remembrance is the one sure immortality we know.–*The Reader's Digest 1939.*

**ਸੁੰਦਰਤਾ ਦੀ ਯਾਦ**—ਕਿਸੇ ਵਸਤੂ ਦੀ ਸੁੰਦਰਤਾ ਜਾਂ ਨਿੱਜੀ ਸੰਬੰਧਾਂ ਦੀ ਸੁੰਦਰਤਾ ਹੀ ਮੇਰੇ ਜੀਵਨ ਦਾ ਸਭ ਤੋਂ ਵੱਡਾ ਨਿਸ਼ਾਨਾ ਹੈ । ਵਰਤਮਾਨ ਸਮੇਂ ਨੂੰ ਪਕੜਿਆ ਨਹੀਂ ਜਾ ਸਕਦਾ, ਇਹ ਸਾਡੀਆਂ ਘੁੱਟੀਆਂ ਹੋਈਆਂ ਉਂਗਲਾਂ ਵਿੱਚੋਂ ਦੀ ਨਿਕਲ ਜਾਂਦਾ ਹੈ ਤੇ ਅੱਖ ਦੇ ਫੋਰ ਵਿੱਚ ਇਹ ਭੂਤਕਾਲ ਬਣ ਜਾਂਦਾ ਹੈ । ਇਹ ਜ਼ਰੂਰੀ ਹੈ ਕਿ ਭਵਿੱਖ ਦਾ ਆਉਣ ਵਾਲਾ ਸਮਾਂ ਦੁੱਖਦਾਈ ਤੇ ਭਿਆਨਕ ਘਟਨਾਵਾਂ ਲੈ ਕੇ ਆਵੇ ਜਿਹੜੀਆਂ ਸਾਡੇ ਹਿਰਦਿਆਂ ਨੂੰ ਭਾਰੀਆਂ ਸੱਟਾਂ ਮਾਰਨ ਵਾਲੀਆਂ ਹੋਣਗੀਆਂ । ਪਰ ਜੋ ਕੁਝ ਸਾਡੇ ਨਾਲ ਬੀਤ ਚੁੱਕਿਆ ਹੈ ਉਹ ਤਾਂ ਸਾਡਾ ਹੈ ਤੇ ਸਾਡੇ ਪਾਸੋਂ ਖੋਹਿਆ ਵੀ ਨਹੀਂ ਜਾ ਸਕਦਾ ਤੇ ਸੁਨਿਆਰੇ ਦੀ ਸੋਨੇ ਦੀਆਂ ਤਾਰਾਂ ਬਾਰੀਕ ਕਰਨ ਵਾਲੀ ਜ਼ਿੰਦਗੀ ਵਾਂਗ ਮਨ ਸਾਡੇ ਨਾਲ ਵਾਪਰੀਆਂ ਹੋਈਆਂ ਘਟਨਾਵਾਂ ਨੂੰ ਸੁੰਦਰਤਾ ਦਾ ਰੂਪ ਦਿੰਦਾ ਹੈ ।

ਅੰਗਰੇਜ਼ੀ ਦੇ ਹੇਠ ਲਿਖੇ ਵਾਕ ਵਿੱਚ ਵੀ ਯਾਦਾਂ ਦੀ ਮਹੱਤਤਾ ਨੂੰ ਬਿਆਨ ਕੀਤਾ ਗਿਆ ਹੈ :—

Memories are treasures which no one can steal. Death leaves a heartache which no one can heal.

ਯਾਦਾਂ ਖ਼ਜ਼ਾਨੇ ਹੁੰਦੇ ਹਨ । ਸਾਡੇ ਮਨਾਂ ਵਿੱਚ ਸਮਾਈਆਂ ਹੋਈਆਂ ਯਾਦਾਂ ਉਹ ਖ਼ਜ਼ਾਨੇ ਹੁੰਦੇ ਹਨ ਜਿਨ੍ਹਾਂ ਨੂੰ ਸਾਡੇ ਪਾਸੋਂ ਕੋਈ ਚੁਰਾ ਨਹੀਂ ਸਕਦਾ । ਪਿਆਰਿਆਂ ਦੀ ਮੌਤ ਦੀ ਯਾਦ ਇਕ ਅਜਿਹਾ ਸਿਰ-ਦਰਦ ਹੁੰਦਾ ਹੈ ਜਿਸ ਦਾ ਕੋਈ ਇਲਾਜ ਨਹੀਂ ਕਰ ਸਕਦਾ । ਕਿਸੇ ਵਿਦਵਾਨ ਨੇ ਲਿਖਿਆ ਹੈ:—

Children live proverbially in the present.

ਬੱਚਿਆਂ ਦਾ ਮਨ ਸਦਾ ਲੰਘ ਰਹੇ ਸਮੇਂ ਵਿੱਚ ਹੀ ਹੁੰਦਾ ਹੈ । ਉਸ ਨੂੰ ਖ਼ੁਸ਼ ਰੱਖਿਆ ਜਾ ਰਿਹਾ ਜਾਂ ਦੁਖੀ, ਉਹ ਦੁਖੀ ਹੈ ਜਾਂ ਉਦਾਸ, ਆਪਣੀ ਉਸ ਉਦਾਸੀ ਨੂੰ ਉਹ ਕਿਸੇ ਪਿਆਰੀ ਘਟਨਾ, ਪਿਆਰੀ ਵਸਤੂ ਜਾਂ ਪਿਆਰ ਭਰੇ ਸੰਬੰਧਾਂ ਨੂੰ ਯਾਦ ਕਰਕੇ ਘਟਾ ਨਹੀਂ ਸਕਦਾ ਤੇ ਨਾ ਹੀ ਭੁਲਾ ਸਕਦਾ ਹੈ, ਕਿਉਂਕਿ ਉਸ ਨੇ ਆਪਣਾ ਜੀਵਨ ਆਰੰਭ ਕੀਤਾ ਹੁੰਦਾ ਹੈ ਤੇ ਅਜੇ ਉਸਦੇ ਮਨ ਵਿੱਚ ਉਸ ਦੀਆਂ ਯਾਦਾਂ ਬਣੀਆਂ ਨਹੀਂ ਹੁੰਦੀਆਂ । ਉਹ ਆਪਣੇ ਲੰਘ ਰਹੇ ਸਮੇਂ ਵਿੱਚ ਹੋ ਰਹੇ ਕਿਸੇ ਕੰਮ ਦੇ ਆਧਾਰ 'ਤੇ ਚੰਗੇ ਦਿਨ ਆਉਣ ਦੀ ਆਸ ਵਿੱਚ ਆਉਣ ਵਾਲੀ ਖ਼ੁਸ਼ੀ ਨੂੰ ਚਿਤਵਨ ਕਰਕੇ ਆਪਣੇ ਗ਼ਮਾਂ ਨੂੰ



ਘਟਾਉਣ ਦੀ ਕਲਪਨਾ ਨਹੀਂ ਕਰ ਸਕਦਾ, ਜਿਸ ਦੀ ਕਲਪਨਾ ਕਰਕੇ ਉਹ ਆਪਣੇ ਵਰਤਮਾਨ ਕਾਲ ਦੇ ਕਸ਼ਟਾਂ ਨੂੰ ਭੁਲਾ ਸਕੇ ਕਿਉਂਕਿ ਉਸ ਦੀ ਬੁੱਧੀ ਦਾ ਇਤਨਾ ਵਿਕਾਸ ਨਹੀਂ ਹੋਇਆ ਹੁੰਦਾ ਕਿ ਆਉਣ ਵਾਲੇ ਸਮੇਂ ਦੇ ਕੋਈ ਸੁਹਾਵਣੇ ਨਕਸ਼ੇ ਉਹ ਆਪਣੇ ਮਨ ਵਿੱਚ ਬਣਾ ਸਕੇ ।

ਬੱਚੇ ਦੇ ਆਉਣ ਦੇ ਦਿਨਾਂ ਵਿੱਚ ਮੈਂ ਸਵੇਰੇ ਸ਼ਾਮ ਗੁਰਦੁਆਰਾ ਡੇਹਰਾ ਸਾਹਿਬ ਨੂੰ ਮੱਥਾ ਟੇਕਣ ਆਉਣ ਵਾਲੇ ਸ਼ਰਧਾਲੂਆਂ ਦੇ ਬਾਈਸਿਕਲਾਂ ਦੀ ਰਾਖੀ ਕਰਿਆ ਕਰਦਾ ਸਾਂ । ਲੂਲ੍ਹੇ ਬੱਚੇ ਨੂੰ ਸਰਦੀ ਤੋਂ ਬਚਾਉਣ ਲਈ ਮੈਂ ਸਾਈਕਲਾਂ ਵਾਲੇ ਜੰਗਲੇ ਦੇ ਟੀਨ ਦੇ ਛਤਨੇ ਦੇ ਆਲੇ-ਦੁਆਲੇ ਸਿਰਕੀਆਂ ਦੀ ਕੰਧ ਬਣਾ ਕੇ ਝੁੱਗੀ ਬਣਾ ਲਈ ਸੀ, ਟੀਨ ਪੁਰਾਣੇ ਸਨ ਤੇ ਸਖ਼ਤ ਸਰਦੀ ਦੇ ਦਿਨਾਂ ਵਿੱਚ ਟੀਨ ਦੇ ਜੰਗਾਲ ਵਾਲਾ ਔਸ ਵਾਲਾ ਗੰਧਲਾ ਪਾਣੀ ਸਾਡੇ ਉੱਤੇ ਡਿੱਗਿਆ ਕਰਦਾ ਸੀ । ਉਨ੍ਹਾਂ ਦਿਨਾਂ ਵਿੱਚ ਗੌਰਮਿੰਟ ਕਾਲਜ ਦਾ **B.A. HONOURS'S** ਦੀ ਜਮਾਤ ਦਾ ਇਕ ਸਿੱਖ ਵਿਦਿਆਰਥੀ ਅਤਰ ਸਿੰਘ ਡੇਹਰਾ ਸਾਹਿਬ ਸਾਈਕਲ 'ਤੇ ਮੱਥਾ ਟੇਕਣ ਆਉਂਦਾ ਹੁੰਦਾ ਸੀ । ਮੈਂ ਲੂਲ੍ਹੇ ਬੱਚੇ ਨੂੰ ਸਵੇਰੇ ਸ਼ਾਮ ਆਪਣੇ ਪੱਟਾਂ ਵਿੱਚ ਲਿਟਾ ਕੇ ਧਰਤੀ 'ਤੇ ਬੈਠਾ ਹੁੰਦਾ ਸਾਂ । ਉਸ ਵਿਦਿਆਰਥੀ ਨੇ ਲਾਵਾਰਸ ਬੱਚੇ ਨੂੰ ਮੇਰੀ ਗੋਦੀ ਵਿੱਚ ਦੇਖ ਕੇ ਮੈਨੂੰ ਦੱਸਿਆ ਕਿ ਸਾਡੀ ਜਮਾਤ ਨੂੰ ਇਕ ਅੰਗਰੇਜ਼ ਪ੍ਰੋਫ਼ੈਸਰ ਅੰਗਰੇਜ਼ੀ ਪੜ੍ਹਾਉਂਦਾ ਹੈ ਜਿਸ ਦਾ ਨਾਮ ਡਿਕਿਨਸਨ ਹੈ । ਡਿਕਿਨਸਨ ਨੇ ਇਕ ਦਿਨ ਜਮਾਤ ਨੂੰ ਕਵਿਤਾ ਪੜ੍ਹਾਉਂਦੇ ਹੋਏ ਨੇ ਸਾਨੂੰ ਹੇਠ ਲਿਖਿਆ ਪ੍ਰਸ਼ਨ ਪੁੱਛਿਆ ਸੀ ਕਿ ਕੀਟਸ ਫ਼ਿਲਾਸਫ਼ਰ ਦੇ ਮੱਤ ਅਨੁਸਾਰ ਦੁਨੀਆਂ ਵਿੱਚ ਸਭ ਤੋਂ ਵੱਧ ਉਦਾਸ ਬੰਦਾ ਕੌਣ ਹੁੰਦਾ ਹੈ **?**

Who is the saddest person on the earth on the basis of Keat's poetry?

ਉਸ ਨੇ ਦੱਸਿਆ ਕਿ ਸਾਨੂੰ ਆਪਣੇ ਪ੍ਰਸ਼ਨ ਦਾ ਜੋ ਉੱਤਰ ਡਿਕਿਨਸਨ ਨੇ ਦਿੱਤਾ ਉਹ ਇਹ ਸੀ ਕਿ ਦੁਨੀਆਂ ਵਿੱਚ ਸਭ ਤੋਂ ਵੱਧ ਗ਼ਮ ਵਿੱਚ ਉਹ ਬੱਚਾ ਹੁੰਦਾ ਹੈ ਜਿਸ ਨੂੰ ਕੋਈ ਹਸਾਵੇ ਖਿਡਾਵੇ ਨਾ । ਕੀਟਸ ਫ਼ਿਲਾਸਫ਼ਰ ਦਾ ਭਾਵ ਇਨ੍ਹਾਂ ਸ਼ਬਦਾਂ ਤੋਂ ਇਹ ਹੈ ਕਿ ਬੱਚੇ ਨੂੰ ਭਾਵੇਂ ਖਾਣ-ਪੀਣ ਦੇ ਵੱਧ ਤੋਂ ਵੱਧ ਪਦਾਰਥ ਤੇ ਹੋਰ ਸਾਰੇ ਸੁੱਖ ਮਿਲ ਜਾਣ ਪਰ ਉਹ ਉਦੋਂ ਤਕ ਆਪਣੀ ਉਦਾਸੀ ਨਹੀਂ ਛੱਡੇਗਾ ਜਦ ਤਕ ਉਸ ਨੂੰ ਹਸਾਵੇ ਖਿਡਾਵੇ ਕੋਈ ਨਾ । ਉਹ

ਹੋਰ ਹਰੇਕ ਘਾਟ ਨੂੰ ਭੁਲਾ ਸਕੇਗਾ ਪਰ ਹੱਸਣ ਖੇਡਣ ਦੀ ਦਿਲ-ਪ੍ਰਚਾਵੇ ਦੀ ਘਾਟ ਨੂੰ ਨਹੀਂ ਜਰ ਸਕੇਗਾ। ਉਸ ਦੀ ਪ੍ਰਸੰਨਤਾ ਦਾ ਸਭ ਤੋਂ ਵੱਡਾ ਸਾਧਨ ਹੱਸਣਾ ਖੇਡਣਾ ਤੇ ਦਿਲ-ਪ੍ਰਚਾਵਾ ਹੁੰਦਾ ਹੈ।

ਮੈਂ ਲੂਲ੍ਹੇ ਨੂੰ ਇਕੱਲੇ ਨੇ ਪਾਲਿਆ ਹੈ, ਮੈਂ ਇਕੱਲਾ ਸੀ। ਮੈਂ ਜਿੱਥੇ ਜਾਂਦਾ ਸਾਂ ਲੂਲ੍ਹਾ ਮੇਰੀ ਪਿੱਠ ਉੱਤੇ ਹੁੰਦਾ ਸੀ ਜਾਂ ਮੇਰੀ ਗੋਦੀ ਵਿੱਚ। ਡੇਹਰਾ ਸਾਹਿਬ ਦੇ ਨਾਲ ਦੇ ਮੁਹੱਲੇ ਸ਼ਾਹੀ ਮੁਹੱਲੇ ਵਿੱਚ ਮੇਰਾ ਇਕ ਬੈਰਿਸਟਰ ਮਿੱਤਰ ਰਘੂਨਾਥ ਰਾਏ ਰਹਿੰਦਾ ਸੀ। ਉਸ ਨੇ ਇਕ ਦਿਨ ਮੈਨੂੰ ਕਿਹਾ ਕਿ ਪੂਰਨ ਸਿੰਘ ਤੂੰ ਲੂਲ੍ਹੇ ਨੂੰ ਬਚਪਨ ਵਿੱਚ ਹੀ ਮਰਨ ਦੇਣਾ ਸੀ, ਕਿਉਂਕਿ ਓੜਕ ਇਸ ਨੇ ਮਰਨਾ ਤਾਂ ਸੰਭਾਲ ਤੋਂ ਬਿਨਾਂ ਰੁਲ ਰੁਲ ਕੇ ਹੀ ਹੈ। ਤੂੰ ਜਿੰਨਾ ਚਿਰ ਜਿਉਂਦਾ ਹੈਂ ਉਤਨਾ ਚਿਰ ਹੀ ਇਸ ਨੂੰ ਸੰਭਾਲ ਸਕੇਂਗਾ, ਤੇਰੇ ਪਿੱਛੋਂ ਇਸ ਨੂੰ ਕੌਣ ਸਾਂਭੇਗਾ। ਉਸ ਮਿੱਤਰ ਨੂੰ ਪਤਾ ਸੀ ਕਿ ਮੈਂ ਵੀ ਇਕੱਲਾ ਹਾਂ। ਉਸ ਨੇ ਕਿਹਾ ਜੇ ਲੂਲ੍ਹਾ ਬਚਪਨ ਵਿੱਚ ਮਰ ਜਾਂਦਾ ਤਾਂ ਇਸ ਦੀ ਜਾਨ ਛੇਤੀ ਨਿਕਲ ਜਾਂਦੀ, ਵੱਡਾ ਹੋ ਕੇ ਮਰੇਗਾ ਤਾਂ ਜਾਨ ਔਖਿਆਈ ਨਾਲ ਨਿਕਲੇਗੀ।

ਭਗਵੰਤ ਸਿੰਘ ਨਟ ਪੰਜਾਬ ਦਾ ਇਕ ਉੱਚੇ ਦਰਜੇ ਦਾ ਸਰਕਾਰੀ ਡਾਕਟਰ ਹੋਇਆ ਹੈ। ਉਹ ਹਰ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਦਾ ਹੁੰਦਾ ਸੀ। ਲਾਹੌਰ ਸ਼ਹਿਰ, ਸੰਨ ੧੯੪੭ ਦੀ ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੇ ੨੯ ਜ਼ਿਲ੍ਹਿਆਂ ਦੀ ਰਾਜਧਾਨੀ ਦਾ ਸ਼ਹਿਰ ਸੀ। ਉਸ ਸ਼ਹਿਰ ਦਾ ਮਿਓ ਹਸਪਤਾਲ ੨੯ ਜ਼ਿਲ੍ਹਿਆਂ ਦਾ ਸਭ ਤੋਂ ਵੱਡਾ ਹਸਪਤਾਲ ਸੀ। ਮੈਂ ਗ਼ਰੀਬ ਵਿਦਿਆਰਥੀਆਂ ਦੀ ਸਹਾਇਤਾ ਕਰਦਾ ਰਹਿੰਦਾ ਸਾਂ ਤੇ ਕਰਾਉਂਦਾ ਰਹਿੰਦਾ ਸਾਂ। ਕਈ ਵਿਦਿਆਰਥੀਆਂ ਦੀ ਪੜ੍ਹਾਈ ਦੇ ਖ਼ਰਚ ਦਾ ਪ੍ਰਬੰਧ ਮੈਂ ਕੀਤਾ। ਉਹ ਕਹਾਣੀ ਲੰਮੀ ਚੌੜੀ ਹੈ। ਇਕ ਵਿਦਿਆਰਥੀ ਸਿੱਖ ਨੈਸ਼ਨਲ ਕਾਲਜ ਵਿੱਚ ਪੜ੍ਹਦਾ ਸੀ। ਉਸ ਨੂੰ ਫ਼ੀਸ ਦੇਣ ਲਈ ੪੫ ਕੁ ਰੁਪਏ ਦੀ ਲੋੜ ਪੈ ਗਈ ਸੀ। ਉਹ ਗੁਰਦੁਆਰਾ ਕਮੇਟੀ ਲਾਹੌਰ ਦੇ ਦਫ਼ਤਰ ਆਇਆ ਤੇ ਸਹਾਇਤਾ ਮੰਗੀ। ਦਫ਼ਤਰ ਵਾਲਿਆਂ ਨੇ ਉਸ ਨੂੰ ਮੇਰੇ ਪਾਸ ਭੇਜਣਾ ਹੀ ਸੀ— ਤੇ ਭੇਜਿਆ। ਮੁੰਡੇ ਦਾ ਨਾਮ ਜੋਗਿੰਦਰ ਸਿੰਘ ਸੀ। ਸਰਦਾਰ ਜੋਗਿੰਦਰ ਸਿੰਘ ਪੰਜਾਬ ਦਾ ਉੱਘਾ ਬੰਦਾ ਹੋਇਆ ਹੈ। ਉਹ ਬੜਾ ਵਿਦਵਾਨ ਸੀ ਤੇ ਅੰਗਰੇਜ਼ੀ ਰਾਜ ਵੇਲੇ ਪੰਜਾਬ ਦਾ ਵਜ਼ੀਰ ਵੀ ਰਿਹਾ ਸੀ। ਕਰਨਲ ਨਟ ਉਸਦਾ ਜਵਾਈ ਸੀ। ਮੈਂ ਕਰਨਲ ਸਾਹਿਬ ਨੂੰ ਕਹਿਣਾ ਸੀ ਕਿ ਤੁਸੀਂ ਮੁੰਡੇ ਦੀ ਫ਼ੀਸ ਦੇ ਦਿਉ।



ਲਾਹੌਰ ਸ਼ਹਿਰ ਵਿੱਚ ਮੈਂ ਕੁੜਤਾ ਪਜਾਮਾ ਨਹੀਂ ਪਹਿਨਦਾ ਹੁੰਦਾ ਸੀ। ਮੈਂ ਸਿਰ 'ਤੇ ਪਰਨਾ, ਤੇੜ ਕਛਹਿਰਾ ਤੇ ਪਿੰਡੇ 'ਤੇ ਚੌੜਾ ਪਰਨਾ ਰੱਖਦਾ ਹੁੰਦਾ ਸੀ, ਲੂਲ੍ਹਾ ਮੇਰੀ ਪਿੱਠ 'ਤੇ ਹੁੰਦਾ ਸੀ। ਲੂਲ੍ਹਾ ਚਾਰ ਸਾਲ ਦੀ ਉਮਰ ਤੋਂ ੧੯ ਸਾਲ ਦੀ ਉਮਰ ਤਕ ਚੌਦਾਂ ਸਾਲ ਮੇਰੀ ਪਿੱਠ 'ਤੇ ਰਿਹਾ। ਲੋਕੀਂ ਸਮਝਦੇ ਸਨ ਕਿ ਇਹ ਮੰਗਤਾ ਹੈ ਤੇ ਆਪਣੇ ਪੁੱਤਰ ਨੂੰ ਚੁੱਕੀ ਫਿਰਦਾ ਹੈ। ਜਿਸ ਰਸਤੇ ਤੋਂ ਡਾਕਟਰ ਸਾਹਿਬ ਨੇ ਓਪਰੇਸ਼ਨ ਕਰਕੇ ਆਉਣਾ ਸੀ ਮੈਂ ਉਨ੍ਹਾਂ ਦੇ ਦਫ਼ਤਰ ਦੀ ਕੰਧ ਦੇ ਨਾਲ ਖੜ੍ਹਾ ਹੋ ਗਿਆ। ਕਰਨਲ ਸਾਹਿਬ ਬੜੇ ਦਇਆਵਾਨ ਸਨ। ਸੁਖਮਨੀ ਸਾਹਿਬ ਪੜ੍ਹਨ ਵਾਲੇ ਬੰਦੇ ਨੇ ਦਇਆਵਾਨ ਹੋਣਾ ਹੀ ਸੀ। ਸੁਖਮਨੀ ਸਾਹਿਬ ਦਾ ਸ਼ਬਦ ਹੈ:

**ਬ੍ਰਹਮ ਗਿਆਨੀ ਅਨਾਥ ਕਾ ਨਾਥੁ॥**
**ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ॥** (ਅੰਗ ੨੭੩)

ਕਰਨਲ ਸਾਹਿਬ ਨੂੰ ਮੈਂ ਖੜ੍ਹਾ ਕਰ ਲਿਆ। ਜੇ ਦਇਆਵਾਨ ਨਾ ਹੁੰਦੇ ਤਾਂ ਗੱਲ ਹੀ ਨਾ ਸੁਣਦੇ, ਕਿਉਂਕਿ ਮੈਂ ਤਾਂ ਸਪੱਸ਼ਟ ਤੌਰ 'ਤੇ ਭਿਖਾਰੀ ਨਜ਼ਰ ਆ ਰਿਹਾ ਸਾਂ। ਮੈਂ ਉਨ੍ਹਾਂ ਨੂੰ ਲੂਲ੍ਹੇ ਦੀ ਕਹਾਣੀ ਸੁਣਾਈ ਤੇ ਨਾਲ ਹੀ ਮੈਂ ਜੋਗਿੰਦਰ ਸਿੰਘ ਵਿਦਿਆਰਥੀ ਨੂੰ ਸਹਾਇਤਾ ਦੁਆਉਣ ਲਈ ਸਵਾਲ ਕਰ ਦਿੱਤਾ। ਮੈਂ ਕਿਹਾ, ਜੀ ਤੁਹਾਡੇ ਸਹੁਰੇ ਦਾ ਨਾਮ ਵੀ ਜੋਗਿੰਦਰ ਸਿੰਘ ਹੈ ਤੇ ਮੁੰਡੇ ਦਾ ਨਾਂ ਵੀ ਜੋਗਿੰਦਰ ਸਿੰਘ ਹੈ।

ਪੰਜਾਬ ਦੇ ਦੋ ਵੱਡੇ ਡਾਕਟਰ ਸਨ—ਕਰਨਲ ਨਟ ਤੇ ਕਰਨਲ ਬਰੂਚਾ। ਉਨ੍ਹਾਂ ਵਿੱਚੋਂ ਇਕ ਦਿਨ ਕਰਨਲ ਸਾਹਿਬ ਓਪਰੇਸ਼ਨ ਕਰਦੇ ਸਨ ਤੇ ਇਕ ਦਿਨ ਡਾਕਟਰ ਬਰੂਚਾ। ਜਿਸ ਦਿਨ ਕਰਨਲ ਸਾਹਿਬ ਨੇ ਓਪਰੇਸ਼ਨ ਕਰਨਾ ਹੁੰਦਾ ਸੀ ਉਹ ਘਰੋਂ ਭੁੱਖੇ ਆਉਂਦੇ ਹੁੰਦੇ ਸਨ ਤਾਂ ਜੋ ਓਪਰੇਸ਼ਨ ਕਰਦਿਆਂ ਊਂਘ ਨਾ ਆਵੇ। ਓਪਰੇਸ਼ਨ ਖੜ੍ਹਾ ਹੋ ਕੇ ਕਰਨਾ ਪੈਂਦਾ ਹੈ ਤੇ ਸੱਤ ਘੰਟੇ ਖੜ੍ਹਾ ਹੋਣਾ ਪੈਂਦਾ ਹੈ। ਕਰਨਲ ਸਾਹਿਬ ਭੁੱਖੇ ਵੀ ਸਨ ਤੇ ਥੱਕੇ ਹੋਏ ਵੀ ਸਨ। ਸ਼ਾਮ ਦਾ ਪੰਜ ਵਜੇ ਦਾ ਵੇਲਾ ਸੀ। ਮੈਂ ਜਾਣ ਕੇ ਪੰਜ ਵਜੇ ਮਿਲਣ ਗਿਆ ਸੀ। ਜੇ ਮੈਂ ਉਸ ਵੇਲੇ ਜਾਂਦਾ ਜਦ ਉਹ ਦਫ਼ਤਰ ਵਿੱਚ ਬੈਠੇ ਹੁੰਦੇ ਤਾਂ ਚਪੜਾਸੀ ਨੇ ਮੈਨੂੰ ਲੰਘਣ ਨਹੀਂ ਦੇਣਾ ਸੀ। ਚਪੜਾਸੀ ਨੇ ਅੰਦਰ ਜਾ ਕੇ ਕਹਿਣਾ ਸੀ, ਜੀ ਕੋਈ ਮੰਗਤਾ ਆਇਆ ਹੈ ਤੇ ਕਰਨਲ ਸਾਹਿਬ ਨੇ ਅੰਦਰ ਜਾਣ ਦੀ ਆਗਿਆ ਨਹੀਂ ਦੇਣੀ ਸੀ ਜਾਂ ਇਕ ਰੁਪਿਆ ਦੇ ਕੇ ਬਾਹਰੋਂ ਤੁਰਦਾ ਕਰਦੇ।

ਕਰਨਲ ਸਾਹਿਬ ਨੇ ਵਿਦਿਆਰਥੀ ਵਾਲੀ ਗੱਲ ਦਾ ਉੱਤਰ ਮੈਨੂੰ ਪਿੱਛੋਂ ਦਿੱਤਾ, ਪਹਿਲਾਂ ਮੈਨੂੰ ਉਨ੍ਹਾਂ ਨੇ ਦਿਲ ਦੇ ਬੜੇ ਦਰਦ ਨਾਲ ਕਿਹਾ ਕਿ ਤੂੰ ਲੂਲ੍ਹੇ ਨੂੰ ਪਿੱਠ 'ਤੇ ਚੁੱਕੀ ਫਿਰਦਾ ਹੈਂ, ਤੇਰੇ ਬੁਢਾਪੇ ਵਿੱਚ ਇਸ ਦਾ ਕੀ ਹਾਲ ਹੋਵੇਗਾ । ਕੀ ਪਤਾ ਉਹ ਮੈਨੂੰ ਕਹਿਣਾ ਚਾਹੁੰਦੇ ਹੋਣਗੇ ਕਿ ਜਦ ਤੂੰ ਮਰ ਜਾਵੇਂਗਾ ਤਾਂ ਇਸ ਦਾ ਕੀ ਹਾਲ ਹੋਵੇਗਾ । ਮੈਂ ਉਨ੍ਹਾਂ ਨੂੰ ਕਿਹਾ ਜੀ ਮੈਂ ਦੋ ਮੁੰਡੇ ਪੜ੍ਹਾਏ ਹਨ । ਇਕ ਦਾ ਇਕ ਸਾਲ ਦਾ ਦਸਵੀਂ ਜਮਾਤ ਦਾ ਰੋਟੀ ਪਾਣੀ ਸਮੇਤ ਸਾਰਾ ਖ਼ਰਚ ਤੇ ਦੋ ਸਾਲ ਦਾ ਵਿਦਵਾਨੀ ਤੇ ਗਿਆਨੀ ਕਲਾਸਾਂ ਦਾ ਓਰੀਐਂਟਲ ਕਾਲਜ ਦਾ ਸਾਰਾ ਖ਼ਰਚ ਦਿੱਤਾ ਅਤੇ ਉਸ ਦੇ ਭਰਾ ਦਾ ਸੱਤ ਸਾਲ ਦੀ ਪੜ੍ਹਾਈ ਦਾ ਸਾਰਾ ਖ਼ਰਚ ਦਿੱਤਾ । ਮੈਂ ਉਨ੍ਹਾਂ ਤੋਂ ਵਾਇਦਾ ਲਿਆ ਹੈ ਕਿ ਮੇਰੇ ਮਰਨ ਦੇ ਪਿੱਛੋਂ ਉਹ ਇਸ ਨੂੰ ਸਾਂਭਣਗੇ । ਜਿਹੜੇ ਮੁੰਡੇ ਮੈਂ ਪੜ੍ਹਾਏ ਸਨ ਉਨ੍ਹਾਂ ਵਿੱਚੋਂ ਇਕ ਤਾਂ ਆਪਣੇ ਦੋ ਪੁੱਤਰਾਂ ਨੂੰ ਲੈ ਕੇ ਅਮਰੀਕਾ ਚਲਿਆ ਗਿਆ ਹੈ ਤੇ ਦੂਜਾ ਸਰੀਰ ਤੋਂ ਨਕਾਰਾ ਹੋ ਚੁੱਕਿਆ ਹੈ । ਪਰ, ਲੂਲ੍ਹੇ ਨੂੰ ਤਾਂ ਅਨੀਮਾ ਰੋਜ਼ ਹੁੰਦਾ ਹੈ ਤੇ ਦੋ ਬੰਦੇ ਉਸ ਨੂੰ ਰੋਜ਼ ਅਨੀਮਾ ਕਰਾਉਂਦੇ ਹਨ । ਅਨੀਮੇ ਵਾਲੇ ਬੰਦੇ ਉਸ ਨੂੰ ਇਸ਼ਨਾਨ ਵੀ ਕਰਾਉਂਦੇ ਹਨ । ਇਕ ਆਦਮੀ ਹਰ ਵੇਲੇ ਉਸ ਦੀ ਨਿਗਰਾਨੀ 'ਤੇ ਰਹਿੰਦਾ ਹੈ । ਇਸ ਨੂੰ ਰੋਟੀ ਖੁਆਉਣੀ ਪੈਂਦੀ ਹੈ ਤੇ ਪਾਣੀ ਪਿਆਉਣਾ ਪੈਂਦਾ ਹੈ; ਸਭ ਕੰਮ ਸੇਵਾਦਾਰਾਂ ਨੂੰ ਕਰਨੇ ਪੈਂਦੇ ਹਨ ।

ਅੱਜ ੧੯੯੧ ਦੇ ਮਹੀਨਾ ਜੂਨ ਦੀ ਦੋ ਤਾਰੀਖ਼ (ਜੇਠ ਸੁਦੀ ਦੂਜ) ਨੂੰ ਮੇਰੀ ਉਮਰ ਦਾ ੮੭ਵੇਂ ਸਾਲ ਦਾ ਅਖ਼ੀਰਲਾ ਦਿਨ ਹੈ । ਲੂਲ੍ਹਾ ਜਿਊਂਦਾ ਹੈ, ਉਹ ਇਸ ਵੇਲੇ ੬੨ ਸਾਲ ਦੀ ਉਮਰ ਤੋਂ ਘੱਟ ਨਹੀਂ ਹੋਵੇਗਾ, ਉੱਤੇ ਹੀ ਹੋਵੇਗਾ । ਉਹ ਦਿਨ ਵਿੱਚ ਮੇਰੇ ਪੱਟਾਂ ਵਿੱਚ ਲੇਟਦਾ ਹੈ । ਜਦੋਂ ਲੂਲ੍ਹੇ ਨੂੰ ਆਏ ਨੂੰ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਤਾਂ ਇਕ ਡਾਕਟਰ ਨੇ ਮੈਨੂੰ ਕਿਹਾ ਸੀ ਕਿ ਲੂਲ੍ਹਿਆਂ ਦੀ ਉਮਰ ੩੦ ਕੁ ਸਾਲ ਦੀ ਹੁੰਦੀ ਹੈ । ਇਹ ਗੱਲ ਸੁਣ ਕੇ ਮੈਂ ਡਰ ਗਿਆ ਸਾਂ ਕਿ ਲੂਲ੍ਹਾ ਮੈਨੂੰ ਛੱਡ ਜਾਵੇਗਾ । ਦੁਨੀਆਂ ਦੇ ਡਾਕਟਰ ਹੈਰਾਨ ਹਨ ਕਿ ਇਹ ਦੁਨੀਆਂ ਦਾ ਪਹਿਲਾ ਲੂਲ੍ਹਾ ਹੈ ਜਿਹੜਾ ੩੦ ਸਾਲ ਤੋਂ ਉੱਪਰ ਜੀਅ ਰਿਹਾ ਹੈ । ਉਹ ਕਮਜ਼ੋਰ ਹੁੰਦਾ ਜਾ ਰਿਹਾ ਹੇ । ਮੈਂ ਕਈ ਵਾਰੀ ਰੋ ਪੈਂਦਾ ਹਾਂ ਕਿ ਇਹ ਮੈਨੂੰ ਛੱਡ ਜਾਵੇਗਾ ਤਾਂ ਇਸ ਦੀ ਬੱਚਿਆਂ ਵਰਗੀ ਜੁਦਾਈ



ਨੂੰ ਕਿਵੇਂ ਸਹਾਰਾਂਗਾ । ਇਸ ਤੋਂ ਬਿਨਾਂ ਇਕੱਲਾ ਹੋ ਜਾਵਾਂਗਾ । ੨੩ ਜੂਨ ੧੯੩੦ ਨੂੰ ਮੇਰੀ ਮਾਂ ਮਰੀ ਸੀ । ਸੰਨ ੧੯੦੪ ਵਿੱਚ ਮੇਰਾ ਜਨਮ ਹੋਇਆ ਸੀ । ਜਦ ਮੇਰੀ ਮਾਂ ਬਿਮਾਰ ਸੀ ਤਾਂ ਮੈਂ ਸੋਚਦਾ ਹੁੰਦਾ ਸੀ ਕਿ ਜਦ ਮਾਂ ਮਰ ਗਈ ਤਾਂ ਮੇਰਾ ਕੌਣ ਸਾਥੀ ਰਹੇਗਾ । ਵਿਆਹ ਤਾਂ ਮੈਂ ਕਰਾਉਣਾ ਨਹੀਂ ਸੀ, ਨਾ ਮੈਨੂੰ ਪ੍ਰਤੀ-ਦਿਨ ਦੇ ਅਲੌਕਿਕ ਦਿਲ-ਪ੍ਰਚਾਵਿਆਂ ਵਿੱਚ ਵਿਆਹ ਦਾ ਖ਼ਿਆਲ ਆਉਣਾ ਸੀ । ਵਾਹਿਗੁਰੂ ਦੀ ਮਿਹਰ ਹੋਈ ਕਿ ਮਾਂ ਦੀ ਪਿਆਰ ਵਾਲੀ ਥਾਂ ਮੱਲਣ ਲਈ ਲੂਲ੍ਹਾ ਮੈਨੂੰ ਮਿਲ ਗਿਆ ।

Call not that man wretched who whatever ill he suffers has a child to love. —Southey

ਅਰਥਾਤ ਕੋਈ ਬੰਦਾ ਭਾਵੇਂ ਕਿੰਨੀਆਂ ਬਿਪਤਾਵਾਂ ਵਿੱਚ ਹੋਵੇ, ਪਰ ਜੇ ਉਸ ਪਾਸ ਖੇਡਣ ਲਈ ਬੱਚਾ ਹੈ ਤਾਂ ਉਸ ਨੂੰ ਪੀੜਿਤ ਤੇ ਦੁਖੀ ਬੰਦਾ ਨਾ ਸਮਝੀਂ ।

ਮੈਂ ਵਿਆਹ ਨਹੀਂ ਕਰਾਇਆ । ਨਾ ਮੇਰਾ ਪੁੱਤਰ ਜੰਮਣਾ ਸੀ ਨਾ ਮੇਰਾ ਪੋਤਰਾ, ਨਾ ਮੇਰਾ ਦੋਹਤਰਾ । ਇਸ ਲਈ ਰੱਬ ਨੇ ਮੈਨੂੰ ਲੂਲ੍ਹਾ ਦੇ ਦਿੱਤਾ ਜਿਹੜਾ ਸਦਾ ਬੱਚਾ ਬਣਿਆ ਰਹੇ । ਉਸ ਦੀ ਹਰ ਹਰਕਤ ਬੱਚਿਆਂ ਵਾਲੀ ਹੁੰਦੀ ਹੈ । ਸੇਵਾਦਾਰ ਤੇ ਬਾਹਰਲੇ ਬੰਦੇ ਉਸ ਦੀਆਂ ਬੱਚਿਆਂ ਵਾਲੀਆਂ ਗੱਲਾਂ, ਬੋਲਾਂ ਤੇ ਹਰਕਤ ਨੂੰ ਦੇਖ ਕੇ ਖ਼ੁਸ਼ ਹੁੰਦੇ ਰਹਿੰਦੇ ਹਨ ।

ਜਿਹੜਾ ਬੰਦਾ ਉਦਾਸ ਹੋਵੇ ਉਸ ਦੇ ਪਾਸ ਆ ਜਾਵੇ ਤਾਂ ਉਸ ਨਾਲ ਗੱਲਾਂ ਕਰਕੇ ਉਦਾਸੀ ਉਡਾ ਸਕਦਾ ਹੈ । ਮੇਰਾ ਜੋ ਸਾਥ ਸੰਨ ੧੯੩੪ ਤੋਂ ਲੂਲ੍ਹੇ ਨਾਲ ਨਿਭਿਆ ਹੈ ਉਸ ਦੀ ਮੈਂ ਮਹਿਮਾ ਬਿਆਨ ਨਹੀਂ ਕਰ ਸਕਦਾ । ਇਹੀ ਖ਼ਿਆਲ ਮਨ ਵਿੱਚ ਆਉਂਦਾ ਹੈ ਕਿ ਜਿਹੋ ਜਿਹੀ ਰੱਬ ਨੇ ਮੈਨੂੰ ਦਾਤ ਦਿੱਤੀ ਹੈ ਇਹੋ ਜਿਹੀ ਮਨ ਨੂੰ ਪਵਿੱਤਰ ਰੱਖਣ ਵਾਲੀ ਮਨਮੋਹਣੀ ਦਾਤ ਰੱਬ ਨੇ ਹੋਰ ਕਿਸੇ ਨੂੰ ਦਿੱਤੀ ਨਹੀਂ ਹੋਣੀ । ਸਭ ਤੋਂ ਵੱਡੇ ਭਾਗਾਂ ਵਾਲਾ ਬੰਦਾ ਦੁਨੀਆਂ ਵਿੱਚ ਮੈਂ ਹੀ ਹਾਂ । ਰਾਜਾ ਜਨਕ ਦੀ ਕਹਾਣੀ ਦਾ ਭੇਤ ਵੀ ਲੂਲ੍ਹੇ ਦੀ ਕਹਾਣੀ ਨਾਲ ਖੁੱਲ੍ਹਦਾ ਹੈ । ਮੇਰੀ ਰੱਬ ਅੱਗੇ ਇਹੋ ਅਰਦਾਸ ਨਿਕਲਦੀ ਹੈ, ਹੇ ਵਾਹਿਗੁਰੂ! ਲੂਲ੍ਹੇ ਨੂੰ ਰਾਜ਼ੀ ਰੱਖੀਂ, ਇਹ ਮੈਨੂੰ ਛੱਡ ਨਾ ਜਾਏ । ਮੈਂ ਇਸ ਨੂੰ ਦੇਖ-ਦੇਖ ਕੇ ਜਿਊਂਦਾ ਹਾਂ । ਲੂਲ੍ਹੇ ਦੀ ਬਾਲ-ਲੀਲ੍ਹਾ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੇਠ ਲਿਖਿਆ ਸ਼ਬਦ ਯਾਦ ਕਰਾਉਂਦੀ ਰਹਿੰਦੀ ਹੈ :—

ਸਗਲ ਕੀ ਚਿੰਤਾ ਜਿਸੁ ਮਨ ਮਾਹਿ॥
ਤਿਸ ਤੇ ਬਿਰਥਾ ਕੋਈ ਨਾਹਿ॥ (ਅੰਗ ੨੮੨)

ਅਰਥਾਤ ਵਾਹਿਗੁਰੂ ਨੂੰ ਸਭਨਾਂ ਜੀਆਂ ਦੀ ਚਿੰਤਾ ਰਹਿੰਦੀ ਹੈ ਤੇ ਕੋਈ ਜੀਅ ਉਸ ਦੀ ਨਿਗ੍ਹਾ ਵਿੱਚ ਵਿਅਰਥ ਨਹੀਂ ਹੈ ।

ਲੂਲ੍ਹੇ ਦੀ ਬਿਮਾਰੀ ਦੇ ਦਿਨਾਂ ਵਿੱਚ ਮੈਂ ਸੱਤ ਮਹੀਨੇ ਹਸਪਤਾਲ ਵਿੱਚ ਰਿਹਾ—ਮਹੀਨਾ ਕਦੇ, ਮਹੀਨਾ ਕਦੇ । ਮੈਂ ਇਸ ਨੂੰ ਆਯੁਰਵੈਦਿਕ ਹਸਪਤਾਲ ਲੈ ਕੇ ਜਾਂਦਾ ਹੁੰਦਾ ਸਾਂ । ਇਕ ਵਾਰ ਲੂਲ੍ਹੇ ਨੂੰ ਮੁਹਰਕਾ ਤਾਪ ਹੋ ਗਿਆ । ਮੁਹਰਕੇ ਤਾਪ ਦੀ ਮਿਆਦ ਇੱਕੀ ਦਿਨ ਹੁੰਦੀ ਹੈ । ਲੂਲ੍ਹੇ ਦਾ ਬੁਖ਼ਾਰ ਦੋ ਦਿਨ ਵਧ ਗਿਆ । ਮੈਂ ਰੱਬ ਅੱਗੇ ਅਰਦਾਸ ਕੀਤੀ ਕਿ ਰੱਬਾ ਮੈਂ ਤੇਰੇ ਕੋਲੋਂ ਮੰਗਿਆ ਤਾਂ ਕਦੇ ਕੁਝ ਨਹੀਂ, ਨਾ ਮੰਗਣਾ ਹੈ । (ਇਹ ਗੱਲ ਸੰਨ ੧੯੩੯ ਦੀ ਹੋਣੀ ਹੈ, ਓਦੋਂ ਮੇਰੀ ਉਮਰ ੩੨ ਕੁ ਸਾਲ ਦੀ ਹੋਵੇਗੀ)। ਮੈਂ ਰੱਬ ਨੂੰ ਕਿਹਾ ਕਿ ਮੇਰਾ ਲੂਲ੍ਹਾ ਛੱਡ ਜਾ, ਇਹ ਮੇਰਾ ਖਿਡੌਣਾ ਹੈ । ਮੈਂ ਤੇਰੇ ਕੋਲੋਂ ਲੂਲ੍ਹੇ ਦੀ ਲੰਮੀ ਉਮਰ ਹੀ ਮੰਗੀ ਹੈ । ਇਸ ਨੂੰ ਲੈ ਕੇ ਮੇਰੀ ਗੋਦੀ ਖ਼ਾਲੀ ਨਾ ਕਰ ਦੇਵੀਂ । ਫਿਰ ਮੈਂ ਆਪਣੇ ਮਨ ਨੂੰ ਕਿਸ ਤਰ੍ਹਾਂ ਪ੍ਰਚਾਵਾਂਗਾ । ਫਿਰ ਤਾਂ ਮੇਰਾ ਸਾਰਾ ਜੀਵਨ ਹਰ ਵੇਲੇ ਦਿਲ-ਪ੍ਰਚਾਵੇ ਤੋਂ ਵਾਂਝਿਆਂ ਹੋ ਜਾਵੇਗਾ । ਲੂਲ੍ਹੇ ਤੋਂ ਬਿਨਾਂ ਮੈਨੂੰ ਹੋਰ ਕਿਸੇ ਚੀਜ਼ ਦੇ ਨਾ ਮਿਲਣ 'ਤੇ ਗਿਲਾ ਨਹੀਂ ਕਰਾਂਗਾ ਭਾਵੇਂ ਉਹ ਕਿੰਨੀ ਵੱਧ ਤੋਂ ਵੱਧ ਮਨਮੋਹਣੀ ਹੋਵੇ । ਨਾ ਲੂਲ੍ਹੇ ਦੇ ਸਾਥ ਨੇ ਮੇਰੀ ਨਿਗ੍ਹਾ ਕਿਸੇ ਹੋਰ ਮਨਮੋਹਣੀ ਚੀਜ਼ ਵੱਲ ਜਾਣ ਦਿੱਤੀ । ਮੈਂ ਸਾਰੀ ਉਮਰ ਲੂਲ੍ਹੇ ਨੂੰ ਗੋਦੀ ਵਿੱਚ ਲੈ ਕੇ ਭੁੰਜੇ ਬੈਠ ਕੇ ਕੱਟੀ । ਹੁਣ ਮੈਂ ਕਈ ਸਾਲਾਂ ਤੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰਲੇ ਬੂਹੇ ਵਿੱਚ ਬੈਠ ਕੇ ਸੰਗਤਾਂ ਦਾ ਭਿਖਾਰੀ ਬਣ ਕੇ ਬੈਠਦਾ ਹਾਂ । ਸੰਗਤਾਂ ਦੇ ਦਾਨ ਨਾਲ ਸੰਸਥਾ ਦਾ ਤੀਹ ਹਜ਼ਾਰ ਰੁਪਏ ਤੋਂ ਵੱਧ ਰੋਜ਼ ਦਾ ਖ਼ਰਚ ਸ੍ਰੀ ਦਰਬਾਰ ਸਾਹਿਬ ਦੀ ਓਟ 'ਤੇ ਚੱਲ ਰਿਹਾ ਹੈ । ਜੇ ਰਘੂਨਾਥ ਰਾਏ ਜਿਊਂਦਾ ਹੁੰਦਾ ਤਾਂ ਉਹ ਦੇਖਦਾ ਕਿ ਲੂਲ੍ਹਾ ਰੁਲ-ਰੁਲ ਕੇ ਮਰੇਗਾ ਜਾਂ ਉਸ ਨੂੰ ਸਾਂਭਣ ਵਾਲੀ ਸੰਸਥਾ ਪਿੰਗਲਵਾੜਾ ਨੂੰ ਚਲਾਉਣ ਲਈ ਦੁਨੀਆਂ ਭਰ ਦੇ ਸਿੱਖ ਤਿਆਰ ਹੋ ਚੁੱਕੇ ਹਨ । ਸੰਨ ੧੯੯੨ ਦੇ ਜੂਨ ਮਹੀਨੇ ਵਿੱਚ ਇਕ ਗੁਰਸਿੱਖ ਦਾਨ ਲੈ ਕੇ ਆਇਆ । ਉਸ ਨੇ ਦੱਸਿਆ ਕਿ ਇਕ ਮੁੰਡਾ ਕਿਸੇ ਦੇਸ਼ ਵਿੱਚ ਕਵਿਤਾ ਪੜ੍ਹਦਾ ਹੈ ਤੇ ਉਹ ਤੈਨੂੰ (ਭਗਤ ਪੂਰਨ ਸਿੰਘ ਨੂੰ) ਇਕੱਠੇ ਹੋਏ ਪੈਸੇ ਭੇਜ ਛੱਡਦਾ ਹੈ । ਅਮਰੀਕਾ, ਕੈਨੇਡਾ ਤੇ ਇੰਗਲੈਂਡ ਦੇ ਗੁਰਦੁਆਰਿਆਂ ਵਿੱਚ



ਪਿੰਗਲਵਾੜੇ ਦੇ ਡੱਬੇ ਲੱਗੇ ਹੋਏ ਹਨ । ਬੀਬੀ ਚੰਨਣ ਕੌਰ ਡੱਬਾ ਲੈ ਕੇ ਕਈ ਸਾਲਾਂ ਤੋਂ ਸਾਊਥ ਹਾਲ ਇੰਗਲੈਂਡ ਤੋਂ ਦਾਨ ਇਕੱਠਾ ਕਰਦੀ ਹੈ ਤੇ ਸਾਨੂੰ ਕਈ ਲੱਖ ਰੁਪਏ ਭੇਜ ਚੁੱਕੀ ਹੈ ।

ਆਯੁਰਵੈਦਿਕ ਹਸਪਤਾਲ ਡੇਹਰਾ ਸਾਹਿਬ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸੀ । ਮੈਂ ਪ੍ਰਸ਼ਾਦਾ ਛਕਣ ਲਈ ਲੂਲ੍ਹੇ ਨੂੰ ਛੱਡ ਕੇ ਦੋ ਵਾਰ ਦੋ ਕਿਲੋਮੀਟਰ ਦਾ ਪੈਂਡਾ ਕਰਨ ਲਈ ਸਮਾਂ ਨਹੀਂ ਕੱਢ ਸਕਦਾ ਸੀ । ਲੂਲ੍ਹੇ ਨੂੰ ਮੈਂ ਪਿਸ਼ਾਬ ਕਰਾਉਣਾ ਸੀ । ਉਸ ਨੇ ਇਸ਼ਾਰਿਆਂ ਨਾਲ ਹੀ ਦੱਸਣਾ ਹੁੰਦਾ ਸੀ ਕਿ ਪਿਸ਼ਾਬ ਆਇਆ ਹੈ, ਟੱਟੀ ਆਈ ਹੈ, ਪਾਣੀ ਪੀਣਾ ਹੈ ਜਾਂ ਰੋਟੀ ਖਾਣੀ ਹੈ । ਫੇਰ ਉਹ ਉਦਾਸ ਹੋਣਾ ਸੀ । ਹਸਪਤਾਲ ਵਿੱਚ ਉਹ ਹਰ ਵੇਲੇ ਮੇਰੇ ਪੱਟਾਂ ਵਿੱਚ ਲੇਟਦਾ ਸੀ । ਹਾਲਤ ਇਹ ਸੀ ਕਿ ਜਾਂ ਮੈਂ ਲੂਲ੍ਹੇ ਨੂੰ ਹਰ ਵੇਲੇ ਪੱਟਾਂ ਵਿੱਚ ਰੱਖਦਾ ਜਾਂ ਉਸ ਦੇ ਨਾਲ ਲੇਟ ਜਾਂਦਾ । ਉਸ ਹਸਪਤਾਲ ਦੇ ਇਲਾਕੇ ਵਿੱਚ ਮੈਂ ਤੰਦੂਰ ਤੋਂ ਹੀ ਰੋਟੀ ਦੋਨੋਂ ਵੇਲੇ ਮੁੱਲ ਲੈ ਕੇ ਖਾ ਸਕਦਾ ਸਾਂ । ਪਰ ਵਾਹਿਗੁਰੂ ਨੇ ਮਿਹਰ ਕੀਤੀ ਕਿ ਹਸਪਤਾਲ ਦੇ ਬੂਹੇ ਅੱਗੇ ਇਕ ਢਾਬਾ ਸੀ ਜਿਸ ਤੋਂ ਕਾਲਜਾਂ ਦੇ ਵਿਦਿਆਰਥੀ ਰੋਟੀ ਖਾਂਦੇ ਹੁੰਦੇ ਸਨ । ਇਸ ਲਈ ਵਧੀਆ ਆਟਾ ਹੁੰਦਾ ਸੀ ਤੇ ਵਧੀਆ ਸਬਜ਼ੀ ਬਣਦੀ ਹੁੰਦੀ ਸੀ । ਢਾਬੇ ਦਾ ਮਾਲਕ ਹੁਸ਼ਿਆਪੁਰ ਜ਼ਿਲ੍ਹੇ ਦੇ ਇਕ ਪਿੰਡ ਦਾ ਬੰਦਾ ਬਚਨ ਸਿੰਘ ਸੀ । ਦੇਸ਼ ਦੀ ਵੰਡ ਦੇ ਪਿੱਛੋਂ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਸਰ੍ਹਾਂ ਦੇ ਲਾਗੇ ਆ ਕੇ ਦੁੱਧ ਦੀ ਹੱਟੀ ਚੌਂਕ ਪ੍ਰਾਗਦਾਸ ਵਿੱਚ ਖੋਲ੍ਹੀ । ਸੰਨ ੧੯੯੨ ਵਿੱਚ ਉਸ ਦਾ ਭਰਾ ਉਹ ਹੱਟੀ ਕਰ ਰਿਹਾ ਹੈ । ਬਚਨ ਸਿੰਘ ਮਰ ਚੁੱਕਿਆ ਹੈ । ਕੋਈ ਪ੍ਰਸ਼ਾਦਾ ਅੱਧਾ ਸੜਿਆ ਹੋਇਆ ਵੀ ਹੁੰਦਾ ਸੀ ਤੇ ਕੋਈ ਅੱਧਾ ਕੱਚਾ ਵੀ ਹੁੰਦਾ ਸੀ ਪਰ ਬਚਨ ਸਿੰਘ ਖ਼ੁਸ਼ੀ ਨਾਲ ਮੈਨੂੰ ਸੱਤ ਮਹੀਨੇ ਦੋਨੋਂ ਵੇਲੇ ਮੁਫ਼ਤ ਰਜਵੇਂ ਪ੍ਰਸ਼ਾਦੇ ਤੇ ਰੱਜਵੀਂ ਦਾਲ ਸਬਜ਼ੀ ਦਿੰਦਾ ਰਿਹਾ । ਲੂਲ੍ਹੇ ਨੂੰ ਖਿੱਚੜੀ, ਦਲੀਆ ਤੇ ਦੁੱਧ ਹਸਪਤਾਲ ਤੋਂ ਮਿਲਦਾ ਸੀ । ਜੇ ਕਿਤੇ ਮੈਨੂੰ ਉਸ ਲਈ ਖਿੱਚੜੀ ਆਪ ਬਣਾਉਣੀ ਪੈਂਦੀ ਜਾਂ ਦੁੱਧ ਮੁੱਲ ਲੈਣਾ ਪੈਂਦਾ ਤਾਂ ਫਿਰ, ਮੇਰੇ ਲਈ ਉਹ ਸਮੱਸਿਆ ਪੈਦਾ ਹੁੰਦੀ ਜਿਸ ਦਾ ਕੋਈ ਰਾਹ ਵਾਹਿਗੁਰੂ ਪਤਾ ਨਹੀਂ ਕੀ ਕੱਢਦਾ ਜਾਂ ਲੂਲ੍ਹਾ ਬਿਨ ਆਈ ਮੌਤ ਹੀ ਮਰ ਜਾਂਦਾ ।

ਸੁਖਮਨੀ ਸਾਹਿਬ ਦਾ ਪਾਠ ਪ੍ਰਤੀ-ਦਿਨ ਕਰਨ ਵਾਲੇ ਕਰਨਲ ਸਾਹਿਬ ਨੇ ਲੂਲ੍ਹੇ ਬਾਰੇ ਆਪਣੀ ਚਿੰਤਾ ਪ੍ਰਗਟ ਕਰਨ ਦੇ ਪਿੱਛੋਂ ਮੈਨੂੰ ਜੋਗਿੰਦਰ

ਸਿੰਘ ਵਿਦਿਆਰਥੀ ਬਾਰੇ ਕਿਹਾ ਕਿ ਮੈਂ ਵਿਦਿਆਰਥੀ ਨੂੰ ਸਹਾਇਤਾ ਦੇਣ ਲਈ ਤਿਆਰ ਹਾਂ ਪਰ ਸ਼ਰਤ ਇਹ ਹੈ ਕਿ ਵਿਦਿਆਰਥੀ ਪੜ੍ਹਾਈ ਵਿੱਚ ਹੁਸ਼ਿਆਰ ਹੋਵੇ ਅਤੇ ਉਸ ਬਾਰੇ ਮੈਨੂੰ ਇਹ ਤਸਦੀਕ ਵੀ ਹੋਣੀ ਚਾਹੀਦੀ ਹੈ ਕਿ ਉਹ ਪੜ੍ਹਾਈ ਵਿੱਚ ਹੁਸ਼ਿਆਰ ਹੈ । ਉਨ੍ਹਾਂ ਨੇ ਕਿਹਾ ਕਿ ਰਾਜਿੰਦਰ ਸਿੰਘ ਨਾਮ ਦਾ ਇਕ ਪ੍ਰੋਫ਼ੈਸਰ ਵੀ ਉਸ ਕਾਲਜ ਵਿੱਚ ਹੈ, ਜਿਸ ਦੇ ਨੱਕ ਦਾ ਮੈਂ ਓਪਰੇਸ਼ਨ ਕੀਤਾ ਸੀ । ਉਸ ਪਾਸੋਂ ਵਿਦਿਆਰਥੀ ਲਿਖਵਾ ਲਿਆਵੇ ਕਿ ਉਹ ਪੜ੍ਹਾਈ ਵਿੱਚ ਹੁਸ਼ਿਆਰ ਹੈ ਜਾਂ ਪ੍ਰਿੰਸੀਪਲ ਤੋਂ ਲਿਖਵਾ ਲਿਆਵੇ ਕਿ ਵਿਦਿਆਰਥੀ ਹੁਸ਼ਿਆਰ ਹੈ । ਇਤਫ਼ਾਕ ਅਜਿਹਾ ਹੋਇਆ ਕਿ ਜੋਗਿੰਦਰ ਸਿੰਘ ਨੂੰ ਕਾਲਜ ਤੋਂ ਤਸਦੀਕ ਦੀ ਚਿੱਠੀ ਲਿਆਉਣ ਵਿੱਚ ਦੇਰ ਹੋ ਗਈ ਤੇ ਕਰਨਲ ਸਾਹਿਬ ਗਰਮੀਆਂ ਦੀਆਂ ਛੁੱਟੀਆਂ ਵਿੱਚ ਗਰਮੀਆਂ ਦਾ ਕੁਝ ਸਮਾਂ ਪਹਾੜਾਂ ਦੀ ਠੰਢ ਵਿੱਚ ਗੁਜ਼ਾਰਨ ਲਈ ਸ਼ਿਮਲੇ ਚਲੇ ਗਏ । ਜਦ ਕਰਨਲ ਸਾਹਿਬ ਸ਼ਿਮਲੇ ਤੋਂ ਆਏ ਤਾਂ ਮੈਂ ਉਨ੍ਹਾਂ ਨੂੰ ਜੋਗਿੰਦਰ ਸਿੰਘ ਬਾਰੇ ਮਿਲਣ ਲਈ ਉਨ੍ਹਾਂ ਦੀ ਕੋਠੀ ਗਿਆ । ਕਰਨਲ ਸਾਹਿਬ ਦੀ ਕੋਠੀ ਡੇਹਰਾ ਸਾਹਿਬ ਤੋਂ ਪੰਜ ਛੇ ਕਿਲੋਮੀਟਰ ਦੀ ਦੂਰੀ ’ਤੇ ਸੀ । ਮੈਂ ਉਨ੍ਹਾਂ ਨੂੰ ਹਸਪਤਾਲ ਜਾਣ ਦੇ ਸਮੇਂ ਤੋਂ ਪਹਿਲਾਂ ਉਨ੍ਹਾਂ ਦੀ ਕੋਠੀ ਪੁੱਜ ਗਿਆ । ਮੈਂ ਪੈਦਲ ਹੀ ਜਾਣਾ ਸੀ ਤੇ ਪੈਦਲ ਤੁਰ ਕੇ ਹੀ ਵਾਪਸ ਆਉਣਾ ਸੀ । ਲੂਲ੍ਹੇ ਨੂੰ ਮੈਂ ਕਿਸੇ ਪਰਿਵਾਰ ਦੇ ਘਰ ਛੱਡ ਗਿਆ ।

ਕਰਨਲ ਸਾਹਿਬ ਦੇ ਘਰ ਜਾ ਕੇ ਪਤਾ ਲੱਗਿਆ ਕਿ ਕਰਨਲ ਸਾਹਿਬ ਸਵੇਰੇ ਪਾਠ ਕਰਨ ਵਾਲੇ ਕਮਰੇ ਵਿੱਚ ਬੈਠੇ ਹੁੰਦੇ ਹਨ । ਉਨ੍ਹਾਂ ਦੀ ਘਰਵਾਲੀ ਵੀ ਉਸ ਸਮੇਂ ਉਨ੍ਹਾਂ ਦੇ ਕਮਰੇ ਅੰਦਰ ਨਹੀਂ ਜਾ ਸਕਦੀ ਸੀ । ਉਸ ਵੇਲੇ ਉਹ ਬਿਲਕੁਲ ਇਕੱਲੇ ਰਹਿੰਦੇ ਸਨ । ਕਰਨਲ ਸਾਹਿਬ ਹਸਪਤਾਲ ਜਾਣ ਲਈ ਕੋਠੀ ਤੋਂ ਬਾਹਰ ਨਿਕਲੇ । ਮੈਨੂੰ ਕਹਿਣ ਲੱਗੇ ਪੂਰਨ ਸਿੰਘ ਮੇਰਾ ਹਸਪਤਾਲ ਜਾਣ ਦਾ ਸਮਾਂ ਹੋ ਗਿਆ ਹੈ । ਹਸਪਤਾਲ ਆ ਕੇ ਮੇਰੇ ਨਾਲ ਗੱਲ ਕਰੀਂ । ਮੇਰੇ ਸ਼ਿਮਲੇ ਜਾਣ ਤੋਂ ਪਹਿਲਾਂ ਮੁੰਡੇ ਨੇ ਆਪ ਪੈਸੇ ਲੈਣ ਵਿੱਚ ਦੇਰ ਕੀਤੀ ਹੈ । ਮੈਨੂੰ ਉਨ੍ਹਾਂ ਨੇ ਇਹ ਗੱਲ ਕਹੀ ਕਿ ਮੈਂ ਸ਼ਿਮਲੇ ਜਾਣ ਤੋਂ ਪਹਿਲਾਂ ਉਡੀਕਦਾ ਰਿਹਾ ਕਿ ਮੁੰਡਾ ਮੇਰੇ ਕੋਲ ਆ ਕੇ ਪੈਸੇ ਲੈ ਜਾਏ; ਪਰ ਉਹ ਨਾ ਆਇਆ ।

ਮੈਂ ਹਸਪਤਾਲ ਪਹੁੰਚ ਗਿਆ । ਕਰਨਲ ਸਾਹਿਬ ਦਫ਼ਤਰ ਵਿੱਚ ਬੈਠ ਕੇ ਕੰਮ ਕਰ ਰਹੇ ਸਨ । ਉਹ ਦਿਨ ਉਨ੍ਹਾਂ ਦੇ ਓਪਰੇਸ਼ਨ ਕਰਨ ਦਾ ਦਿਨ



ਨਹੀਂ ਸੀ; ਦਫ਼ਤਰ ਦਾ ਦਿਨ ਸੀ । ਕਰਨਲ ਸਾਹਿਬ ਨੇ ਮੈਨੂੰ ਅੰਦਰ ਬੁਲਾ ਲਿਆ । ਉਹ ਕਹਿਣ ਲੱਗੇ ਕਿ ਪੂਰਨ ਸਿੰਘ ਦਫ਼ਤਰ ਦਾ ਕੰਮ ਸਾਨੂੰ ਇੰਨਾ ਜ਼ਿਆਦਾ ਹੁੰਦਾ ਹੈ ਕਿ ਬੜਾ ਸਮਾਂ ਖ਼ਰਚ ਕਰਨਾ ਪੈਂਦਾ ਹੈ । ਜੇ ਅਸੀਂ ਕਿਸੇ ਨੂੰ ਮਿਲਣ ਲਈ ਢਿੱਲ ਕਰੀਏ ਜਾਂ ਘੱਟ ਸਮਾਂ ਦੇਈਏ ਤਾਂ ਅਗਲਾ ਗਿਲਾ ਕਰਦਾ ਹੈ ਕਿ ਬੜਾ ਹੰਕਾਰੀ ਆਦਮੀ ਹੈ । ਪਰ ਗੱਲ ਇਹ ਨਹੀਂ ਹੁੰਦੀ, ਸਾਡੀ ਮਜ਼ਬੂਰੀ ਹੁੰਦੀ ਹੈ । ਮੈਨੂੰ ਕਹਿਣ ਲੱਗੇ ਕਿ ਮੁੰਡਾ ਪ੍ਰਿੰਸੀਪਲ ਰਾਜਿੰਦਰ ਸਿੰਘ ਤੋਂ ਲਿਖਵਾ ਲਿਆਵੇ ਮੈਂ ਪੈਸੇ ਦੇ ਦਿਆਂਗਾ । ਮੈਂ ਸ਼ਾਇਦ ਉਨ੍ਹਾਂ ਨੂੰ ਉਸੇ ਵੇਲੇ ਇਹ ਗੱਲ ਕਹਿ ਦਿੱਤੀ ਕਿ ਕਰਨਲ ਸਾਹਿਬ ਮੈਨੂੰ ਆਪਣਾ ਮਾਂ ਜਾਇਆ ਭਰਾ ਬਣਾ ਲਵੋ । ਉਨ੍ਹਾਂ ਨੇ ਕਿਹਾ ਬੜੀ ਖ਼ੁਸ਼ੀ ਨਾਲ ਮਾਂ ਜਾਇਆ ਭਰਾ ਬਣ ਜਾਉ । ਕਰਨਲ ਸਾਹਿਬ ਦੀ ਸਾਰੀ ਪੜ੍ਹਾਈ ਜੀਂਦ ਰਿਆਸਤ ਦੀ ਮਹਾਰਾਣੀ ਨੇ ਕਰਾਈ ਸੀ । ਮਹਾਰਾਣੀ ਨੇ ਉਨ੍ਹਾਂ ਨੂੰ ਡਾਕਟਰੀ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਭੇਜਿਆ ਸੀ । ਮਹਾਰਾਣੀ ਨੇ, ਕਰਨਲ ਸਾਹਿਬ ਨਾਲ ਇਕ ਨੌਕਰ ਰੋਟੀ ਪਕਾਉਣ ਲਈ ਤੇ ਸੇਵਾ ਦੇ ਹੋਰ ਕੰਮਾਂ ਲਈ ਭੇਜਿਆ ਸੀ । ਕਰਨਲ ਸਾਹਿਬ ਬਹੁਤ ਖ਼ੂਬਸੂਰਤ ਸਨ । ਉਨ੍ਹਾਂ ਦਾ ਚਿਹਰਾ ਭਰਿਆ ਹੋਇਆ ਸੀ । ਉਨ੍ਹਾਂ ਦੇ ਦਰਸ਼ਨ ਕਰ ਕੇ ਮਨ ਪ੍ਰਸੰਨ ਹੋ ਜਾਂਦਾ ਹੁੰਦਾ ਸੀ । ਉਹ ਅੰਗਰੇਜ਼ਾਂ ਵਾਂਗ ਹੈਟ ਪਹਿਨਦੇ ਹੁੰਦੇ ਸਨ । ਕੋਈ ਬੰਦਾ ਇਹ ਗੱਲ ਮੰਨ ਸਕਦਾ ਹੈ ਕਿ ਜਿਸ ਆਦਮੀ ਨੂੰ ਮਹਾਰਾਣੀ ਨੇ ਪੜ੍ਹਾਇਆ ਹੋਵੇ ਤੇ ਇੰਗਲੈਂਡ ਨੌਕਰ ਨਾਲ ਭੇਜਿਆ ਗਿਆ ਹੋਵੇ, ਉਸ ਨੂੰ ਕੋਈ ਗ਼ਰੀਬ ਬੰਦਾ ਕਹੇ ਮੇਰਾ ਮਾਂ ਜਾਇਆ ਭਰਾ ਬਣ ਜਾ ਤੇ ਉਹ ਮਾਂ ਜਾਇਆ ਭਰਾ ਬਣਨ ਲਈ ਖ਼ੁਸ਼ੀ ਨਾਲ ਤਿਆਰ ਹੋ ਜਾਵੇ? ਇਹ ਮੇਰੇ ਮਨ ਦੇ ਭਰੋਸੇ ਤੇ ਜੀਵਨ ਦੇ ਅਥਾਹ ਉਤਸ਼ਾਹ ਦੀ ਪ੍ਰਾਪਤੀ ਸੀ । ਕਰਨਲ ਸਾਹਿਬ ਨੇ ਵਿਦਿਆਰਥੀ ਨੂੰ ੪੫ ਦੇ ਕਰੀਬ ਰੁਪਏ ਦੇ ਦਿੱਤੇ । ਰੁਪਏ ਦੇਣ ਤੋਂ ਪਿੱਛੋਂ, ਕਰਨਲ ਸਾਹਿਬ ਟੈਲੀਫ਼ੋਨ ’ਤੇ ਕਾਲਜ ਦੇ ਪ੍ਰਿੰਸੀਪਲ ਤੋਂ ਜੋਗਿੰਦਰ ਸਿੰਘ ਬਾਰੇ ਪੁੱਛਣ ਲੱਗ ਪਏ ਸਨ ਕਿ ਉਹ ਪੜ੍ਹਾਈ ਵਿੱਚ ਕੈਸਾ ਚੱਲ ਰਿਹਾ ਹੈ । ਕਰਨਲ ਸਾਹਿਬ ਦੇ ਕਾਲਜ ਵਿੱਚ ਟੈਲੀਫ਼ੋਨ ਆਉਣ ਨਾਲ ਕਾਲਜ ਦੇ ਵਿਦਿਆਰਥੀਆਂ ਤੇ ਪ੍ਰੋਫ਼ੈਸਰਾਂ ਨੂੰ ਖ਼ਿਆਲ ਪੈਦਾ ਹੋ ਗਿਆ ਕਿ ਉਹ ਮੁੰਡਾ ਕਰਨਲ ਸਾਹਿਬ ਦਾ ਰਿਸ਼ਤੇਦਾਰ ਹੈ । ਮੇਰਾ ਖ਼ਿਆਲ ਹੈ ਕਿ ਮੈਨੂੰ ਜੋਗਿੰਦਰ ਸਿੰਘ ਵਿਦਿਆਰਥੀ ਨੇ ਇਹ ਸ਼ਬਦ ਕਹੇ ਕਿ ਮੈਂ ਰੱਬ ਦਾ ਸ਼ੁਕਰ ਕਰਦਾ ਹਾਂ ਕਿ ਉਸ ਨੇ ਮੈਨੂੰ ਗ਼ਰੀਬ ਬਣਾਇਆ

ਜਿਸ ਗ਼ਰੀਬੀ ਦੇ ਕਾਰਨ ਮੈਂ ਕਰਨਲ ਸਾਹਿਬ ਦੀ ਨਿਗ੍ਹਾ ਵਿੱਚ ਆਇਆ ਤੇ ਉਨ੍ਹਾਂ ਦੇ ਪਿਆਰ ਦਾ ਪਾਤਰ ਬਣਿਆ ।

ਮਿਓ ਹਸਪਤਾਲ ਵਿੱਚ ਮੈਂ ੧੯੨੭ ਦੇ ਮਹੀਨਾ ਫ਼ਰਵਰੀ ਦੀ ਛੇ ਤਾਰੀਖ ਤੋਂ ਲੈ ਕੇ ਅੱਠ ਮਹੀਨੇ ਕੰਪਾਊਂਡਰੀ ਦਾ ਕੰਮ ਸਿੱਖਿਆ ਸੀ । ਇਸ ਲਈ ਮਿਓ ਹਸਪਤਾਲ ਦੇ ਕਰਮਚਾਰੀਆਂ ਨੂੰ ਪਤਾ ਲੱਗ ਗਿਆ ਸੀ ਕਿ ਮੇਰਾ ਕਰਨਲ ਸਾਹਿਬ ਨਾਲ ਚੰਗਾ ਮੇਲ-ਮਿਲਾਪ ਹੋ ਗਿਆ ਹੈ । ਉਸ ਹਸਤਪਾਲ ਦਾ ਇਕ ਕਰਮਚਾਰੀ ਐਕਸ-ਰੇ ਦੇ ਮਹਿਕਮੇ ਵਿੱਚ ਨੌਕਰ ਸੀ । ਉਸ ਨੇ ਮੈਨੂੰ ਕਿਹਾ ਕਿ ਮੈਂ ਕਰਨਲ ਸਾਹਿਬ ਪਾਸ ਉਸ ਦੀ ਸਿਫ਼ਾਰਸ਼ ਕਰਾਂ । ਉਸ ਦੀ ਸਿਫ਼ਾਰਸ਼ ਕਰਾਉਣ ਲਈ ਮੈਂ ਕਰਨਲ ਸਾਹਿਬ ਪਾਸ ਗਿਆ । ਦਿਨ ਦੇ ਦੋ ਵਜੇ ਮੈਂ ਕਰਨਲ ਸਾਹਿਬ ਦੀ ਕੋਠੀ ਪੁੱਜਿਆ। ਕੋਠੀ ਪੁੱਜਣ ’ਤੇ ਮੈਨੂੰ ਕਰਨਲ ਸਾਹਿਬ ਦੇ ਰਿਹਾਇਸ਼ੀ ਕਮਰੇ ਦੇ ਅੰਦਰ ਅੱਠ ਕੁ ਸਾਲਾਂ ਦੇ ਪੁੱਤਰ ਦੇ ਉੱਚੀ-ਉੱਚੀ ਸ਼ੋਰ ਮਚਾਉਣ ਦੀ ਆਵਾਜ਼ ਆਈ ਜਿਸ ਤੋਂ ਮੈਂ ਅੰਦਾਜ਼ਾ ਲਗਾਇਆ ਕਿ ਕਰਨਲ ਸਾਹਿਬ ਬੱਚਿਆਂ ਦੇ ਰੌਲੀ ਪਾਉਣ ’ਤੇ ਉਨ੍ਹਾਂ ਨੂੰ ਗੁੱਸੇ ਨਹੀਂ ਹੁੰਦੇ । ਕਰਨਲ ਸਾਹਿਬ ਨੇ ਮਾਮੂਲੀ ਕੀਮਤ ਵਾਲਾ ਕੁੜਤਾ ਪਜਾਮਾ ਪਹਿਨਿਆ ਹੋਇਆ ਸੀ । ਮੈਨੂੰ ਦਰਸ਼ਨ ਦੇਣ ਲਈ ਕਰਨਲ ਸਾਹਿਬ ਕਮਰੇ ਤੋਂ ਬਾਹਰ ਨਿਕਲੇ ਤੇ ਬਰਾਂਡੇ ਵਿੱਚ ਇਕ ਮੰਜੇ ’ਤੇ ਬੈਠ ਗਏ । ਮੈਨੂੰ ਵੀ ਪਾਸ ਬਿਠਾ ਲਿਆ । ਪੁੱਤਰ ਵੀ ਕਮਰੇ ਤੋਂ ਬਾਹਰ ਸਾਡੇ ਪਾਸ ਆ ਗਿਆ । ਅਜੇ ਮੈਂ ਗੱਲ ਆਰੰਭ ਕਰਨ ਵਾਲਾ ਹੀ ਸਾਂ ਕਿ ਇਕ ਮੁਸਲਮਾਨ ਬੁੱਢਾ ਆ ਗਿਆ । ਕਰਨਲ ਸਾਹਿਬ ਨੇ ਕਿਹਾ ਕਿ ਪੂਰਨ ਸਿੰਘ ਤੇਰੀ ਗੱਲਬਾਤ ਤਾਂ ਲੰਬੀ ਹੋਣੀ ਹੈ, ਮੈਂ ਪਹਿਲਾਂ ਬੁੱਢੇ ਨੂੰ ਪੁੱਛਾਂ ਕਿ ਉਹ ਕਿਉਂ ਆਇਆ ਹੈ । ਬੁੱਢੇ ਦੇ ਬੈਠਣ ਵਾਸਤੇ ਕੋਈ ਕੁਰਸੀ ਨਹੀਂ ਸੀ, ਨਾ ਮੰਜਾ ਸੀ । ਕਰਨਲ ਸਾਹਿਬ ਨੇ ਆਪਣੇ ਪੁੱਤਰ ਨੂੰ ਕਿਹਾ ਕਿ ਕਾਕਾ ਕੁਰਸੀ ਲੈ ਆ । ਮੁੰਡਾ ਦੌੜ ਕੇ ਕੁਰਸੀ ਲੈ ਆਇਆ । ਬੁੱਢੇ ਨੇ ਕਰਨਲ ਸਾਹਿਬ ਦੇ ਪੁੱਤਰ ਨੂੰ ਕੁਰਸੀ ਲਿਆਉਂਦੇ ਨੂੰ ਦੇਖ ਕੇ ਕਿਹਾ ਕਿ ਕਰਨਲ ਸਾਹਿਬ ਤੁਸੀਂ ਮੇਰੇ ਲਈ ਕੁਰਸੀ ਆਪਣੇ ਪੁੱਤਰ ਤੋਂ ਮੰਗਵਾਈ ਹੈ ! ਬੁੱਢਾ ਆਪਣੇ ਡਾਕਟਰ ਸਰਕਾਰੀ ਨੌਕਰ ਪੁੱਤਰ ਬਾਰੇ ਕੋਈ ਗੱਲ ਕਰਨ ਆਇਆ ਸੀ ਜਿਹੜੀ ਗੱਲ ਕਿਸੇ ਡਾਕਟਰ ਦੀ ਸ਼ਿਕਾਇਤ ਸੀ । ਕਰਨਲ ਸਾਹਿਬ ਨਾਲ ਗੱਲ ਸਮਾਪਤ ਕਰਕੇ ਜਦ ਬੁੱਢਾ ਉੱਠਣ ਲੱਗਿਆ ਤਾਂ ਮੈਂ ਉਸ ਨੂੰ ਕਿਹਾ, “ਬਾਬਾ ਠਹਿਰ



ਜਾ, ਮੈਂ ਤੇਰੇ ਨਾਲ ਗੱਲ ਕਰਨੀ ਹੈ ।” ਮੈਂ ਕਿਹਾ ਕਿ ਜਦ ਮੁੰਡਾ ਕੁਰਸੀ ਲੈ ਕੇ ਆਇਆ ਸੀ ਤਾਂ ਤੁਸੀਂ ਕਿਹਾ ਸੀ ਕਿ ਕਰਨਲ ਸਾਹਿਬ ਜੀ ਮੇਰੇ ਲਈ ਕੁਰਸੀ ਤੁਹਾਡਾ ਪੁੱਤਰ ਲੈ ਕੇ ਆਇਆ ਹੈ । ਬੁੱਢੇ ਦਾ ਕਹਿਣ ਦਾ ਭਾਵ ਇਹ ਸੀ ਕਿ ਕੁਰਸੀ ਲੈਣ ਮੁੰਡੇ ਨੂੰ ਨਹੀਂ ਭੇਜਿਆ ਜਾਣਾ ਚਾਹੀਦਾ ਸੀ । ਉਹ ਧਰਤੀ ’ਤੇ ਬੈਠ ਜਾਂਦਾ ਜਾਂ ਕੁਰਸੀ ਆਪ ਚੁੱਕ ਲਿਆਉਂਦਾ । ਮੈਂ ਬੁੱਢੇ ਨੂੰ ਕਿਹਾ ਬਾਬਾ ਕੁਰਸੀ ਲਿਆ ਕੇ ਮੁੰਡੇ ਨੇ ਤੇਰੇ ਪਾਸੋਂ ਦੋ ਅਸੀਸਾਂ ਲਈਆਂ ਹਨ । ਇਕ ਇਹ ਕਿ ਕਾਕਾ ਤੇਰੀ ਉਮਰ ਲੰਬੀ ਹੋਵੇ । ਇਕ ਇਹ ਕਿ ਤੂੰ ਦੁਨੀਆਂ ਵਿੱਚ ਉੱਨਤੀ ਕਰੇਂ ਤੇ ਵਧੇ ਫੁੱਲੇਂ । ਤੂੰ ਇਹ ਕਿਉਂ ਆਖਿਆ ਕਿ ਬੱਚਾ ਤੇਰੀ ਖ਼ਾਤਰ ਕੁਰਸੀ ਲੈਣ ਕਿਉਂ ਗਿਆ । ਤੂੰ ਉਸ ਨੂੰ ਇਹ ਦੋ ਅਸੀਸਾਂ ਪ੍ਰਾਪਤ ਕਰਨ ਤੋਂ ਵਾਂਝਿਆਂ ਰੱਖਣਾ ਚਾਹੁੰਦਾ ਸੀ । ਮੈਂ ਬਾਬੇ ਨੂੰ ਕਿਹਾ ਕਿ ਜੇ ਤੇਰੀ ਕਮਰ ਵਿੱਚ ਦਰਦ ਹੋ ਰਿਹਾ ਹੁੰਦਾ ਜਾਂ ਕਮਰ ਟੁੱਟੀ ਹੋਈ ਹੁੰਦੀ ਜਾਂ ਕਮਰ ਵਿੱਚ ਕੋਈ ਚੋਟ ਆਈ ਹੁੰਦੀ ਤਾਂ ਤੈਨੂੰ ਖੜ੍ਹਾ ਹੋਣਾ ਔਖਾ ਹੁੰਦਾ । ਇਹ ਮੁੰਡਾ ਤੈਨੂੰ ਦੁਖੀ ਹੋਏ ਨੂੰ ਖੜ੍ਹੇ ਨੂੰ ਦੇਖਦਾ ਰਹਿੰਦਾ ਤੇ ਕੁਰਸੀ ਲੈਣ ਨਾ ਜਾਂਦਾ ਤਾਂ ਤੂੰ ਇਸ ਨੂੰ ਵਹਿੜਕਾ ਕਹਿਣਾ ਸੀ ਕਿ ਇਹ ਵਹਿੜਕਾ ਕੁਰਸੀ ਲੈ ਕੇ ਕਿਉਂ ਨਾ ਆਇਆ, ਇਹ ਨਿਰਦਈ ਹੈ । ਬੁੱਢਾ ਤਾਂ ਇਹ ਗੱਲ ਸੁਣ ਕੇ ਚਲਾ ਗਿਆ। ਮੈਂ ਕਰਨਲ ਸਾਹਿਬ ਨੂੰ ਇਸ ਘਟਨਾ ’ਤੇ ਆਪਣੇ ਵਿਚਾਰ ਪ੍ਰਗਟ ਕਰਨ ਲੱਗ ਪਿਆ ਕਿ ਮੁੰਡੇ ਨੇ ਕੁਰਸੀ ਲਿਆ ਕੇ ਕੀ ਖੱਟਿਆ । ਇਹ ਪ੍ਰਚਾਰ ਮੈਂ ਸਵਾ ਦੋ ਵਜੇ ਆਰੰਭ ਕੀਤਾ ਹੈ ਤੇ ਸ਼ਾਮ ਦੇ ੬ ਵਜੇ ਤਕ ਇਸੇ ਵਿਸ਼ੇ ’ਤੇ ਬੋਲਦਾ ਰਿਹਾ । ਕਰਨਲ ਸਾਹਿਬ ਦੀ ਪਤਨੀ ਪਾਰਕ ਵਿੱਚ ਇਕੱਲੀ ਟਹਿਲਦੀ ਰਹੀ । ਜਦ ਮੈਂ ਕੋਠੀਉਂ ਤੁਰਨ ਲੱਗਾ ਤਾਂ ਹਨੇਰਾ ਹੋਣ ਵਿੱਚ ਥੋੜ੍ਹੀ ਦੇਰ ਰਹਿ ਗਈ ਸੀ । ਕਰਨਲ ਸਾਹਿਬ ਦਾ ਰਸੋਈਆ ਅੱਗੇ ਖੜ੍ਹਾ ਸੀ । ਉਸ ਨੇ ਮੈਨੂੰ ਦੱਸਿਆ ਕਿ ਮੈਂ ਓਦੋਂ ਤੋਂ ਕਰਨਲ ਸਾਹਿਬ ਦਾ ਰਸੋਈਆ ਹਾਂ ਜਦੋਂ ਤੋਂ ਇਹ ਇੰਗਲੈਂਡ ਵਿੱਚ ਡਾਕਟਰੀ ਦੀ ਪੜ੍ਹਾਈ ਕਰਨ ਗਏ । ਉਸ ਸਮੇਂ ਤੋਂ ਲੈ ਕੇ ਅੱਜ ਤਕ ਕਰਨਲ ਸਾਹਿਬ ਸੈਰ ਕਰਨ ਦੇ ਪੱਕੇ ਪਾਬੰਦ ਰਹੇ ਹਨ । ਅੱਜ ਤਕ ਕੋਈ ਬੰਦਾ ਇਨ੍ਹਾਂ ਪਾਸ ਐਸਾ ਨਹੀਂ ਆਇਆ ਜਿਹੜਾ ਇਨ੍ਹਾਂ ਦੀ ਸੈਰ ਤੋੜਨ ਦਾ ਕਾਰਨ ਬਣਿਆ ਹੋਵੇ । ਤੂੰ ਪਹਿਲਾ ਆਦਮੀ ਹੈਂ ਜਿਸ ਨੇ ਇਨ੍ਹਾਂ ਦੀ ਅੱਜ ਸੈਰ ਤੁੜਵਾਈ ਹੈ । ਆਪਣੇ ਵਿਦਿਆਰਥੀ ਜੀਵਨ ਤੋਂ ਲੈ ਕੇ ਅੱਜ ਤਕ ਇਨ੍ਹਾਂ ਨੇ ਕਿਸੇ ਆਦਮੀ

ਨਾਲ ਗੱਲ ਕਰਨ ਦੀ ਖ਼ਾਤਰ ਸੈਰ ਨਹੀਂ ਸੀ ਛੱਡੀ । ਕਰਨਲ ਸਾਹਿਬ ਨੇ ਕਿਹਾ ਪੂਰਨ ਸਿੰਘ ਤੂੰ ਬੱਚੇ ਦੀ ਪਾਲਣਾ ਲਈ ਬਹੁਤ ਕੀਮਤੀ ਵਿਚਾਰ ਦੱਸੇ ਹਨ । ਅਸੀਂ ਤਾਂ ਦਫ਼ਤਰ ਵਿੱਚ ਫ਼ਾਈਲਾਂ ਦੇਖਣ ਵਿੱਚ ਜ਼ਿੰਦਗੀ ਗੁਜ਼ਾਰਦੇ ਰਹਿੰਦੇ ਹਾਂ । ਸਾਨੂੰ ਬੱਚੇ ਦੀ ਪਾਲਣਾ ਬਾਰੇ ਇਹੋ ਜਿਹੇ ਕੀਮਤੀ ਵਿਚਾਰ ਕਿਸ ਨੇ ਦੱਸਣੇ ਸਨ । ਸਾਨੂੰ ਬੱਚੇ ਬਾਰੇ ਇਹ ਵਿਚਾਰ ਦੱਸ ਕੇ ਤੂੰ ਸਾਡੇ 'ਤੇ ਬੜੀ ਮਿਹਰਬਾਨੀ ਕੀਤੀ ਹੈ ।

ਉੱਪਰ ਲਿਖੀਆਂ ਮੇਰੀਆਂ ਦੋਵੇਂ ਮੁਲਾਕਾਤਾਂ ਕਰਨਲ ਸਾਹਿਬ ਨਾਲ ਸੰਨ ੧੯੩੮ ਵਿੱਚ ਹੋਈਆਂ ਹੋਣਗੀਆਂ । ਕਰਨਲ ਸਾਹਿਬ ਨੂੰ ਮਿਲਣ ਲਈ ਜਾਣ ਲੱਗਿਆਂ ਮੈਂ ਲੂਲ੍ਹੇ ਨੂੰ ਕਿਸੇ ਦੇ ਘਰ ਛੱਡਦਾ ਰਿਹਾ ਸਾਂ । ਜਦ ਮੈਂ ਸ਼ਾਮ ਨੂੰ ਆ ਕੇ ਲੂਲ੍ਹੇ ਨੂੰ ਮਿਲਿਆ ਤਾਂ ਲੂਲ੍ਹਾ ਵੈਰਾਗ ਵਿੱਚ ਰੋ ਪਿਆ । ਉਸ ਦਾ ਉਹ ਰੋਣਾ ਮੈਨੂੰ ਭੁੱਲਦਾ ਨਹੀਂ । ਲੂਲ੍ਹਾ ਉਦੋਂ ਪੰਜ ਛੇ ਸਾਲ ਦਾ ਬੱਚਾ ਸੀ । ਲੂਲ੍ਹੇ ਦੇ ਉਸ ਰੋਣੇ ਨੇ ਮੈਨੂੰ ਬੱਚੇ ਦੇ ਉਸ ਪਿਆਰ ਦੀ ਝਲਕ ਦਿਖਾ ਦਿੱਤੀ ਜਿਸ ਪਿਆਰ ਨਾਲ ਮਾਵਾਂ ਬੱਚਿਆਂ ਨੂੰ ਪਾਲਦੀਆਂ ਹੁੰਦੀਆਂ ਹਨ । ਲੂਲ੍ਹਾ ਮੈਨੂੰ ਸੰਨ ੧੯੩੪ ਦੇ ਨਵੰਬਰ ਦੇ ਮਹੀਨੇ ਤੋਂ ਲੈ ਕੇ ੧੯੯੨ ਦੇ ਜੂਨ ਮਹੀਨੇ ਦੀ ੨ ਤਾਰੀਖ਼ ਦੇ ਇਸ ਲਿਖਤ ਦੇ ਦਿਨ ਤਕ ਜਿਹੜੀ ਬਾਲ ਲੀਲ੍ਹਾ ਦਿਖਾਉਂਦਾ ਰਿਹਾ ਹੈ ਉਸ ਲੀਲ੍ਹਾ ਤੋਂ ਪ੍ਰਾਪਤ ਹੋਣ ਵਾਲੀਆਂ ਖ਼ੁਸ਼ੀਆਂ ਨੂੰ ਬਿਆਨ ਕਰਨ ਲਈ ਮੇਰੇ ਪਾਸ ਸ਼ਬਦ ਨਹੀਂ ਹਨ । ਉਸ ਤੋਂ ਵਧ ਕੇ ਮੈਨੂੰ ਹੋਰ ਕੋਈ ਖ਼ੁਸ਼ੀ ਨਹੀਂ । ਮੈਨੂੰ ਹੋਰ ਕੋਈ ਖ਼ੁਸ਼ੀ ਨਾ ਸੁੱਝੀ ਹੈ ਨਾ ਸੁੱਝ ਸਕਦੀ ਹੈ ।

—ਭਗਤ ਪੂਰਨ ਸਿੰਘ



# ਜੀਵਨ ਜਾਂ ਪਰਲੋ...

**ਦੁਨੀਆਂ ਦੇ ਲੋਕੋ, ਮੇਰੀ ਦੁਹਾਈ ਸੁਣੋ !**

**ਹੁਣ ਵਕਤ ਆ ਗਿਆ ਹੈ ਕਿ ਅਸੀਂ ਪੂਰੀ ਗੰਭੀਰਤਾ ਨਾਲ ਸੋਚੀਏ ਕਿ ਅਸੀਂ ਦਿਨ-ਬ-ਦਿਨ ਕੁਦਰਤ ਨਾਲ ਖਿਲਵਾੜ ਕਰ ਰਹੇ ਹਾਂ । ਜੇ ਅਸੀਂ ਸ਼ਾਂਤੀ ਤੇ ਪਿਆਰ ਨਾਲ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਆ ਰਹੀਆਂ ਤੇ ਆ ਚੁੱਕੀਆਂ ਔਕੜਾਂ ਨਾਲ ਜੂਝਣਾ ਪਵੇਗਾ । ਜੋ ਲੋਕ ਇਸ ਵੱਲ ਧਿਆਨ ਨਹੀਂ ਦੇ ਰਹੇ ਉਨ੍ਹਾਂ ਨੂੰ ਇਸ ਅਣਗਹਿਲੀ ਦੀ ਸਜ਼ਾ ਭੁਗਤਣੀ ਪਵੇਗੀ । ਇਸ ਚਿੰਤਾਜਨਕ ਤੇ ਵਿਗੜਦੇ ਵਾਤਾਵਰਣ ਦਾ ਨਤੀਜਾ ਇਹ ਹੋਵੇਗਾ ਕਿ ਲੋਕ ਭੁੱਖੇ ਮਰਨਗੇ । ਡੇਢ ਕਰੋੜ ਲੋਕੀਂ ਹਰ ਸਾਲ ਭੁੱਖ ਨਾਲ ਮਰਨਗੇ । ਅਗਲੇ 100 ਸਾਲਾਂ ਵਿੱਚ ਦੁਨੀਆਂ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਸੋਕਾ ਪਵੇਗਾ । ਮੌਸਮ ਵਿੱਚ ਭਾਰੀ ਬਦਲਾਓ ਆਉਣਗੇ। ਸਾਡੀ ਧਰਤੀ ਇਕ ਵਾਰ ਫਿਰ ਬਰਫ਼ਾਨੀ ਯੁੱਗ ਵਿੱਚ ਪਹੁੰਚ ਜਾਵੇਗੀ । ਉਪਜਾਊ-ਧਰਤੀ ਬੰਜਰ ਹੋ ਜਾਵੇਗੀ । ਇਨ੍ਹਾਂ ਸਾਰੀਆਂ ਔਕੜਾਂ ਬਾਰੇ ਜਾਣਕਾਰੀ ਲਈ ਪਿੰਗਲਵਾੜੇ ਦਾ ਸਾਹਿਤ ਪੜ੍ਹੋ। ਜੀਵਨ ਸੁਰੱਖਿਅਤ ਰੱਖਣ ਦਾ ਇਹੋ ਹੀ ਇਕੋ ਇਕ ਤਰੀਕਾ ਹੈ ।**

**-ਭਗਤ ਪੂਰਨ ਸਿੰਘ**

-o-

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਅਤੇ ਪ੍ਰਾਪਤੀਆਂ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸਾਂ ਵਿੱਚ ਭੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ:** 1792 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ :-** *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ, *ਐਂਬੂਲੈਂਸ ਅਤੇ ਟਰੌਮਾ ਵੈਨ, *ਮਸਨੂਈ ਅੰਗ ਕੇਂਦਰ, *ਫਿਜ਼ਿਓਥੇਰੈਪੀ ਸੈਂਟਰ, *ਡੈਂਟਲ ਕਲੀਨਿਕ * ਅਲਟਰਾ ਸਾਊਂਡ ਸੈਂਟਰ * ਅੱਖਾਂ ਦਾ ਕਲੀਨਿਕ, * ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,* ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, * ਮੁੜ-ਵਸੇਬਾ ਕੇਂਦਰ, * ਆਪਣਾ ਘਰ, * ਖੇਡਾਂ ਦੇ ਕਮਰੇ, * ਯੋਗ ਲੜਕੇ-ਲੜਕੀਆਂ ਦੇ ਵਿਆਹ ।

**ਜਾਗਰੂਕਤਾ:-** *ਪ੍ਰਿੰਟਿੰਗ ਪ੍ਰੈਸ, *ਲਾਇਬ੍ਰੇਰੀ, *ਕਿਤਾਬਚੇ ਅਤੇ ਇਸ਼ਤਿਹਾਰ, *ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਣ:-** *ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਮੀਂਹ ਦੇ ਪਾਣੀ ਦੀ ਸੰਭਾਲ, *ਦਰੱਖ਼ਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



## ਮੁਫ਼ਤ ਵਿੱਦਿਅਕ ਸਹੂਲਤਾਂ

*ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ,ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਕਿੱਤਾ ਸਿੱਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰ ਕਲਾਂ, ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਚੰਡੀਗੜ੍ਹ।

## ਨਿਵਾਸ ਅਤੇ ਸੰਭਾਲ :

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ-ਅਲੱਗ ਬ੍ਰਾਂਚਾਂ ਵਿਖੇ 1792 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -320 | ਏਡਜ਼ ਵਾਲੇ | -21 |
| ਅਧਰੰਗ/ ਪੋਲੀਏ ਵਾਲੇ | -164 | ਮਿਰਗੀ ਵਾਲੇ | -199 |
| ਮੰਦ-ਬੁੱਧੀ ਵਾਲੇ | -475 | ਕੈਂਸਰ ਵਾਲੇ | -03 |
| ਗੂੰਗੇ ਬੋਲੇ | -193 | ਸ਼ੂਗਰ ਵਾਲੇ | -100 |
| ਬਜ਼ੁਰਗ | -123 | ਸਕੂਲ ਜਾਣ ਵਾਲੇ ਬੱਚੇ | -81 |
| ਜ਼ਖ਼ਮਾਂ ਵਾਲੇ | -19 | ਛੱਡੇ ਗਏ ਬੱਚੇ | -04 |
| ਟੀ.ਬੀ. ਵਾਲੇ | -22 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -37 | | |

**31 ਅਕਤੂਬਰ 2019 ਤਕ ਕੁੱਲ ਰੋਗੀਆਂ ਦੀ ਗਿਣਤੀ *1792**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

| **ਬ੍ਰਾਂਚਾਂ ਦਾ ਵੇਰਵਾ :** | **ਰੋਗੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 349 |
| 2. ਮਾਨਾਂਵਾਲਾ ਕੰਪਲੈਕਸ | 851 |
| 3. ਪੰਡੋਰੀ ਵੜੈਚ ਬ੍ਰਾਂਚ | 100 |
| 4. ਗੋਇੰਦਵਾਲ ਬ੍ਰਾਂਚ | 86 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 247 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 120 |
| **ਕੁੱਲ ਮਰੀਜ਼** | **1792** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

(ੲ) **ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੁਵਿਧਾ ਪ੍ਰਾਪਤ ਹੈ ।

**(ਸ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ । ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ। ਸੰਨ 2019 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 204 ਯੂਨਿਟ ਖ਼ੂਨ ਇਕੱਠਾ ਹੋਇਆ ।

**(ਹ) ਬਨਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 13668 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ



ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ। ਲੋੜ ਪੈਣ 'ਤੇ ਸਪੈਸ਼ਲ ਓਪਰੇਸ਼ਨ ਥਿਏਟਰ ਵਿੱਚ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਹਰ ਤਰ੍ਹਾਂ ਦੇ ਓਪਰੇਸ਼ਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਆਧੁਨਿਕ ਓਪਰੇਸ਼ਨ ਥਿਏਟਰ ਦੀ ਸੁਵਿਧਾ ਪ੍ਰਾਪਤ ਹੈ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਮੇਨ ਬ੍ਰਾਂਚ, ਮਾਨਾਂਵਾਲਾ ਬ੍ਰਾਂਚ, ਪਲਸੋਰਾ ਬ੍ਰਾਂਚ ਅਤੇ ਸੰਗਰੂਰ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਇਹ ਕੇਂਦਰ ਸੰਗਰੂਰ ਅਤੇ ਪਲਸੋਰਾ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ

ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :** ਇੱਥੇ ਗ਼ਰੀਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ ੬੫ ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ :-** ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 210 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਪਿੰਗਲਵਾੜਾ ਦੇ 210 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) RCI ਦੇ ਅਧੀਨ :-**

ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼: ਇਸ ਇੰਸਟਚਿਊਟ ਵਿੱਚ ਗੂੰਗੇ ਅਤੇ ਮੰਦ-ਬੁੱਧੀ ਬੱਚਿਆਂ ਲਈ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਸਤੇ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 69 ਬੱਚੇ ਮੁਫ਼ਤ ਵਿੱਦਿਆ ਲੈ ਰਹੇ ਹਨ ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ:-** ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :-** ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 436 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।



**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ :-** ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ, ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) :-** ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ:-** ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।**

**(ਝ) ਹੋਸਟਲ ਦਾ ਪ੍ਰਬੰਧ :-** ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 198 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ :-** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

**(ੳ) ਨਰਸਰੀ :-** ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ :-** ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ

ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

**(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)**

**(ਕ) ਸੋਲਰ ਪਾਵਰ ਊਰਜਾ**

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਜਿਸ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ ਲਗਪਗ 1 ਕਰੋੜ 50 ਲੱਖ ਰੁਪਏ ਹੈ।

## ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:- ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ ਸ਼ੁਭ ਕਰਮਨ ।

(v) Pingalwara Educational Endeavours

(vi) ਕਿਰਤੀ ਅਤੇ ਸੱਭਿਆਚਾਰਕ ਮੇਲਾ ਫਿਲਮ ।

(vii) ਕੁਦਰਤੀ ਖੇਤੀ (Natural Farming)

(viii) ਪਾਣੀ ਦੀ ਸਮੱਸਿਆ

(ix) ਦਰਖ਼ਤ

**(x) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**: ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(xi) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xii) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ

2004 ਨੂੰ ਸਮਰਪਿਤ ਹੈ।

**(xiii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ, ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

**1.** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. ਅ 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰ. AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਨੰ. 115210002 ਹੈ।

4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਹੈ ਜੋ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

5. ਵਿਦੇਸ਼ਾਂ ਵਿੱਚ ਵੀ ਪਿੰਗਲਵਾੜਾ ਸੰਸਥਾ ਦੇ ਦਫ਼ਤਰ:- ਇਸ ਤੋਂ ਇਲਾਵਾ ਕੈਨੇਡਾ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਅੰਟਾਰੀਓ" ਅਤੇ ਇੰਗਲੈਂਡ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਯੂ.ਕੇ" ਪਿੰਗਲਵਾੜਾ ਦੇ ਦਫ਼ਤਰ ਸਥਾਪਿਤ ਹਨ।

ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥

ਡਾ: ਇੰਦਰਜੀਤ ਕੌਰ

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

**(IN UK)**
**S. GURBAKHSH SINGH**
**63 Peacock street, Gravesend, Kent,**
**(U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Socceity of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ